# ਵਤਨ

(16)
ਵਤਨ
ਅਪਰੈਲ/ਮਈ/ਜੂਨ, 1993
Apr./May./June.,1993

ਕਿੱਲੇ ਨਾਲ ਨਾ ਬੰਨੀਏ
ਘਣੇ ਬਿਰਛ ਦੀ ਛਾਂ
ਕਿੱਲੇ ਨਾਲ ਨਾ ਬੰਨੀਏ
ਆਪਣਾ ਦੇਸ ਗਿਰਾਂ
ਵਗਦੀ ਨਦੀ ਦੇ ਨਾਲ ਹੀ
ਵਗਦਾ ਉਸਦਾ ਦੇਸ
ਹਰ ਦਿਨ ਸੂਰਜ ਸੱਜਰਾ
ਹਰ ਦਿਨ ਧਰਤ ਨਵੇਸ

– ਨਵਤੇਜ ਭਾਰਤੀ

ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਦਾ ਤ੍ਰੈਮਾਸਕ
ਕੀਮਤ ਤਿੰਨ ਡਾਲਰ Price $3.00

# ਸੰਪਾਦਕੀ

ਵਤਨ ਕੱਢਣ ਦੇ ਤਜ਼ਰਬੇ ਅਤੇ ਇਸ ਦੌਰਾਨ ਆਉਂਦੀਆਂ ਨਿੱਕੀਆਂ ਵੱਡੀਆਂ ਮੁਸ਼ਕਿਲਾਂ ਬਾਰੇ ਅਸੀ ਸਮੇਂ ਸਮੇਂ ਆਪਣੇ ਪਾਠਕਾਂ, ਲੇਖਕਾਂ ਅਤੇ ਦੋਸਤਾਂ ਨਾਲ ਲਿਖਤੀ ਰੂਪ ਵਿਚ ਜਾਂ ਮੂੰਹ ਜ਼ੁਬਾਨੀ ਗੱਲਾਂ ਕਰਦੇ ਰਹਿੰਦੇ ਹਾਂ। ਇਹਨਾਂ ਮੁਸ਼ਕਿਲਾਂ ਦੇ ਨਾਲ ਨਾਲ ਹੀ ਉਹਨਾਂ ਦੇ ਹੱਲਾਂ ਬਾਰੇ ਵੀ ਪਾਠਕਾਂ, ਲੇਖਕਾਂ ਅਤੇ ਦੋਸਤਾਂ ਵਲੋਂ ਸੁਝਾਅ ਅਤੇ ਸਹਿਯੋਗ ਵੀ ਮਿਲਦਾ ਰਹਿੰਦਾ ਹੈ ਅਤੇ ਹੱਲ ਨਿਕਲਦੇ ਰਹਿੰਦੇ ਹਨ। ਸੰਪਾਦਕੀ ਦੇ ਜਿਹਨਾਂ ਪੱਖਾਂ ਅਤੇ ਤਜ਼ਰਬਿਆਂ ਬਾਰੇ ਅਸੀਂ ਅੱਜ ਗੱਲ ਕਰਨੀ ਹੈ, ਉਹਨਾਂ ਬਾਰੇ ਪਹਿਲਾਂ ਕਦੇ ਗੱਲ ਨਹੀਂ ਕੀਤੀ। ਆਸ ਹੈ ਤੁਸੀਂ ਇਸ ਗੱਲਬਾਤ ਨੂੰ ਸਹੀ ਸੰਦਰਭ ਵਿਚ ਹੀ ਰੱਖ ਕੇ ਵਿਚਾਰੋਗੇ।

ਵਤਨ ਦੀਆਂ ਬਹੁਤੀਆਂ ਘਾਟਾਂ ਵਿਚੋਂ ਜਿਸ ਇਕ ਘਾਟ ਬਾਰੇ ਆਉਣ ਵਾਲੇ ਖੱਤਾਂ ਵਿਚ ਅਕਸਰ ਜ਼ਿਕਰ ਹੁੰਦਾ ਹੈ, ਉਹ ਹੈ ਵਤਨ ਵਿਚ ਸ਼ਬਦ-ਜੋੜਾਂ ਦੀਆਂ ਗਲਤੀਆਂ ਦਾ ਰਹਿ ਜਾਣਾ। ਇਸ ਸਬੰਧ ਵਿਚ ਅਸੀਂ ਤੁਹਾਡੇ ਨਾਲ ਦੋ ਗੱਲਾਂ ਕਰਨੀਆਂ ਚਾਹਾਂਗੇ। ਇਹ ਗੱਲਾਂ ਅਸੀਂ ਆਪਣਾ ਪੱਖ ਪੂਰਨ ਜਾਂ ਆਪਣੀ ਜ਼ਿੰਮੇਵਾਰੀ ਤੋਂ ਬਚਣ ਲਈ ਨਹੀਂ ਸਗੋਂ ਇਸ ਮੁਸ਼ਕਿਲ ਦਾ ਇਕ ਹੋਰ ਪਹਿਲੂ ਤੁਹਾਡੇ ਨਾਲ ਸਾਂਝਾ ਕਰਨ ਲਈ ਕਰਨ ਲੱਗੇ ਹਾਂ ਤਾਂਕਿ ਇਸ ਪੱਖੋਂ ਪਰਚੇ ਵਿਚ ਸੁਧਾਰ ਲਿਆਂਦਾ ਜਾ ਸਕੇ।

ਸਾਡੀ ਵਲੋਂ ਕਾਫੀ ਕੋਸ਼ਿਸ਼ ਦੇ ਬਾਵਜੂਦ ਵੀ ਸ਼ਬਦ-ਜੋੜਾਂ ਦੀਆਂ ਕਾਫੀ ਗਲਤੀਆਂ ਰਹਿ ਜਾਂਦੀਆਂ ਹਨ। ਹੁਣ ਤੱਕ ਦੇ ਤਜ਼ਰਬੇ ਦੇ ਆਧਾਰ ਤੇ ਸਾਨੂੰ ਜਾਪਦਾ ਹੈ ਕਿ ਅਸੀਂ ਇਕੱਲੇ ਇਹਨਾਂ ਗਲਤੀਆਂ ਨੂੰ ਪੂਰੀ ਤਰ੍ਹਾਂ ਦੂਰ ਨਹੀਂ ਕਰ ਸਕਦੇ। ਸਾਨੂੰ ਇਸ ਵਿਚ ਲੇਖਕ ਦੋਸਤਾਂ ਦੇ ਧਿਆਨ ਅਤੇ ਸਹਿਯੋਗ ਦੀ ਲੋੜ ਹੈ। ਇਸ ਸੰਬੰਧ ਵਿਚ ਤੁਸੀਂ ਸਾਡੀ ਮਦਦ ਪਰਚੇ ਨੂੰ ਭੇਜਣ ਤੋਂ ਪਹਿਲਾਂ ਆਪਣੀ ਲਿਖਤ ਦਾ ਖਰੜਾ ਤਿਆਰ ਕਰਨ ਵੱਲ ਹੋਰ ਧਿਆਨ ਦੇ ਕੇ ਕਰ ਸਕਦੇ ਹੋ।

ਜੇ ਆਪਾਂ ਅੰਗਰੇਜ਼ੀ ਜਾਂ ਅਜਿਹੀਆਂ ਹੋਰ ਜ਼ੁਬਾਨਾਂ ਦੀ ਉਦਾਹਰਣ ਲਈਏ ਤਾਂ ਪਤਾ ਲੱਗਦਾ ਹੈ ਕਿ ਇਹਨਾਂ ਜ਼ੁਬਾਨਾਂ ਦੇ ਰਸਾਲਿਆਂ ਵਾਸਤੇ ਰਚਨਾ ਭੇਜਣ ਲਈ ਲੇਖਕ ਨੂੰ ਉਸ ਰਸਾਲੇ ਦੀ ਆਪਣੀ ਸਟਾਈਲ ਸ਼ੀਟ ਦੇ ਹਿਸਾਬ ਨਾਲ ਲਿਖਤ ਦਾ ਖਰੜਾ ਤਿਆਰ ਕਰਕੇ ਭੇਜਣਾ ਪੈਂਦਾ ਹੈ। ਹਰੇਕ ਰਸਾਲੇ ਦੀਆਂ ਆਪਣੀਆਂ ਆਪਣੀਆਂ ਸ਼ਰਤਾਂ ਹੁੰਦੀਆਂ ਹਨ। ਪਰ ਉਹਨਾਂ ਸਾਰਿਆਂ ਦੀ ਇਕ ਮੁੱਢਲੀ ਸ਼ਰਤ ਇਹ ਹੁੰਦੀ ਹੈ ਕਿ ਲਿਖਤ ਟਾਈਪ ਕੀਤੀ ਹੋਈ, ਇਕ ਲਾਈਨ ਛੱਡ ਕੇ ਲਿਖੀ ਹੋਈ (ਡਬਲ ਸਪੇਸਡ), ਅਤੇ ਦੋਵੇਂ ਪਾਸੀਂ ਘੱਟੋ ਘੱਟ ਇਕ ਇਕ ਇੰਚ ਦਾ ਹਾਸ਼ੀਆ ਛੱਡ ਕੇ ਲਿਖੀ ਹੋਈ ਹੋਵੇ। ਕੀ ਅਸੀਂ ਪੰਜਾਬੀ ਲੇਖਕਾਂ ਤੋਂ ਅਜਿਹੀ ਮੁੱਢਲੀ ਸ਼ਰਤ ਦੀ ਮੰਗ ਕਰ ਸਕਦੇ ਹਾਂ? ਚਲੋ ਟਾਈਪ ਦੀ ਗੱਲ ਛੱਡੋ। ਕੀ ਸਾਡੇ ਲੇਖਕ ਸਾਨੂੰ ਸਾਫ ਲਿਖਾਈ ਵਿਚ, ਇਕ ਲਾਈਨ ਅਤੇ ਦੋਵੇਂ ਪਾਸੇ ਹਾਸ਼ੀਆਂ ਛੱਡ ਕੇ ਲਿਖੀ ਆਪਣੀ ਲਿਖਤ ਭੇਜ ਸਕਦੇ ਹਨ। ਉਂਝ ਤਾਂ ਸਾਡੇ ਬਾਹਰ ਰਹਿੰਦੇ ਲੇਖਕਾਂ ਨੂੰ ਲਿਖਤ ਦੇ ਟਾਇਪ ਕੀਤੀ ਹੋਈ ਹੋਣ ਬਾਰੇ ਵੀ ਸੋਚਣਾ ਚਾਹੀਦਾ ਹੈ ਕਿਉਂਕਿ ਹੁਣ ਕੰਪਿਊਟਰ ਤੇ *ਸਾਫਟਵੇਅਰ ਪ੍ਰੋਗਰਾਮ* ਮਿਲਦੇ ਹਨ ਜੋ ਬਹੁਤੇ ਲੇਖਕਾਂ ਦੀ ਵਿਤੀ ਪਹੁੰਚ ਵਿਚ ਵੀ ਹਨ। ਸਾਡੀ ਜਾਚੇ ਅਜਿਹਾ ਕਰਕੇ ਉਹ ਇਕ ਤਾਂ ਆਪਣੇ ਲਈ ਲਿਖਣ ਦੀ ਸੌਖ ਪੈਦਾ ਕਰ ਰਹੇ ਹੋਣਗੇ ਅਤੇ ਉਸਦੇ ਨਾਲ ਹੀ ਪੰਜਾਬੀ ਬੋਲੀ ਨੂੰ ਇਜ਼ੱਤ ਵੀ ਬਖਸ਼ ਰਹੇ ਹੋਣਗੇ ਅਤੇ ਪੰਜਾਬੀ ਬੋਲੀ ਦੇ ਕੰਪਿਊਟਰ ਪ੍ਰੋਗਰਾਮਾਂ ਦੀ ਤਰੱਕੀ ਹੋਣ ਦੀ ਸੰਭਾਵਨਾ ਵੀ ਪੈਦਾ ਕਰ ਰਹੇ ਹੋਣਗੇ।

ਸਾਡੇ ਖਿਆਲ ਵਿਚ ਜੇ ਲੇਖਕ ਸਾਨੂੰ ਸਾਫ ਲਿਖਾਈ ਵਿਚ ਆਪਣੀਆਂ ਲਿਖਤਾਂ ਭੇਜਣ ਤਾਂ ਸਾਥੋਂ ਟਾਈਪ ਕਰਨ ਸਮੇਂ ਹੋਣ ਵਾਲੀਆਂ ਗਲਤੀਆਂ ਦੀ ਸੰਭਾਵਨਾ ਘਟੇਗੀ। ਸੱਚ ਜਾਣਿਉ ਸਾਨੂੰ ਕਈ ਵਾਰ ਅਜਿਹੀ ਹੱਥ ਲਿਖਤ ਵਿਚ ਰਚਨਾਵਾਂ ਆਉਂਦੀਆਂ ਹਨ ਕਿ ਸਾਡਾ ਕਈ ਕਈ ਮਹੀਨੇ ਉਹਨਾਂ ਰਚਨਾਵਾਂ ਨੂੰ ਪੜ੍ਹਨ ਦਾ ਹੀਆਂ ਨਹੀਂ ਪੈਂਦਾ। ਕਈ ਵਾਰੀ ਲੇਖਕ ਵਲੋਂ ਕੱਟ ਵੱਡ ਕੀਤੀ ਵਾਲਾ ਪਹਿਲਾ ਖਰੜਾ ਸਾਰੀ ਕੱਟ ਵੱਡ ਦੇ ਸਮੇਤ ਸਾਡੇ ਕੋਲ ਪਹੁੰਚ ਜਾਂਦਾ ਹੈ, ਜਿਸ ਵਿਚ ਸਹੀ ਕੀ ਹੈ ਜਾਨਣਾ ਜੇ ਬਿਲਕੁਲ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ ਤੇ ਉਸ ਉੱਪਰ ਲੱਗੇ ਸਮੇਂ ਦੀ ਬਰਬਾਦੀ ਵਾਧੂ। ਉਂਝ ਵੀ ਅਜਿਹੀ ਕਾਪੀ ਅੱਜ ਤੋਂ 50-100 ਸਾਲ ਬਾਅਦ ਲੇਖਕ ਦੀ ਲਿਖਣ ਪ੍ਰਕਿਆ ਬਾਰੇ ਦੱਸਣ ਲਈ ਨੁਮਾਇਸ਼ ਲਾਉਣ ਦੇ ਕੰਮ ਤਾਂ ਆ ਸਕਦੀ ਹੈ ਪਰ ਉਸ ਲਿਖਤ ਦਾ ਪਰਚੇ ਲਈ ਉਤਾਰਾ ਕਰਨ ਦੇ ਕੰਮ ਨਹੀਂ। ਕਈ ਹਾਲਤਾਂ ਵਿਚ ਜਿਸ ਰੂਪ ਵਿਚ ਲਿਖਤ ਪਰਚੇ ਵਿਚ ਛੱਪਕੇ ਪਾਠਕਾਂ ਤੱਕ ਪਹੁੰਚਦੀ ਹੈ, ਜੇ ਉਸਦਾ ਮੁਕਾਬਲਾ ਲੇਖਕ ਵਲੋਂ ਆਈ ਲਿਖਤ ਨਾਲ ਕਰੀਏ ਤਾਂ ਕਈ ਉਸ ਵਿਚ ਕਈ ਗੁਣਾਂ ਘੱਟ ਗਲਤੀਆਂ ਹੁੰਦੀਆਂ ਹਨ ਪਰ ਫਿਰ ਵੀ ਕੁੱਝ ਗਲਤੀਆਂ ਰਹਿ ਜਾਂਦੀਆਂ ਹਨ!

ਚਾਹੀਦਾ ਇਹ ਹੈ ਕਿ ਜਦੋਂ ਲੇਖਕ ਸਾਨੂੰ ਆਪਣੀ ਲਿਖਤ ਭੇਜਣ ਤਾਂ ਆਪਣੇ ਵਲੋਂ ਉਸ ਵਿਚ ਬਿਲਕੁਲ ਸਹੀ ਸ਼ਬਦ-ਜੋੜ ਲਿਖ ਕੇ ਭੇਜਣ। ਉਹ ਲਿਖਤ ਇਸ ਤਰ੍ਹਾਂ ਤਿਆਰ ਕਰਕੇ ਭੇਜਣੀ ਚਾਹੀਦੀ ਹੈ ਕਿ ਉਹ ਜਿਉਂ ਦੀ ਤਿਉਂ ਛਪਣਯੋਗ ਹੋਵੇ। ਆਪਾਂ ਨੂੰ ਪਤਾ ਹੈ ਕਿ ਪੰਜਾਬੀ ਬੋਲੀ ਦੇ ਸ਼ਬਦ-ਜੋੜਾਂ ਦਾ ਅਜੇ ਪੂਰੀ ਤਰ੍ਹਾਂ ਮਿਆਰੀਕਰਣ (ਸਟੈਂਡਰਡਾਈਜ਼ੇਸ਼ਨ) ਨਹੀਂ ਹੋਇਆ। ਵੱਖ ਵੱਖ ਲੋਕ ਇਕ ਹੀ ਸ਼ਬਦ ਦੇ ਸ਼ਬਦ-ਜੋੜ ਵੱਖੋ ਵੱਖਰੇ ਵਰਤਦੇ ਹਨ। ਸ਼ਬਦ-ਜੋੜਾਂ ਦੇ ਮਿਆਰੀਕਰਣ ਲਈ ਅਸੀਂ ਲੇਖਕ ਜੋ ਕੁੱਛ ਆਪਣੀ ਪੱਧਰ ਤੇ ਕਰ ਸਕਦੇ ਹਾਂ ਉਹ ਇਹੀ ਹੈ ਕਿ ਅਸੀਂ ਸ਼ਬਦਾਂ ਨੂੰ ਵਰਤਣ ਲੱਗੇ ਪ੍ਰਾਪਤ ਲੋੜ ਪੈਣ ਤੇ ਡਿਕਸ਼ਨਰੀ ਜਾਂ ਸ਼ਬਦ-ਜੋੜ ਕੋਸ਼ ਵਰਤੀਏ ਨਾ ਕਿ ਜਿਸ ਤਰ੍ਹਾਂ ਅਸੀਂ ਵਿਅਕਤੀਗੱਤ ਤੌਰ ਤੇ ਆਪ ਠੀਕ ਸਮਝਦੇ ਹੋਈਏ ਉਸ ਤਰ੍ਹਾਂ ਹੀ ਲਿਖੀਏ। ਜੇ ਫਿਰ ਅੰਗਰੇਜ਼ੀ ਦੀ ਉਦਾਹਰਣ ਲਈਏ ਤਾਂ ਆਪਾਂ ਦੇਖ ਸਕਦੇ ਹਾਂ ਕਿ ਜਦੋਂ ਵੀ ਅੰਗਰੇਜ਼ੀ ਦਾ ਸ਼ਬਦ ਵਰਤਣ ਵੇਲੇ ਕਿਸੇ ਨੂੰ ਕਿਸੇ ਸ਼ਬਦ ਦੇ ਸ਼ਬਦ-ਜੋੜ ਬਾਰੇ ਸ਼ੱਕ ਹੁੰਦਾ ਹੈ ਤਾਂ ਉਹ ਡਿਕਸ਼ਨਰੀ ਦੇਖਦਾ ਹੈ। ਕੀ ਸਾਡੇ ਲੇਖਕ ਅਜਿਹਾ ਕਰਦੇ ਹਨ? ਜੇ ਉਹ ਅਜਿਹਾ ਕਰਦੇ ਹੋਣ ਤਾਂ ਬੜੀ ਚੰਗੀ ਗੱਲ ਹੋਵੇ ਪਰ ਸਾਨੂੰ ਸ਼ੱਕ ਹੈ ਕਿ ਉਹ ਅਜਿਹਾ ਨਹੀਂ ਕਰਦੇ। ਅੰਗਰੇਜ਼ੀ ਦੇ ਲੇਖਕ ਕੋਲ ਹੀ ਨਹੀਂ ਆਮ ਵਿਅਕਤੀ ਕੋਲ ਵੀ ਲਿਖਣ ਦੇ ਸਾਧਨ ਦੇ ਤੌਰ ਤੇ ਇਕ ਚੰਗੀ ਅੰਗਰੇਜ਼ੀ ਦੀ ਡਿਕਸ਼ਨਰੀ ਜ਼ਰੂਰ ਹੁੰਦੀ ਹੈ। ਕੀ ਪੰਜਾਬੀ ਦੇ ਬਹੁਤੇ ਲੇਖਕਾਂ ਕੋਲ ਲਿਖਣ ਦੇ ਸਾਧਨ ਵੱਜੋਂ ਚੰਗੀ ਡਿਕਸ਼ਨਰੀ ਤੇ ਸ਼ਬਦ-ਜੋੜ ਕੋਸ਼ ਹੁੰਦੇ ਹਨ? ਸਾਨੂੰ ਇਸ ਬਾਰੇ ਸ਼ੱਕ ਹੈ। ਕੀ ਇਕ ਆਮ ਪੰਜਾਬੀ ਵਿਅਕਤੀ ਵਾਂਗ ਪੰਜਾਬੀ ਲੇਖਕ ਵੀ ਕਿਤੇ ਇਹ ਤਾਂ ਨਹੀਂ ਸਮਝਦਾ ਕਿ ਪੰਜਾਬੀ ਮੇਰੀ ਆਪਣੀ ਬੋਲੀ ਹੈ ਤੇ ਇਹ ਤਾਂ ਮੈਨੂੰ ਸਾਰੀ ਆਉਂਦੀ ਹੀ ਹੈ ਇਸ ਲਈ ਮੈਨੂੰ ਡਿਕਸ਼ਨਰੀ ਦੀ ਲੋੜ ਨਹੀਂ ਅਤੇ ਨਤੀਜੇ ਵਜੋਂ ਉਹ ਪੰਜਾਬੀ ਦੇ ਸ਼ਬਦ-ਜੋੜ ਆਪਣੇ ਹਿਸਾਬ ਨਾਲ ਲਿਖਦਾ ਹੈ। ਕੀ ਕਦੇ ਇਹ ਸੰਭਵ ਹੋ ਸਕਦਾ ਹੈ ਕਿ ਕਿਸੇ ਇਕ ਵਿਅਕਤੀ ਨੂੰ ਸਾਰੀ ਬੋਲੀ ਜਾਂ ਸਾਰਾ ਕੁੱਝ ਆਉਂਦਾ ਹੋਵੇ? ਸਾਡੀ ਸੂਝ ਮੁਤਾਬਕ ਇਹ ਗੱਲ ਸੰਭਵ ਨਹੀਂ ਜਾਪਦੀ। ਸਾਡੇ ਖਿਆਲ ਵਿਚ ਪੰਜਾਬੀ ਦੇ ਸ਼ਬਦ-ਜੋੜਾ ਦਾ ਮਿਆਰੀਕਰਣ ਹੋਣ ਵਿਚ ਆ ਰਹੀਆਂ ਮੁਸ਼ਕਿਲਾਂ ਵਿਚੋਂ ਇਕ ਖਾਸ ਇਹ ਵੀ ਹੈ ਕਿ ਸਾਡੇ ਲਿਖਣ ਵਾਲਿਆਂ (ਖੱਤ ਜਾਂ ਰੁੱਕਾ ਲਿਖਣ ਵਾਲਿਆਂ ਸਮੇਤ) ਵਲੋਂ ਸ਼ਬਦ-ਜੋੜ ਲਿਖਣ ਲੱਗਿਆਂ ਕਿਸੇ ਡਿਕਸ਼ਨਰੀ ਜਾਂ ਸ਼ਬਦ-ਜੋੜ ਕੋਸ਼ ਦੀ ਮਦਦ ਲੈਣ ਦੀ ਥਾਂ ਆਪਣ

ਬਾਕੀ ਸਫਾ 51 ਉੱਪਰ

ਨੰ: 16 ਸਾਲ ਚੌਥਾ– ਅੰਕ ਚੌਥਾ
ਬਹਾਰ, 1993
ਅਪਰੈਲ/ਮਈ/ਜੂਨ

# ਵਤਨ

S.N.16 Vol.4, No.4
Spring, 1993
April./May./June.
WATAN
P.O.Box 67681 Stn.'O'
Vancouver, B. C.
Canada, V5W 3V2

2nd Class Reg. No. 8753

ਸੰਪਾਦਕ:
ਸਾਧੂ ਬਿਨਿੰਗ 437–9014
ਸੁਖਵੰਤ ਹੁੰਦਲ 581–3211

ਮੈਨੇਜਿੰਗ ਸੰਪਾਦਕ:
ਅਮਨਪਾਲ ਸਾਰਾ 435–1236
ਸਰਕੁਲੇਸ਼ਨ ਸੰਪਾਦਕ:
ਹਰਜਿੰਦਰ ਸਾਂਗਰਾ
ਅੰਜੂ ਹੁੰਦਲ 581–3211

ਸਹਿਯੋਗੀ:
ਰਿਚਮੰਡ:
ਪਾਲ ਬਿਨਿੰਗ 279–9081
ਸਰੀ:
ਗੁਰਮੇਲ ਰਾਏ 583–7512
ਐਡਮੰਟਨ:
ਸਤਵੰਤ ਦੀਪਕ 440–3256
ਲਾਟ ਭਿੰਡਰ 435–7469

**Editors:**
Sadhu Binning 437-9014
Sukhwant Hundal 581-3211

**Managing Editor:**
Amanpal Sara 435-1236
**Circulation Editors:**
Harjinder Sangra
Anju Hundal 581-3211

**Associates:**
**Richmond:**
Paul Binning 279-9081
**Surrey:**
Gurmel Rai 583-7512
**Edmonton:**
Satwant Deepak 440-3256
Laat Bhinder 435-7469

Price: $3.00
**Annual Subscription:**
Canada
Individual: $12.00;Institutions: $18.00
USA: $15.00
Other Countries: $18.00

| ਇਸ ਅੰਕ ਵਿਚ | ਲੇਖਕ | ਸਫਾ |
|---|---|---|
| ਸੰਪਾਦਕੀ | | 2 |
| ਕਵਿਤਾ* | ਨਵਤੇਜ ਭਾਰਤੀ | 4 |
| ਲੇਖ | ਬਲਰਾਜ ਚੀਮਾ | 21 |
| | ਡਾ: ਪ੍ਰੇਮ ਪ੍ਰਕਾਸ਼ ਸਿੰਘ | 35 |
| | ਹਰਜਾਪ ਸਿੰਘ | 41 |
| ਕਹਾਣੀ | ਜਰਨੈਲ ਸਿੰਘ | 15 |
| | ਮੇਜਰ ਮਾਂਗਟ | 31 |
| | ਮੀਨਾ ਪਰਮਾਰ | 39 |
| ਸਥਾਈ ਕਾਲਮ | ਪਰਦਾ ਜੋ ਉਠ ਗਿਆ | 28 |
| | ਦੇਸ ਤੋਂ ਚਿੱਠੀ | 26 |
| | ਪੁਸਤਕ ਪਰਿਚੈ | 43 |
| | ਤੇ ਤੁਸੀਂ ਲਿਖਿਆ | 47 |
| | ਸਰਗਰਮੀਆਂ | 49 |

*ਇਸ ਅੰਕ ਵਿਚ ਅਸੀਂ ਸਿਰਫ ਕਨੇਡੀਅਨ ਪੰਜਾਬੀ ਕਵੀ ਨਵਤੇਜ ਭਾਰਤੀ ਦੀਆਂ ਹੀ ਕਵਿਤਾਵਾਂ ਦੇ ਰਹੇ ਹਾਂ। ਜਿਹੜੇ ਕਵੀ ਦੋਸਤਾਂ ਦੀਆਂ ਕਵਿਤਾਵਾਂ ਇਸ ਅੰਕ ਵਿਚ ਛਪਣ ਵਾਸਤੇ ਆਈਆਂ ਸਨ ਉਹ ਵਤਨ ਦੇ ਅਗਲੇ ਅੰਕ ਵਿਚ ਬਾਕਾਇਦਾ ਛਾਪੀਆਂ ਜਾਣਗੀਆਂ।

**ਇਸ ਅੰਕ ਦੀ ਤਿਆਰੀ ਲਈ ਮਾਨਤਾ (ਕਰੈਡਿਟ) ਤੇ ਸਹਿਯੋਗ:**
ਟਾਈਪਿੰਗ: ਅੰਜੂ ਹੁੰਦਲ, ਸਾਧੂ ਤੇ ਸੁਖਵੰਤ ਹੁੰਦਲ।
ਡੀਜ਼ਾਈਨ ਅਤੇ ਲੇ ਆਊਟ: ਸਾਧੂ, ਸੁਖਵੰਤ ਹੁੰਦਲ
ਤਸਵੀਰਾਂ: ਗੁਰਮੇਲ ਰਾਏ, ਭੁਪਿੰਦਰ ਧਾਲੀਵਾਲ ਤੇ ਰਵਿੰਦਰ ਸਹਿਰਾਅ।

ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿੱਜੀ ਹਨ। ਵਤਨ ਪਬਲੀਕੇਸ਼ਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the policies of Watan. All office holders and members of Watan Publication past and present, have been and are honorary associates of Watan.

# ਨਵਤੇਜ ਭਾਰਤੀ





ਵਤਨ ਦੇ ਇਸ ਅੰਕ ਵਿਚ ਅਸੀਂ ਪੰਜਾਬੀ ਕਵੀ ਨਵਤੇਜ ਭਾਰਤੀ ਦੀਆਂ ਕਵਿਤਾਵਾਂ ਪੇਸ਼ ਕਰਨ ਦੀ ਖੁਸ਼ੀ ਲੈ ਰਹੇ ਹਾਂ। ਪਹਿਲੀਆਂ ਤਿੰਨ ਕਵਿਤਾਵਾਂ ਉਸਦੀ 1966-67 ਵਿਚ ਛਪੀ ਪੁਸਤਕ 'ਸਿੰਬਲ ਦੇ ਫੁੱਲ' ਵਿਚੋਂ ਹਨ। ਉਸਤੋਂ ਪਿਛੋਂ ਨਵਤੇਜ ਨੇ ਆਪਣੀ ਕਵਿਤਾ ਛਪਵਾਈ ਨਹੀਂ ਤੇ ਜਿਸ ਤੋਂ ਅਕਸਰ ਭੁਲੇਖਾ ਪੈਂਦਾ ਰਿਹਾ ਹੈ ਕਿ ਉਸਨੇ ਪਿਛਲੇ ਤਕਰੀਬਨ ਦੋ ਦਹਾਕੇ ਦਾ ਸਮਾਂ ਕਵਿਤਾ ਨਹੀਂ ਲਿਖੀ। ਪਰ ਉਸਦੀਆਂ ਤਾਜ਼ੀਆਂ ਕਵਿਤਾਵਾਂ ਪੜ੍ਹਨ ਤੋਂ ਇਹ ਭੁਲੇਖਾ ਇਕ ਦਮ ਦੂਰ ਹੋ ਜਾਂਦਾ ਹੈ। ਇਹਨਾਂ ਕਵਿਤਾਵਾਂ ਦੇ ਪਾਠ ਤੋਂ ਸਾਫ ਜ਼ਾਹਿਰ ਹੋ ਜਾਂਦਾ ਹੈ ਕਿ ਉਹ ਹਮੇਸ਼ਾਂ ਕਵਿਤਾ ਲਿਖਦਾ ਰਿਹਾ ਹੈ, ਇਹ ਗੱਲ ਵੱਖਰੀ ਹੈ ਕਿ ਉਸਦੀਆਂ ਕਵਿਤਾਵਾਂ ਨੇ ਅੱਖਰਾਂ ਦਾ ਜਾਮਾ ਪਹਿਨਿਆਂ ਜਾਂ ਨਹੀਂ।

ਨਵਤੇਜ ਨੇ ਬਚਪਨ ਵਿਚ ਹੀ ਆਪਣੇ ਪਿੰਡ, ਰੋਡੇ, ਸਕੂਲ ਪੜ੍ਹਦਿਆਂ ਕਵਿਤਾ ਲਿਖਣੀ ਸ਼ੁਰੂ ਕੀਤੀ। ਨੌਵੀਂ ਸ਼੍ਰੇਣੀ ਤੱਕ ਉਹ ਉਸ ਸਮੇਂ ਦੇ ਸਾਰੇ ਉੱਚ ਕੋਟੀ ਦੇ ਸਾਹਿਤਕ ਪਰਚਿਆਂ ਵਿਚ ਛਪ ਚੁੱਕਾ ਸੀ। ਸਨ 1958 ਵਿਚ ਗੌਰਮਿੰਟ ਕਾਲਜ ਲੁਧਿਆਣਾ ਤੋਂ ਬਾਰ੍ਹਵੀਂ ਕਰਨ ਉਪਰੰਤ ਉਸਨੇ ਕੁਝ ਦੇਰ ਪਟਿਆਲੇ ਤੋਂ ਛਪਦੇ ਮਾਸਕ ਪੱਤਰ 'ਜੀਵਨ ਪ੍ਰੀਤੀ' ਦੀ ਸਹਿ ਸੰਪਾਦਨਾ ਕੀਤੀ ਤੇ ਨਾਲ ਹੀ ਮਹਿੰਦਰਾ ਕਾਲਜ ਤੋਂ ਪੰਜਾਬੀ ਦੀ ਐਮ ਏ ਹਾਸਲ ਕੀਤੀ। ਉਸ ਦੀ ਪੁਸਤਕ 'ਸਿੰਬਲ ਦੇ ਫੁੱਲ' ਵਿਚ ਉਸਦੇ ਉਹ ਗੀਤ ਵੀ ਸ਼ਾਮਲ ਹਨ ਜੋ ਉਹ ਸਟੇਜਾਂ ਤੋਂ ਗਾਇਆ ਕਰਦਾ ਸੀ। ਇਸ ਪੁਸਤਕ ਵਿਚਲੀਆਂ ਨਜ਼ਮਾਂ ਉਸਨੇ ਪਟਿਆਲੇ ਦੇ ਪ੍ਰਸਿੱਧ ਸਾਹਿਤਕ ਮੱਠ, ਭੂਤਵਾੜੇ ਵਿਚ ਰਹਿੰਦਿਆਂ ਲਿਖੀਆਂ ਜਿਥੇ ਹੋਰ ਵੀ ਕਿੰਨੇ ਹੀ ਚਿੰਤਕ ਤੇ ਲੇਖਕ ਰਹਿੰਦੇ ਸਨ। ਨਵਤੇਜ ਦੇ ਕਰੀਬੀ ਦੋਸਤ ਜਾਣਦੇ ਹਨ ਕਿ 'ਭੂਤਵਾੜੇ' ਵਿਚ ਰਹਿੰਦਿਆਂ ਨਵਤੇਜ ਨੇ ਢੇਰ ਸਾਰੀ ਕਾਵਿ ਰਚਨਾ ਕੀਤੀ ਪਰ ਪੁਸਤਕ ਰੂਪ ਵਿਚ ਉਸਨੂੰ ਕਦੇ ਨਾ ਛਪਾਇਆ।

ਹੁਣ ਪਿਛਲੇ ਤਿੰਨ ਚਾਰ ਸਾਲ ਦੇ ਸਮੇਂ ਵਿਚ ਉਸਨੇ ਪੰਜ-ਛੇ ਸੈ ਸਫੇ ਕਵਿਤਾਵਾਂ ਦੇ ਲਿਖੇ ਹਨ। ਜਿਸ ਢਾਈ ਸੈ ਪੰਨੇ ਦੇ ਖਰੜੇ ਵਿਚੋਂ ਨਵਤੇਜ ਨੇ ਆਪਣੀ ਵੈਨਕੂਵਰ ਵਿਚਲੀ ਫੇਰੀ (ਮਈ 1993) ਸਮੇਂ ਕਵਿਤਾਵਾਂ ਪੜ੍ਹੀਆਂ ਉਹ ਸਾਰਾ ਅਪ੍ਰੈਲ ਦੇ ਪਹਿਲੇ ਦੋ ਹਫਤਿਆਂ ਵਿਚ ਲਿਖਿਆ ਹੋਇਆ ਸੀ। ਉਸਦੀ ਕਵਿਤਾ ਵਿਚ ਜਿਥੇ ਪਹਿਲਾਂ ਵਾਲੀ ਸਾਦਗੀ, ਰਵਾਨੀ ਤੇ ਮਿਠਾਸ ਹੁਣ ਵੀ ਜਿਉਂ ਦੀ ਤਿਉਂ ਕਾਇਮ ਹੈ ਉਥੇ ਹੁਣ ਦੀ ਕਵਿਤਾ ਵਿਚ ਫਲਸਫੇ ਦੀ ਡੂੰਘਾਈ ਵੱਧ ਗਈ ਹੈ। ਸਾਡਾ ਵਿਸ਼ਵਾਸ ਹੈ ਕਿ ਨਵਤੇਜ ਸ਼ੀਘਰ ਹੀ ਪੰਜਾਬੀ ਸਾਹਿਤ ਵਿਚ ਆਪਣਾ ਨਿਵੇਕਲਾ ਅਤੇ ਮਹੱਤਵਪੂਰਨ ਸਥਾਨ ਬਣਾ ਲਵੇਗਾ।

ਇਸ ਸਮੇਂ ਨਵਤੇਜ ਪਰਿਵਾਰ ਸਮੇਤ ਲੰਡਨ (ਕਨੇਡਾ) ਵਿਚ ਰਹਿੰਦਾ ਹੈ ਜਿਥੇ ਉਹ ਅਤੇ ਉਸਦੀ ਪਤਨੀ ਸੁਰਿੰਦਰ 'ਬਰਡ ਆਈ ਪਬਲੀਕੇਸ਼ਨਜ਼' ਚਲਾਉਂਦੇ ਹਨ।

ਨਵਤੇਜ ਦੀਆਂ ਇਹ ਕਵਿਤਾਵਾਂ ਵਤਨ ਦੇ ਪਾਠਕਾਂ ਲਈ ਪੇਸ਼ ਕਰਕੇ ਅਸੀਂ ਬੇਹੱਦ ਖੁਸ਼ੀ ਮਹਿਸੂਸ ਕਰ ਰਹੇ ਹਾਂ।

– ਸੰਪਾਦਕ

## ਗੁੰਗੇ ਅੱਖਰ

ਦੂਰ ਪਰਦੇਸੀਂ ਮੇਰਾ ਜਿੰਦੂ ਵੇ ਸੁਟੀ ਦਾ,
ਦੂਰ ਪਰਦੇਸੀਂ ਮੇਰੀ ਜਾਨ।
ਅੱਖਰ ਨਿਮਾਣੇ ਨਿਰਾ ਦੁੱਖ ਸੁੱਖ ਫੋਲਦੇ,
ਅੱਖਰਾਂ ਦੀ ਗੁੰਗੀ ਵੇ ਜ਼ੁਬਾਨ।

ਨਾ ਤਾਂ ਮੈਂ ਬੀਬਾ ਤੈਨੂੰ ਦੁੱਖ ਸੁੱਖ ਭੇਜਣਾ,
ਨਾ ਸੁੱਖ ਸਾਂਦ ਦਾ ਬਿਆਨ।
ਮੈਂ ਤਾਂ ਤੈਨੂੰ ਭੇਜਣਾ ਈ ਸੁੱਚਾ ਸੁੱਚਾ ਅੱਥਰੂ,
ਨੈਣਾਂ ਵਿਚ ਲਟਕੇ ਜੋ ਆਣ।
ਮੈਂ ਤਾਂ ਤੈਨੂੰ ਭੇਜਣੀ ਜੋ ਕਦੇ ਕਦੇ ਟਹਿਕਦੀ,
ਸੁੰਞੇ ਸੁੰਞੇ ਹੋਠੀਂ ਮੁਸਕਾਨ।
ਕੀਹਦੇ ਹੱਥ ਭੇਜਾਂ ਇਹ ਮਲੂਕ ਜਿੰਦਾਂ ਜਾਨੀਆਂ,
ਪਲ ਵਿਚ ਹੋਣ ਜੋ ਵਰਾਨ।
ਅੱਖਰ ਨਿਮਾਣੇ ਨਿਰਾ ਦੁੱਖ ਸੁੱਖ ਫੋਲਦੇ,
ਅੱਖਰਾਂ ਦੀ ਗੁੰਗੀ ਵੇ ਜ਼ੁਬਾਨ।

## ਭਖ ਭਖ ਵੇ ਸੂਰਜ ਜਾਨੀਆਂ

ਸੂਰਜ ਸਾਂਹਵੇਂ ਖੜ ਕੇ ਗੋਰੀ
ਗਿੱਲੇ ਕੇਸ ਸੁਕਾਏ
ਭਖ ਭਖ ਵੇ ਸੂਰਜ ਜਾਨੀਆਂ।

ਜੁਗਾਂ ਜੁਗਾਂ ਤੋਂ ਸੂਰਜ ਪਿਆਸਾ
ਤਿਰਖਾ ਦੇ ਵਿਚ ਬਲਦਾ
ਸੱਤੇ ਸਾਗਰ ਉੱਡ ਅਕਾਸ਼ੀਂ
ਬੱਦਲ ਬਣ ਬਣ ਝੂੱਲੇ
ਸੂਰਜ ਦੀ ਤੇਹ ਕੌਣ ਬੁਝਾਏ

ਗਜ਼ ਗਜ਼ ਲੰਮੇ ਕੇਸ ਗੋਰੀ ਦੇ
ਹਵਾ ਵਗੇ ਲਹਿਰਾਵਣ
ਕਿਰਨ ਕਿਰਨ ਵਿਚ ਸੂਰਜ ਉਤਰੇ
ਖਿਨ ਖਿਨ ਰੰਗ ਵਟਾਵਣ
ਬੂੰਦ ਬੂੰਦ ਧਰਤੀ ਤੇ ਨੱਚਣ
ਸੂਰਜ ਖੁਰ ਖੁਰ ਜਾਏ

ਸੂਰਜ ਸਾਹਵੇਂ ਖੜ ਕੇ ਗੋਰੀ
ਗਿੱਲੇ ਕੇਸ ਸੁਕਾਏ।

## ਉਸ ਅਨੰਤ ਛਿਣ ਵਿਚ

ਉਸ ਅਨੰਤ ਛਿਣ ਵਿਚ
ਮੇਰੀਆਂ ਬਾਹਾਂ 'ਚ
ਇਕ ਨਦੀ ਲਹਿਰ ਲਹਿਰ ਵਗਦੀ
ਮੈਂ ਨਦੀ ਬਾਹਾਂ 'ਚ ਚੁੱਕੀ
ਹੋਂਦ ਦੇ ਰੇਗਿਸਤਾਨਾਂ 'ਚ
ਤੁਰਿਆ ਫਿਰਦਾ
ਬਲਦੀਆਂ ਰੇਤਾਂ 'ਚ
ਪਾਣੀ ਦੀ ਬੂੰਦ ਲਈ
ਤਰਸ ਤਰਸ ਮਰੀਆਂ ਸਦੀਆਂ ਨੂੰ
ਉਠਾ ਉਠਾ ਕੇ ਪਾਣੀ ਪਿਆਉਂਦਾ
ਮੈਂ ਅੱਗੇ ਅੱਗੇ ਤੁਰਦਾ
ਮੇਰੇ ਮਗਰ ਮਗਰ
ਹਿਰਨੀਆਂ ਵਾਂਗ ਬੂਥੀਆਂ ਚੁੱਕੀ
ਤੁਰੀਆਂ ਆਉਂਦੀਆਂ ਸਦੀਆਂ

ਉਸ ਅਨੰਤ ਛਿਣ ਵਿਚ
ਮੇਰੀਆਂ ਬਾਹਾਂ 'ਚ
ਇਕ ਨਦੀ ਲਹਿਰ ਲਹਿਰ ਵਗਦੀ
ਮੈਂ ਭੇਡਾਂ ਚਾਰਦੇ ਇਆਲੀਆਂ ਨੂੰ
ਖੜ ਕੇ ਪੁੱਛਦਾ:
"ਬੇਲੀਓ! ਆਹ ਪੈੜ ਕਿਸਦੀ
ਮੇਰੇ ਅੱਗੇ ਅੱਗੇ ਤੁਰੀ ਜਾਂਦੀ?"
ਆਖਦੇ ਉਹ:-
ਤਿੱਖੜ ਦੁਪਹਿਰੇ
ਇਕ ਫ਼ਕੀਰਨੀ ਜਿਹੀ
ਖੁੱਲੇ ਵਾਲਾਂ ਵਾਲੀ
ਪਰਲੇ ਟਿਬਿਆਂ ਤੋਂ ਆਉਂਦੀ
ਤੇ ਪਾਣੀ ਨੂੰ ਹਾਕਾਂ ਮਾਰਦੀ
ਵਰੋਲੇ 'ਚ ਓਝਲ ਹੋ ਜਾਂਵਦੀ

ਮੈਨੂੰ ਵੀ ਕਦੇ ਕਦੇ
ਉਸਦੀ ਹਾਕ ਸੁਣਦੀ
ਕਦੇ ਕਦੇ ਕਿਸੇ ਪੈੜ ਵਿਚੋਂ
ਕੋਈ ਤਿਰਹਾਈ ਸੂਰਤ
ਉਠ ਖੜਦੀ
ਤੇ ਛਿਪਨ ਛੋਤ ਹੋ ਜਾਂਦੀ
ਮੈਂ ਬਾਹਾਂ 'ਚ ਨਦੀ ਚੁੱਕੀ
ਭਾਲਦਾ ਫਿਰਦਾ ਥਲ ਦੀ ਰੂਹ ਨੂੰ
ਮੈਂ ਕਦ ਮਿਲਾਂਗਾ ਉਸ ਨੂੰ?

ਉਸ ਅਨੰਤ ਛਿਣ ਵਿਚ
ਮੇਰੀਆਂ ਬਾਹਾਂ 'ਚ
ਇਕ ਨਦੀ ਲਹਿਰ ਲਹਿਰ ਵਗਦੀ।

(ਸਿੰਬਲ ਦੇ ਫੁੱਲ (1966) ਵਿਚੋਂ)

**ਹੁਣ ਰਾਮ ਅਯੁਧਿਆ ਨਹੀਂ ਪਰਤੇਗਾ**

**ਨਵਤੇਜ ਭਾਰਤੀ**

ਜਦੋਂ ਅਯੁਧਿਆ ਚੋਂ
ਰਾਮ ਨੂੰ ਬਣਵਾਸ ਮਿਲਿਆ ਸੀ
ਉਸਦੀਆਂ ਖੜਾਵਾਂ
ਤਖ਼ਤ ਤੇ ਬੈਠ ਗਈਆਂ ਸਨ

ਲਕੜ ਦੀਆਂ ਖੜਾਵਾਂ
ਨਾ ਧਰਤੀ ਦਾ ਦੁਖ ਸੁਖ
ਮਹਿਸੂਸ ਕਰ ਸਕਦੀਆਂ ਨੇ
ਨਾ ਕੰਡਿਆਂ ਦੀ ਪੀੜ
ਹਾਂ ਰਘੂਕੁਲ ਦੀ ਰੀਤ ਨੂੰ
ਅਗੇ ਜ਼ਰੂਰ ਤੋਰ ਸਕਦੀਆਂ ਸਨ

ਮਰਯਾਦਾ ਹਮੇਸ਼ਾਂ
ਖੜਾਵਾਂ ਤੇ ਤੁਰਦੀ ਹੈ
ਉਹ ਜਿਉਂਦੇ ਜਾਗਦੇ ਪੈਰਾਂ ਤੇ
ਭਰੋਸਾ ਨਹੀਂ ਕਰਦੀ

ਜਿਉਂਦੇ ਪੈਰਾਂ ਵਿਚ
ਕਦੇ ਕਦੇ ਵਾ ਵਰੋਲੇ
ਸੁਲਘ ਉਠਦੇ ਹਨ
ਤੇ ਵਾ ਵਰੋਲੇ
ਸਿੱਧੇ ਸਤੋੜ ਰਾਹਾਂ ਤੇ
ਨਹੀਂ ਤੁਰਦੇ

ਵਾ ਵਰੋਲਿਆਂ ਦੇ ਗਲ ਵਿਚ
ਨਾ ਜਨੇਊ ਪਾਇਆ ਜਾ ਸਕਦੈ
ਨਾ ਗਾਤਰਾ

ਰਘੁਬੰਸ ਦੀ ਸਦਾ ਚਲੀ
ਆਉਂਦੀ ਮਰਯਾਦਾ ਨੂੰ
ਰਾਮ ਦੇ ਪੈਰਾਂ ਵਿਚੋਂ ਵੀ
ਵਾ ਵਰੋਲਿਆਂ ਦਾ ਖੜਕਾ
ਸੁਣ ਗਿਆ ਹੋਣਾ ਹੈ
ਜਨਕ ਪੁੱਤਰੀ ਲਈ
ਮਿਰਗਾਂ ਪਿਛੇ ਭੱਜਣ ਵਾਲੇ ਪੈਰ
ਕੰਡਿਆਂ ਨਾਲ ਲਹੂ ਲੁਹਾਣ ਹੋਣ ਵਾਲੇ ਪੈਰ
ਉਸ ਮਰਯਾਦਾ ਲਈ ਕਿਵੇਂ
ਰਾਸ ਆ ਸਕਦੇ ਸਨ?
ਤੇ ਰਾਮ ਨੂੰ ਅਯੁਧਿਆ ਵਿਚੋਂ ਬਾਹਰ
ਕੱਢ ਦਿੱਤਾ ਗਿਆ

ਵਣਾਂ ਵਿਚ ਤੁਰਨ ਵਾਲੇ
ਜਗਿਆਸੂ ਪੈਰ
ਜਦੋਂ ਰੁਕਦੇ ਹਨ
ਮਰ ਜਾਂਦੇ ਹਨ

ਪਰ ਤਖਤ ਉਤੇ
ਤੁਰਨ ਲਈ ਥਾਂ ਨਹੀਂ ਹੁੰਦਾ
ਤਖਤ ਬੈਠਣ ਲਈ
ਬਣਿਆ ਹੈ

ਇਸ ਲਈ ਜਗਿਆਸੂ ਪੈਰ
ਤਖਤ ਉਤੇ ਨਹੀਂ ਬੈਠਦੇ
ਜੇ ਬੈਠਦੇ ਹਨ ਤਾਂ
ਖੜਾਵਾਂ ਬਣ ਕੇ ਬੈਠਦੇ ਹਨ

ਅਯੁਧਿਆ ਵਿਚ ਅਜ ਵੀ
ਰਾਮ ਨਹੀਂ ਹੈ
ਲਕੜ ਦੀਆਂ ਖੜਾਵਾਂ ਹਨ

ਜਿਨਾਂ ਚਿਰ ਦਰਬਾਰ ਵਿਚ
ਅਤੇ ਮੰਦਰਾਂ ਵਿਚ
ਉਸਦੀਆਂ ਖੜਾਵਾਂ ਹਨ
ਉਨਾਂ ਚਿਰ ਰਾਮ
ਅਯੁਧਿਆ ਵਿਚੋਂ ਬਨਵਾਸੀ ਰਹੇਗਾ
ਤੇ ਲਕੜ ਦੀਆਂ ਖੜਾਵਾਂ ਦੀ
ਕੋਈ ਉਮਰ ਨਹੀਂ ਹੁੰਦੀ
ਮਰੀ ਚੀਜ਼ ਦੀ
ਕੋਈ ਆਯੂ ਨਹੀਂ ਹੁੰਦੀ

ਖੜਾਵਾਂ ਦੀ ਪੂਜਾ
ਕਰਨ ਵਾਲੀਆਂ ਅੱਖਾਂ
ਰਾਮ ਦੇ ਥੱਕੇ ਟੁੱਟੇ ਕੰਡਿਆਂ ਨਾਲ ਵਿੰਨੇ
ਪੈਰ ਨਹੀਂ ਵੇਖ ਸਕਦੀਆਂ

ਪੂਜਾ ਦੀ ਇਕ ਹੋਰ ਵੀ ਸ਼ਰਤ ਹੈ
ਕਿ ਮੱਥਾ ਕੇਵਲ ਖੜੇ ਪੈਰਾਂ ਤੇ
ਟੇਕਿਆ ਜਾ ਸਕਦਾ ਹੈ
ਤੇ ਖੜੇ ਪੈਰਾਂ ਨੂੰ
ਖੜਾਵਾਂ ਕਿਹਾ ਜਾਂਦਾ ਹੈ

ਖੜਾਵਾਂ ਪੂਜਣ ਵਾਲੇ
ਤੁਰਦੇ ਪੈਰਾਂ ਦੇ
ਨਚਦੇ ਪੈਰਾਂ ਦੇ
ਦੁਸ਼ਮਣ ਹੁੰਦੇ ਹਨ

ਜਿਹੜੇ ਤੁਰਦੇ ਪੈਰ
ਖੜਾਵਾਂ ਅੱਗੇ ਨਹੀਂ ਖੜਦੇ
ਜਿਹੜੇ ਜਗਦੇ ਮੱਥੇ
ਖੜਾਵਾਂ ਅੱਗੇ ਨਹੀਂ ਝੁਕਦੇ
ਉਨ੍ਹਾਂ ਦੇ ਪੈਰ ਕੱਟ ਦਿੱਤੇ ਜਾਂਦੇ ਹਨ
ਉਨ੍ਹਾਂ ਦੇ ਮੱਥਿਆਂ ਦੇ ਖੂਨ ਦੇ ਤਿਲਕ
ਖੜਾਵਾਂ ਤੇ
ਲਾਏ ਜਾਂਦੇ ਹਨ

ਜਿਨਾਂ ਚਿਰ ਤੁਰਦੇ ਪੈਰਾਂ ਨੂੰ
ਖੜਾਵਾਂ ਹੋਣ ਦਾ
ਸਰਾਪ ਲੱਗਿਆ ਹੈ
ਰਾਮ ਅਯੁਧਿਆ ਨਹੀਂ ਆਵੇਗਾ

ਜੇ ਰਾਮ ਅਯੁਧਿਆ ਆਵੇਗਾ ਤਾਂ
ਉਸਨੂੰ ਆਪਣੇ ਤੁਰਦੇ ਪੈਰ ਕਟ ਕੇ
ਖੜਾਵਾਂ ਬਣਾਉਣੇ ਪੈਣਗੇ
ਖੜਾਵਾਂ ਵਾਲਾ ਰਾਮ
ਭੀਲਣੀ ਦੇ ਜੂਠੇ ਬੇਰ ਨਹੀਂ ਖਾ ਸਕੇਗਾ
ਜਿਸ ਰਾਮ ਨੇ
ਅਹੱਲਿਆ ਨੂੰ ਛੂਹ ਕੇ
ਉਸ ਵਿਚ ਜ਼ਿੰਦਗੀ ਦੀ ਸੁਗੰਧ
ਸੁਰਜੀਤ ਕੀਤੀ ਸੀ
ਉਹੀ ਰਾਮ ਖੜਾਵਾਂ ਪਹਿਨ ਕੇ
ਜਨਕ ਪੁੱਤਰੀ ਨੂੰ ਅਗਨ ਵਿਚੋਂ ਲੰਘਾ ਕੇ
ਅਹੱਲਿਆ ਬਣਾ ਦੇਵੇਗਾ

ਇਹ ਰਘੁਬੰਸ ਦੀ ਮਰਯਾਦਾ ਹੈ
ਤੇ ਮਰਯਾਦਾ ਪਰਸ਼ੋਤਮ ਰਾਮ
ਉਸਦਾ ਦਾਸ ਹੋਵੇਗਾ

ਪਰ ਰਾਮ
ਤੁਰਦੇ ਪੈਰਾਂ ਵਾਲਾ ਰਾਮ
ਭੀਲਣੀ ਦੇ ਜੂਠੇ ਬੇਰ
ਖਾਣ ਵਾਲਾ ਰਾਮ
ਉਨਾ ਚਿਰ ਅਯੁਧਿਆ ਨਹੀਂ ਪਰਤੇਗਾ
ਜਿਨਾਂ ਚਿਰ
ਲਕੜ ਦੀਆਂ ਖੜਾਵਾਂ ਵਿਚੋਂ
ਹਰੀਆਂ ਕਰੂੰਬਲਾਂ ਨਹੀਂ ਫੁਟਦੀਆਂ

●

**ਪੰਡਤ**
ਗਿਆਨ ਦੀ ਪੰਡ ਥੱਲੇ
ਦੱਬਿਆ ਪਿਆ ਹੈ
ਪੰਡਤ ਦੇ ਸਿਰ ਤੋਂ
ਪੰਡ ਲਾਹੋ

ਪੰਡਤ
ਕਰਮ ਕਾਂਡ ਦੇ ਜਨੇਊ ਵਿਚ
ਜੁੜਿਆ ਪਿਆ ਹੈ
ਪੰਡਤ ਨੂੰ
ਜੂੜ ਵਿਚੋਂ ਕੱਢੋ

ਪੰਡਤ ਦੇ ਪਿੰਡੇ ਵਿਚ
ਪਿਆਰ ਦੇ ਬੀ ਬੀਜੋ
ਉਸਨੂੰ ਬੱਚੇ ਵਾਂਗ
ਰੁੜ੍ਹਨਾ ਸਿਖਾਓ



ਨਵਤੇਜ ਭਾਰਤੀ

ਹੱਸਣਾ ਸਿਖਾਓ
ਝਨਾਂ ਵਿਚ ਡੁੱਬਣਾ ਸਿਖਾਓ
ਜੰਡ ਹੇਠ ਸੌਣਾ ਸਿਖਾਓ

ਪੰਡਤ ਦੇ ਸਿਰ ਤੋਂ
ਪਾਪ ਪੁੰਨ ਦੀ
ਪੰਡ ਲਾਹੋ
ਉਸਨੂੰ ਅੰਬਾਪਾਲੀ ਦੇ
ਦਰ ਦਾ ਸਜਦਾ ਕਰਾਓ
ਉਸਨੂੰ ਰਾਧਾਂ ਨਾਲ
ਨੱਚਣਾ ਸਿਖਾਓ
ਪੰਡਤ ਨੂੰ ਬੰਦਾ ਬਣਾਓ

●

ਮੈਂ ਤੇਰੇ ਦਰਬਾਰ ਵਿਚ
ਆਇਆ ਹਾਂ
ਇਕ ਸ਼ਿਕਾਇਤ ਲੈ ਕੇ
ਤੇਰੇ ਸਰੋਵਰ ਤੇ ਆਇਆ ਸੀ
ਪਿਆਸ ਬੁਝਾਵਣ ਲਈ
ਆਪਣੀ ਚੁੰਝ
ਤਾਲ ਵਿਚ ਡੋਬੀ ਹੀ ਸੀ
ਕਿ ਮੇਰੀ ਜੂਨ
ਬਦਲ ਗਈ
ਮੇਰਾ ਰੰਗ
ਬਦਲ ਗਿਆ
ਮੈਂ ਕਾਂ ਤੋਂ ਹੰਸ
ਬਣ ਗਿਆ

ਮੇਰੇ ਨਾਲ
ਧੋਖਾ ਹੋਇਆ ਹੈ
ਤੇਰੇ ਸਰਵਰ ਤੋਂ
ਮੈਂ ਪਿਆਸ ਬੁਝਾਉਣ ਹੀ
ਆਇਆ ਸੀ
ਆਪਣੀ ਜੂਨ
ਬਦਲਣ ਲਈ ਨਹੀਂ

ਮੈਂ ਕਾਂ ਤੋਂ ਹੰਸ
ਨਹੀਂ ਬਣਨਾ ਚਾਹੁੰਦਾ
ਹੰਸ ਬਣ ਕੇ
ਮੈਂ ਹੀਰੇ ਮੋਤੀਆਂ ਦਾ
ਭੋਜਨ ਨਹੀਂ ਕਰਨਾ
ਚਾਹੁੰਦਾ
ਮੈਨੂੰ ਹੀਰੇ ਮੋਤੀ
ਸੁਆਦ ਨਹੀਂ ਲਗਦੇ
ਮੈਂ ਕਣਕ ਦੀਆਂ ਬੱਲੀਆਂ ਤੇ
ਠੂੰਗਾਂ ਮਾਰ ਮਾਰ
ਦਾਣੇ ਖਾਣੇ ਚਾਹੁੰਦਾ ਹਾਂ
ਮੈਨੂੰ ਬਾਜਰੇ ਦੇ ਸਿੱਟੇ

ਸੁਆਦ ਲਗਦੇ ਹਨ
ਕਦੇ ਕਦੇ ਮੈਂ
ਕਿਸੇ ਨੰਗ ਧੜੰਗੇ ਨਿੱਕੇ
ਬਚੇ ਦੇ ਹੱਥੋਂ ਰੋਟੀ ਦੀ ਬੁਰਕੀ
ਖੋਹਣੀ ਚਾਹੁੰਦਾ ਹਾਂ
ਮੈਂ ਚਿੜੀ ਦੀ ਰਿੰਨੀ
ਖਿਚੜੀ ਖਾਣੀ ਚਾਹੁੰਦਾ ਹਾਂ
ਮੈਨੂੰ ਆਪਣੇ ਕਾਂ ਹੋਣ ਤੇ
ਮਾਣ ਹੈ
ਮੈਨੂੰ ਅਪਣਾ ਕਾਲਾ ਰੰਗ
ਸੋਹਣਾ ਲਗਦੈ
ਮੈਂ ਜੋ ਹਾਂ
ਉਹੀ ਰਹਿਣਾ ਚਾਹੁੰਦਾ ਹਾਂ
ਜੇ ਤੇਰੇ ਸਰਵਰ ਦਾ ਪਾਣੀ
ਕੇਵਲ ਹੰਸਾ ਲਈ ਹੈ
ਤਾਂ ਇਸਦਾ ਨਾਂ ਬਦਲਦੇ
ਇਸਦਾ ਰੰਗ ਬਦਲਦੇ
ਪਾਣੀ ਕਿਸੇ ਨਾਲ
ਦ੍ਵੈਤ ਨਹੀਂ ਕਰਦਾ
ਪਾਣੀ ਕਿਸੇ ਦੀ ਜੂਨ
ਨਹੀਂ ਬਦਲਦਾ
ਰੰਗ ਨਹੀਂ ਬਦਲਦਾ

ਜੇ ਇਹ ਅੰਮ੍ਰਿਤ ਦਾ ਸਰ ਹੈ
ਜਿਹੜਾ ਕਾਇਆ ਕਲਪ ਕਰਦਾ ਹੈ
ਤਾਂ ਮੈਨੂੰ ਇਸਦੀ ਲੋੜ
ਨਹੀਂ ਹੈ
ਮੈਂ ਤਾਂ ਉਸ ਸਰਵਰ ਚੋਂ
ਪਾਣੀ ਪੀਣਾ ਚਾਹੁੰਦਾ ਹਾਂ
ਜਿਹੜਾ ਮੇਰੀ
ਪਿਆਸ ਬੁਝਾਵੇ
ਉਸ ਸਰਵਰ ਵਿਚ
ਨਾਉਣਾ ਚਾਹੁੰਦਾ ਹਾਂ
ਜਿਸ ਵਿਚ ਮੇਰਾ ਆਪਣਾ ਆਪ
ਵਧੇਰੇ ਨਿਖਰੇ

ਮੈ ਤੇਰੇ ਦਰਬਾਰ
ਵਿਚ ਆਇਆ ਹਾਂ
ਇਕ ਸ਼ਿਕਾਇਤ ਲੈ ਕੇ
ਜੇ ਤੇਰਾ ਸਰਵਰ
ਮੇਰੀ ਪਿਆਸ ਬੁਝਾਉਣ ਦੀ
ਏਡੀ ਵੱਡੀ ਕੀਮਤ
ਮੰਗਦਾ ਹੈ
ਤਾਂ ਇਹ ਮੈਨੂੰ
ਸਵੀਕਾਰ ਨਹੀਂ
ਮੈਨੂੰ ਮੇਰਾ ਆਪਣਾ ਆਪ
ਮੋੜ ਦੇ।

ਨਵਤੇਜ ਭਾਰਤੀ

●
ਚੂਹੜਿਆਂ ਦੇ ਵਿਹੜੇ ਵਿਚ
ਚੂਹੜੇ ਹੀ ਰਹਿੰਦੇ ਹਨ
ਉਹਨਾਂ ਨੂੰ
ਹਰੀਜਨ ਜਾਂ ਗੁਰੂ ਕੇ ਬੇਟੇ
ਕਹਿਣ ਨਾਲ
ਉਨ੍ਹਾਂ ਦੀ ਹੋਣੀ
ਨਹੀਂ ਬਦਲਦੀ
ਉਹ ਵਿਹੜਿਆਂ ਵਿਚੋਂ
ਬਾਹਰ ਨਹੀਂ ਨਿਕਲਦੇ

ਉਨ੍ਹਾਂ ਦਾ ਨਾਂ
ਅਸੀਂ ਉਨ੍ਹਾਂ ਲਈ
ਨਹੀਂ ਬਦਲਦੇ
ਆਪਣੇ ਲਈ ਬਦਲਦੇ ਹਾਂ
ਆਪਣੇ ਮਾਨਸਕ ਵਿਹੜੇ
ਤੇ ਪਰਦਾ ਪਾਉਣ ਲਈ
ਆਪਣੇ ਅੰਦਰਲੇ ਚੂਹੜੇ
ਨੂੰ ਲੁਕਾਉਣ ਲਈ

ਅਸੀਂ
ਜਿਹੜੇ ਮਾਨਵਵਾਦੀ ਹੋਣ ਦਾ
ਦਾਅਵਾ ਕਰਦੇ ਹਾਂ
ਸਾਡਾ ਮਾਨਵਵਾਦ
ਚੂਹੜੇ ਨੂੰ ਹਰੀਜਨ ਕਹਿਣ ਤੱਕ
ਹੀ ਸੀਮਤ ਹੈ
ਇਹ ਕੇਵਲ ਸ਼ਬਦਾਂ ਦੀ
ਹੇਰਾ ਫੇਰੀ ਹੈ
ਇਹ ਕੇਵਲ ਇਕ
ਸਭਿਅਕ ਚਲਾਕੀ ਹੈ।

ਅਸੀਂ ਜਦੋਂ
ਚੂਹੜੇ ਨੂੰ ਹਰੀਜਨ ਆਖਦੇ ਹਾਂ
ਤਾਂ ਹਰੀ ਦਾ
ਮਖੌਲ ਉਡਾਉਂਦੇ ਹਾਂ
ਜਦੋਂ ਚਮਿਆਰ ਨੂੰ
ਰਵਿਦਾਸੀਆ ਆਖਦੇ ਹਾਂ
ਤਾਂ ਮਹਾਂ ਕਵੀ ਰਵਿਦਾਸ ਨਾਲ
ਮਜ਼ਾਕ ਕਰਦੇ ਹਾਂ

ਅਸੀਂ 'ਸੱਭਿਯ' ਹੋ ਗਏ ਹਾਂ
ਵਿਹੜਿਆਂ ਵਿਚੋਂ
ਚੂਹੜੇ ਕੱਢਣ ਦੀ ਥਾਂ
ਅਸੀਂ ਬੋਲੀ ਵਿਚੋਂ
ਸ਼ਬਦ 'ਚੂਹੜਾ' ਕੱਢ ਰਹੇ ਹਾਂ
ਇਹ ਕਰਾਂਤੀ
ਕਿੰਨੀ ਸੌਖੀ ਹੈ
ਕਿੰਨੀ ਤੁਰਤ ਹੈ
ਕਿੰਨੀ ਸੱਭਿਅਕ ਹੈ।

## ਤਿੰਨ ਬਾਹਾਂ ਵਾਲਾ ਆਦਮੀ

ਨਾ ਇਹ ਨਗਰ ਕਪਲਵਸਤੂ ਸੀ
ਅਤੇ ਨਾ ਹੀ ਮੈਂ ਸਿਧਾਰਥ
ਪਰ ਸੜਕ ਤੇ ਇਕ ਅੰਨਾ ਬੈਠਾ ਸੀ
ਬਿਲਕੁਲ ਚੁੱਪਚਾਪ ਤੇ ਅਹਿਲ
ਹਾਂ ਉਸ ਨੇ ਆਪਣੀ ਇਕ ਬਾਂਹ
ਫੈਲਾਈ ਹੋਈ ਸੀ
ਧੂੜ ਨਾਲ ਅੱਟੀ, ਕਾਲ ਕਲੂਟੀ
ਸੁੱਕੀ ਜਿਹੀ ਅੱਡੇ ਹੱਥ ਵਾਲੀ ਬਾਂਹ
ਮੈਂ ਚੋਰਾਂ ਵਾਂਗ, ਦੱਬੇ ਪੈਰੀਂ
ਉਸ ਕੋਲੋਂ ਲੰਘ ਗਿਆ
ਸ਼ੁਕਰ ਹੈ ਉਹ ਮੈਨੂੰ ਵੇਖ ਨਹੀਂ ਸੀ ਸਕਦਾ।

ਜਿਹੜਾ ਮੰਗਤਾ
ਮੇਰੀਆਂ ਅੱਖਾਂ ਵਿਚ ਝਾਕ ਕੇ ਮੰਗਦਾ ਹੈ
ਮੈਂ ਉਸ ਕੋਲੋਂ ਡਰ ਜਾਂਦਾ ਹਾਂ
ਉਸਨੂੰ ਭਿੱਖਿਆ ਦੇਕੇ
ਮੈਂ ਆਪ ਭਿਖਾਰੀ ਜਿਹਾ
ਬਣ ਜਾਂਦਾ ਹਾਂ
ਸ਼ੁਕਰ ਹੈ ਇਹ ਮੰਗਤਾ ਅੰਨਾ ਸੀ
ਤੇ ਮੈਂ ਇਸਨੂੰ ਧੋਖਾ ਦੇ ਕੇ
ਲੰਘ ਆਇਆ ਸੀ

ਮੋੜ ਤੇ ਪਹੁੰਚ ਕੇ
ਇਕ ਵਾਰ ਮੈਂ ਫਿਰ
ਪਿਛੇ ਮੁੜ ਕੇ ਵੇਖਿਆ
ਇਸ ਵਾਰ ਮੈਨੂੰ ਲੱਗਿਆ
ਜਿਵੇਂ ਉਸਦੇ ਅੱਡੇ ਹੱਥ ਦੀ
ਹਰ ਉਂਗਲ ਤੇ ਅੱਖ ਲੱਗੀ ਹੋਈ ਸੀ
ਤੇ ਉਹ ਮੇਰੇ ਵੱਲ ਵੇਖ ਰਹੀ ਸੀ
ਉਸਦੀ ਕਲੂਟੀ ਖਿੰਗਰ ਬਾਂਹ
ਮੇਰੇ ਉੱਤੇ ਹੱਸ ਰਹੀ ਸੀ
ਮੈਂ ਘਬਰਾ ਕੇ, ਸੰਨ੍ਹ ਤੋਂ
ਫੜੇ ਚੋਰ ਵਾਂਗ
ਭੀੜ ਵਿਚ ਲੁਕ ਗਿਆ
ਨਾ ਇਹ ਨਗਰ ਕਪਲਵਸਤੂ ਸੀ
ਅਤੇ ਨਾ ਮੈਂ ਸਿਧਾਰਥ
ਪਰ ਸੜਕ ਉੱਤੇ ਬੈਠੇ
ਅੰਨੇ ਮੰਗਤੇ ਨੂੰ ਇਸ ਗੱਲ ਨਾਲ
ਕੀ ਵਾਸਤਾ ਸੀ
ਉਸ ਲਈ ਨਾ ਕਪਲਵਸਤੂ ਤੇ ਲੁਧਿਆਣੇ ਵਿਚ
ਕੋਈ ਅੰਤਰ ਹੈ
ਅਤੇ ਨਾ ਹੀ
ਮੇਰੇ ਅਤੇ ਸਿਧਾਰਥ ਵਿਚ
ਉਸਦਾ ਹੱਥ
ਤਾਂ ਦੋਹਾਂ ਹਾਲਤਾਂ ਵਿਚ ਹੀ
ਖਾਲੀ ਰਹਿਣਾ ਸੀ

ਸ਼ਬਦ ਵਿਚ ਪ੍ਰਕਿਰਤੀ ਅਤੇ ਸੰਸਕ੍ਰਿਤੀ ਆਪਸ ਵਿਚ ਮਿਲਦੀਆਂ ਹਨ। ਪ੍ਰਕਿਰਤੀ ਨਾਦ ਰਾਹੀਂ ਅਤੇ ਸੰਸਕ੍ਰਿਤੀ ਅਰਥ ਰਾਹੀਂ। ਕਵਿਤਾ ਦੀ ਯਾਤਰਾ ਇਸੇ ਦੇ ਮੇਲ ਤੋਂ ਸ਼ੁਰੂ ਹੁੰਦੀ ਹੈ।

ਨਵਤੇਜ ਭਾਰਤੀ

ਰਾਤ ਪਤਾ ਨਹੀਂ ਕਿੰਨੀ ਕੁ
ਲੰਘੀ ਹੋਵੇਗੀ
ਕਿ ਮੈਂ ਅਭੜਵਾਹੇ ਉਠ ਬੈਠਾ
ਮੈਂ ਵੇਖਿਆ
ਮੇਰੇ ਸਰੀਰ ਤੇ
ਉਹੀ ਕਾਲ ਕਲੂਟੀ, ਸੁੱਕੀ ਖਿੰਗਰੀ ਵਰਗੀ
ਬਾਂਹ ਉੱਗ ਆਈ ਸੀ
ਉਸਦੇ ਅੱਡੇ ਹੱਥ ਤੇ
ਮੇਰਾ ਦੂਜਾ ਹੱਥ
ਇਕ ਸਿੱਕਾ ਰੱਖ ਰਿਹਾ ਸੀ

ਡਰ ਕੇ ਮੇਰੇ ਸੰਘ ਵਿਚ
ਆਈ ਚੀਕ ਵੀ ਯਖ ਹੋ ਗਈ
ਮੈਂ ਆਪਣੀਆਂ ਦੋਹਾਂ ਬਾਹਾਂ ਨਾਲ
ਤੀਜੀ ਬਾਂਹ ਨੂੰ
ਪੱਟਣ ਲਈ ਸਾਰਾ ਤਾਣ ਲਾਇਆ
ਪਰ ਤੀਜੀ ਬਾਂਹ
ਮੇਰੀ ਲਾਚਾਰੀ ਤੇ ਹੱਸਦੀ ਰਹੀ
ਉਸਦੀਆਂ ਪੰਜੇ ਉਂਗਲਾਂ ਉੱਤੇ
ਲੱਗੀਆਂ ਅੱਖਾਂ
ਮੇਰੇ ਵੱਲ ਝਾਕ ਕੇ
ਸਾਰੇ ਸਰੀਰ ਵਿਚ
ਛੇਕ ਕਰਦੀਆਂ ਰਹੀਆਂ

ਮੈਂ ਇਸ ਬਾਂਹ ਨੂੰ ਨਾ ਪੱਟ ਸਕਦਾ ਸੀ
ਨਾ ਆਰੀ ਨਾਲ ਕੱਟ ਸਕਦਾ ਸੀ
ਨਾ ਇਹ ਅੱਗ ਵਿਚ
ਜਲ ਸਕਦੀ ਸੀ
ਨਾ ਇਹ ਬਰਫ ਵਿਚ
ਗਲ ਸਕਦੀ ਸੀ

ਮੈਂ ਜਿਸ ਬਾਂਹ ਨੂੰ
ਆਪਣੇ ਭਾਣੇ
ਧੋਖਾ ਦੇ ਕੇ ਲੰਘ ਗਿਆ ਸੀ
ਉਹ ਮੇਰੇ ਸਰੀਰ ਉੱਤੇ
ਉੱਗ ਆਈ ਸੀ
ਮੈਂ ਤਿੰਨਾਂ ਬਾਹਾਂ ਵਾਲਾ ਆਦਮੀ ਸੀ
ਮੈਂ ਆਪਣੀ ਨਮੋਸ਼ੀ
ਹੁਣ ਢੱਕ ਨਹੀਂ ਸਕਦਾ ਸੀ

ਇਸ ਤੋਂ ਤਾਂ ਚੰਗਾ ਸੀ
ਕਿ ਮੇਰੇ ਪੂਛ ਉੱਗ ਆਉਂਦੀ
ਸ਼ਾਇਦ ਮੈਂ
ਹਨੂਮਾਨ ਸਮਝ ਕੇ
ਪੂਜਿਆ ਜਾਂਦਾ
ਜਾਂ ਮੇਰੀ ਗਰਦਨ ਤੇ
ਹਾਥੀ ਦਾ ਮੂੰਹ ਉੱਗ ਆਉਂਦਾ
ਤੇ ਗਣੇਸ਼ ਬਣ ਜਾਂਦਾ
ਇਸ ਤੋਂ ਤਾਂ ਚੰਗਾ ਸੀ

ਨਵਤੇਜ ਭਾਰਤੀ

ਕਿ ਮੇਰੇ ਦੋ ਨਵੀਆਂ ਬਾਂਹਾਂ
ਉੱਗ ਆਉਂਦੀਆਂ
ਤੇ ਮੈਂ
ਚਾਰ ਬਾਹਾਂ ਨਾਲ
ਚਤਰਭੁਜ ਅਵਤਾਰ ਦਾ
ਭੁਲੇਖਾ ਹੀ ਪਾ ਸਕਦਾ
ਤਿੰਨ ਬਾਹਾਂ ਨਾਲ ਤਾਂ ਮੈਂ
ਕਲਯੁੱਗ ਦਾ
ਕਲਕੀ ਅਵਤਾਰ
ਵੀ ਨਹੀਂ ਅਖਵਾ ਸਕਦਾ

ਇਹ ਤੀਜੀ ਬਾਂਹ
ਇਕ ਸਰਾਪ ਵਾਂਗ
ਮੈਨੂੰ ਚੰਬੜ ਗਈ ਹੈ
ਜਦ ਮੈਂ ਸੂਟ ਬੂਟ ਪਾ
ਪਹਿਨ ਪੱਚਰ ਕੇ
ਕਲੱਬਾਂ ਕਾਨਫਰੰਸਾਂ ਵਿਚ ਜਾ ਕੇ
ਭਾਸ਼ਨ ਦਿੰਦਾ ਹਾਂ
ਤਾਂ ਅਚਾਨਕ
ਲਮਕਦੀਆਂ ਲੀਰਾਂ ਵਿਚ ਲਿਪਟੀ
ਮੇਰੀ ਤੀਜੀ ਬਾਂਹ
ਫੈਲ ਜਾਂਦੀ ਹੈ ਤੇ
ਗਾਉਣ ਲੱਗ ਜਾਂਦੀ ਹੈ
"ਚਿੜੀ ਚੋਂਜ ਭਰ ਲੇ ਗਈ
ਨਦੀ ਨਾ ਘਟਿਓ ਨੀਰ
ਦਾਨ ਦੀਏ ਧਨ ਨਾ ਘਟੇ
ਕਹਿ ਗਏ ਭਗਤ ਕਬੀਰ"

ਜਦ ਮੈਂ ਕਵਿਤਾ ਲਿਖਣ
ਬੈਠਦਾ ਹਾਂ
ਇਹ ਬਾਂਹ
ਮੇਰੀ ਕਲਮ ਵੱਲ ਵੇਖਣ ਲੱਗ ਪੈਂਦੀ ਹੈ
ਮੇਰੀਆਂ ਅਲੰਕਾਰਾਂ, ਰੂਪਕਾਂ ਵਾਲੀਆਂ
ਸਤਰਾਂ ਵੇਖਦੀ ਹੈ
ਫੇਰ ਮੇਰੇ ਹੱਥਾਂ ਚੋਂ ਕਲਮ ਖੋਹ ਲੈਂਦੀ ਹੈ
ਤੇ ਮੇਰੀਆਂ ਲਿਖੀਆਂ ਸਤਰਾਂ
ਕੱਟ ਕੇ ਲਿਖਣ ਲੱਗ ਜਾਂਦੀ ਹੈ

"ਅੱਖਾਂ ਵਾਲਿਓ
ਅੱਖਾਂ ਬੜੀ ਨਿਹਮਤ ਨੇ
ਇਸ ਅੰਨੇ ਮੁਥਾਜ ਤੇ
ਤਰਸ ਕਰੋ"

ਰਾਤ ਨੂੰ
ਮੇਰੇ ਬਿਸਤਰ ਤੇ
ਲੀਰਾਂ ਪਤੀਰਾਂ, ਖਿਲ ਬਾਂਟੇ
ਕਚ ਕਾਤਰਾਂ, ਛਿਲਕਾਂ, ਢੂਲੀਆਂ, ਦਾਣੇ
ਕੌਡੀਆਂ ਤੇ ਟੁੱਟੇ ਛਿੱਤਰ
ਖਿਲਾਰ ਦਿੰਦੀ ਹੈ

ਮੇਰੀ ਤੀਜੀ ਬਾਂਹ
ਕਦੇ ਕਦੇ ਆਪਣੇ ਆਪ
ਲੰਬੀ ਹੋਣ ਲੱਗ ਪੈਂਦੀ ਹੈ
ਰੰਗ ਬਰੰਗੀਆਂ ਲੀਰਾਂ ਨਾਲ ਮੜ੍ਹੀ ਖਿੱਦੋ
ਉਧੇੜਨ ਲੱਗ ਜਾਂਦੀ ਹੈ
ਜਦੋਂ ਪਿੜੀਆਂ ਦੇ ਧਾਗੇ ਟੁੱਟਦੇ ਹਨ
ਤਾਂ ਗਲੋਬ (ਦੁਨੀਆਂ) ਦਾ ਨਕਸ਼ਾ
ਬਦਲਣ ਲੱਗਦਾ ਹੈ
ਉਸਦੀਆਂ ਸਰਹੱਦਾਂ
ਟੁੱਟਣ ਲੱਗਦੀਆਂ ਹਨ

ਮੇਰੇ ਦੂਜੇ ਦੋ ਹੱਥ
ਜਿਨਾਂ ਨੇ ਮਸ਼ੀਨਾਂ ਤੇ ਜੰਤਰ ਬਣਾਏ
ਬੰਬ ਤੇ ਮਿਜ਼ਾਇਲਾਂ, ਤੇ ਤੋਪਾਂ ਬਣਾਈਆਂ
ਉਹ ਹੱਥ ਇਸ ਤੀਜੀ ਬਾਂਹ ਤੋਂ
ਸਹਿਮ ਜਾਂਦੇ ਹਨ
ਇਹ ਤੀਜੀ ਬਾਂਹ
ਦੂਜੀਆਂ ਦੋ ਬਾਹਾਂ ਨਾਲ
ਸਮਝੌਤਾ ਨਹੀਂ ਕਰਦੀ

ਤਿੰਨਾਂ ਬਾਹਾਂ ਵਾਲਾ ਆਦਮੀ
ਮੈਂ ਤਿੰਨਾਂ ਬਾਹਾਂ ਦੇ
ਮਹਾਂ ਭਾਰਤ ਵਿਚ
ਜਿਉਂ ਰਿਹਾ ਹਾਂ

●

ਮੈਂ ਪਰਦੇਸੀ ਦੇਸ ਧਰਤ ਤੇ
ਕਿਸੇ ਕੁੰਟ ਤੋਂ ਆਇਆ
ਰੁੱਖਾਂ ਬਿਰਛਾਂ ਪਸ਼ੂ ਪੰਛੀਆਂ
ਪੌਣਾਂ ਨੂੰ ਗਲ ਲਾਇਆ
ਨਦੀਆਂ ਨੂੰ ਕੰਢੇ ਤੇ ਬਹਿ ਬਹਿ
ਆਪਣਾ ਹਾਲ ਸੁਣਾਇਆ
ਧਰਤ ਪਤਾਲ ਆਕਾਸ਼ੀਂ ਭੌਂਵਿਆਂ
ਭੁੱਖਾ ਤੇ ਤਿਰਹਾਇਆ
ਕਿਸੇ ਵੀ ਮੈਨੂੰ ਧੀਰ ਨਾ ਦਿੱਤੀ
ਕਿਸੇ ਨਾ ਅੰਗ ਲਾਇਆ

ਭਰੇ ਮੇਲੇ ਵਿਚ ਕੱਲਾ ਫਿਰਦਾ
ਆਥਣ ਉੱਤਰ ਆਈ
ਪੈਰਾਂ ਵਿਚ ਪਹਾੜ ਲਟਕਦੇ
ਕਦਮ ਨਾ ਪਟਿਆ ਜਾਈ
ਬੈਠਾ ਇਕ ਬਿਰਛ ਦੇ ਹੇਠਾਂ
ਦੁੱਖ ਨੂੰ ਕੰਘੜੀ ਪਾਈ

ਸੰਘਣਾ ਰੁੱਖ ਅਸਮਾਨ ਦਾ
ਉਤਰੀ ਰਾਤ ਰਕਾਨ
ਤਾਰੇ ਹਾਕਾਂ ਮਾਰਦੇ
ਪੌਣਾਂ ਨੂੰ ਸ਼ਰਮਾਣ
ਗਲ ਲਾ ਰਿਸ਼ਮਾਂ ਗੋਰੀਆਂ

## ਨਵਤੇਜ ਭਾਰਤੀ

> ਕਵਿਤਾ ਵਿਚ ਜੇ ਸੰਚਾਰ ਹੁੰਦਾ ਹੈ ਤਾਂ ਅਰਥ ਦਾ ਨਹੀਂ ਅਨੁਭੂਤੀ ਦਾ ਹੁੰਦਾ ਹੈ। ਕਵਿਤਾ ਦਾ ਕੰਮ ਸਮਝਾਉਣਾ ਨਹੀਂ ਅਨੁਭਵ ਜਗਾਉਣਾ ਹੈ। ਇਹ ਅਨੁਭੂਤੀ ਤੋਂ ਅਨੁਭੂਤੀ ਤੱਕ ਦੀ ਯਾਤਰਾ ਹੈ ਜਿਹੜੀ ਅਰਥ ਖੰਡ ਵਿਚੋਂ ਦੀ ਲੰਘਦੀ ਹੈ। ਇਸ ਯਾਤਰਾ ਵਿਚ ਅਨੁਭੂਤੀ ਅਰਥ ਵਿਚ ਅਤੇ ਉਸ ਪਿਛੋਂ ਫਿਰ ਅਰਥ ਅਨੁਭੂਤੀ ਵਿਚ ਕਿਵੇਂ ਬਦਲਦਾ ਹੈ। ਇਹ ਮੇਰੇ ਲਈ ਰਹੱਸ ਦੀ ਗੱਲ ਹੈ।

ਸੁੱਤੇ ਬਿਰਛ ਅਜਾਣ
ਮੈਂ ਇਕ ਕੱਲਾ ਜਾਗਦਾ
ਊਂਘੇ ਸਗਲ ਜਹਾਨ

ਉਠਿਆ ਪੈਰ ਘੜੀਸ ਕੇ
ਕਰਕੇ ਕੱਠਾ ਤਾਣ
ਨਦੀ ਕਿਨਾਰੇ ਪਹੁੰਚਿਆ
ਮਾਰੂ ਤਿਖਾ ਬੁਝਾਣ
ਹੱਥ ਲਾਇਆ ਜਾਂ ਨਦੀ ਨੂੰ
ਤ੍ਰਭਕੀ ਹੋ ਹੈਰਾਨ
ਮਾਰ ਢੁਕਾਰਾ ਡੰਗਿਆ
ਕੀਤੇ ਸੁੰਨ ਪਰਾਣ
ਨਦੀ ਨਾ ਪਾਣੀ ਦੇਂਵਦੀ
ਰਾਹ ਨਾ ਦਿੰਦੇ ਵਾਟ
ਬਿਰਛ ਨਾ ਛਾਵਾਂ ਬਖਸ਼ਦੇ
ਆਇਆ ਕਿਹੜੇ ਘਾਟ

ਨਾ ਮੇਰਾ ਦਿਨ
ਤੇ ਨਾ ਮੇਰੀ ਰਾਤ
ਨਾ ਮੇਰੀ ਧਰਤੀ
ਤੇ ਨਾ ਆਕਾਸ਼
ਨਾ ਮੇਰੀ ਪੌਣ
ਤੇ ਨਾ ਮੇਰੇ ਪਾਣੀ
ਇਹ ਪਰਦੇਸ ਦੀ ਬਾਤ ਪੁਰਾਣੀ

ਇਸ ਪਰਦੇਸ ਚੋਂ ਕਿਥੇ ਜਾਵਾਂ
ਬੇ ਮੁੱਖ ਹੋਈਆਂ ਸਾਰੀਆਂ ਥਾਵਾਂ
ਜਿਸ ਧਰਤੀ ਤੇ ਪੈਰ ਧਰਾਂ ਮੈਂ
ਉਹੀ ਬਣੇ ਪਰਦੇਸ
ਹੈ ਕੋਈ ਮੇਰਾ ਦੇਸ?

ਤ੍ਰੇਲ ਦਾ ਤੁਪਕਾ ਬੋਲਿਆ
ਘਾਹ ਦੀ ਤਿੜ ਹਿਲਾ
ਕਿਥੇ ਦੇਸ ਤੂੰ ਭਾਲਦੈਂ
ਇਹ ਅਨੰਤ ਖਿਲਾਅ
ਸਦੀਆਂ ਤੁਰ ਤੁਰ ਹੰਢੀਆਂ
ਪੈਂਡਾ ਇਹ ਅਸਗਾਹ
ਦੇਸ ਅਤੇ ਪਰਦੇਸ ਵਿਚ
ਇਕੋ ਸੱਚ ਹੈ ਸਾਹ

ਜਿਸਦਾ ਸਾਹ ਧੁਆਂਖਿਆ
ਉਸਦਾ ਨਾ ਕੋਈ ਦੇਸ
ਜਿਸਦੇ ਸਾਹ ਵਿਚ ਮੋਹ ਹੈ
ਉਸਦੇ ਸਭੋ ਦੇਸ
ਇਸ ਪੱਲ ਪੱਤੀ ਘਾਹ ਦੀ
ਮੇਰਾ ਸਗਲ ਜਹਾਨ
ਇਸਦੇ ਸਾਹ ਮੈਂ ਜੀਂਵਦਾ
ਮੈਂ ਇਸਦਾ ਹਾਂ ਪਰਾਣ

ਅਗਲੇ ਪੱਲ ਜਦ ਪੌਣ ਨੇ
ਲਾਇਆ ਮੈਨੂੰ ਹੱਥ
ਉਸਦੇ ਸਾਹ ਚੋਂ ਪਵੇਗੀ
ਅਗਲੇ ਦੇਸ ਦੀ ਦੱਸ

ਕਿੱਲੇ ਨਾਲ ਨਾ ਬੰਨੀਏ
ਘਣੇ ਬਿਰਛ ਦਾਂ ਛਾਂ
ਕਿੱਲੇ ਨਾਲ ਨਾ ਬੰਨੀਏ
ਅਪਣਾ ਦੇਸ ਗਿਰਾਂ
ਵਗਦੀ ਨਦੀ ਦੇ ਨਾਲ ਹੀ
ਵਗਦਾ ਉਸਦਾ ਦੇਸ
ਹਰ ਦਿਨ ਸੂਰਜ ਸੱਜਰਾ
ਹਰ ਦਿਨ ਧਰਤ ਨਵੇਸ (ਨਵੀਂ)

●

ਪਾਣੀ ਦੇ ਬੁਲ੍ਹਬੁਲ੍ਹੇ ਉਤੇ
ਮੈਂ ਸਮੁੰਦਰ ਦੀ
ਕਥਾ ਲਿਖੀ ਹੈ
ਦਰਿਆ ਨੇ ਉਸ ਉਤੇ
ਦਸਖਤ ਕੀਤੇ ਹਨ
ਪਲ ਪਲ ਬਿਣਸਨਹਾਰ
ਬੁਲ੍ਹਬੁਲ੍ਹਾ
ਅੱਖਰ ਚੁੱਕ ਕੇ
ਅਮਰ ਹੋ ਗਿਆ ਹੈ

●

ਮੈਂ ਨੰਗੇ ਪੈਰੀਂ
ਤੁਰਨਾ ਭੁੱਲ ਗਿਆ ਹਾਂ
ਮੇਰੇ ਪੈਰਾਂ ਹੇਠ
ਤੇਜ਼ ਕਾਰਾਂ
ਥੰਨ੍ਹ ਦਿੱਤੀਆਂ ਗਈਆਂ ਹਨ
ਹੁਣ ਮੈਂ ਵਿੰਗ ਤੜਿੰਗੀਆਂ
ਪਗਡੰਡੀਆਂ ਉਤੇ
ਛਾਲਾਂ ਨਹੀਂ ਮਾਰ ਸਕਦਾ
ਚੁੰਝੀ ਲਾਹ ਕੇ
ਸੂਏ ਕੱਸੀਆਂ ਨਹੀ
ਵਲ ਪਾ ਕੇ
ਦੂਰ ਖੜੀ
ਬੇਰੀ ਹੇਠ ਨਹੀਂ
ਜਾ ਸਕਦਾ
ਮੈਂ ਸਿਰਫ
ਸੜਕਾਂ ਤੇ ਭੱਜ ਹੀ ਸਕਦਾ ਹਾਂ
ਟਹਿਲ ਨਹੀਂ ਸਕਦਾ
ਕਿਸੇ ਦੀ ਬਾਂਹ ਵਿਚ
ਬਾਂਹ ਪਾ ਕੇ
ਝੂਮ ਨਹੀਂ ਸਕਦਾ
ਮੈਂ ਨੰਗੇ ਪੈਰੀਂ
ਤੁਰਨਾ ਭੁੱਲ ਗਿਆ ਹਾਂ
ਮੇਰੇ ਪੈਰਾਂ ਹੇਠ

ਨਵਤੇਜ ਭਾਰਤੀ

ਤੇਜ ਕਾਰਾਂ ਬੰਨ੍ਹ ਦਿੱਤੀਆਂ ਗਈਆਂ ਹਨ
ਹੁਣ ਮੈਂ ਸਿਰਫ
ਭੱਜ ਹੀ ਸਕਦਾ ਹਾਂ
ਤੁਰ ਨਹੀਂ ਸਕਦਾ
ਟਹਿਲ ਨਹੀਂ ਸਕਦਾ

●

ਮੇਰੇ ਸੁੱਤਿਆਂ ਸੁੱਤਿਆਂ
ਸਮੇਂ ਨੇ
ਮੈਨੂੰ ਬੁੱਢਾ ਕਰ ਦਿੱਤਾ ਹੈ
ਮੈਂ ਉਸਦੀ ਮਕਾਰੀ ਨੂੰ
ਮਾਫ਼ ਨਹੀਂ ਕਰਾਂਗਾ

ਮੈਂ ਇਸ ਬੁਢਾਪੇ ਨੂੰ
ਸਵੀਕਾਰ ਨਹੀਂ ਕਰਦਾ
ਇਹ ਚੋਰੀ ਦੀ ਚੀਜ਼ ਹੈ
ਇਹ ਧੱਕੇ ਨਾਲ
ਮੇਰੇ ਤਨ ਤੇ ਮੜ੍ਹਿਆ ਗਿਆ ਹੈ

ਮੈਂ ਇਸਦੇ ਸਿਥਲ ਅਤੇ
ਝੁਰੜਾਏ ਅੰਗਾਂ ਵਿਚੋਂ
ਬਾਹਰ ਨਿਕਲ ਜਾਵਾਂਗਾ
ਘਾਹ ਦੀਆਂ ਤਿੜਾਂ
ਵਿਚ ਲੁਕ ਜਾਵਾਂਗਾ
ਪਾਣੀ ਦੀਆਂ ਬੂੰਦਾਂ ਵਿਚ
ਵੜ ਜਾਵਾਂਗਾ
ਮੈਂ ਇਸ ਦੇ ਝੁਰੜੀਆਂ ਵਾਲੇ ਹੱਥਾਂ ਤੋਂ
ਦੂਰ ਚਲਾ ਜਾਵਾਂਗਾ

●

ਹਰ ਕਵਿਤਾ ਲਿਖਣ ਪਿੱਛੋਂ
ਮੈਂ ਅਨਪੜ੍ਹ ਬਣ ਜਾਂਦਾ ਹਾਂ
ਇਲਮ ਤੇ ਅਕਲ ਦੀ ਛਾਂ
ਉਗਦੇ ਅੰਕੁਰਾਂ ਤੇ ਨਹੀਂ
ਪੈਣ ਦਿੰਦਾ
ਹਰ ਨਵੀਂ ਕਵਿਤਾ
ਮੈਂ ਨਵਾਂ ਜਨਮ ਲੈ ਕੇ ਲਿਖਦਾ ਹਾਂ
ਮੇਰੀ ਉਮਰ
ਮੇਰੀ ਕਵਿਤਾ ਜੇਡੀ ਹੀ ਹੁੰਦੀ ਹੈ

●

ਊਲ ਜਲੂਲ
ਇਹ ਕਵਿਤਾ ਹੈ ਨਿਰੀ ਫਜ਼ੂਲ

ਨਾ ਭੁੱਖੇ ਦੀ ਬਣਦੀ ਰੋਟੀ
ਨਾ ਪਿਆਸੇ ਦਾ ਪਾਣੀ
ਨਾ ਬੱਚੇ ਲਈ ਬਣੇ ਖਿਡੌਣਾ
ਨਾ ਪੰਛੀ ਲਈ ਟਾਹਣੀ
ਨਾ ਅੰਨੇ ਦਾ ਬਣਦੀ ਨੇਤਰ
ਨਾ ਮੰਜੇ ਦੀ ਚੂਲ

ਊਲ ਜਲੂਲ
ਇਹ ਕਵਿਤਾ ਹੈ ਨਿਰੀ ਫਜ਼ੂਲ

ਇਹ ਕਵਿਤਾ ਹੈ ਨਿਰਾ ਜੰਜਾਲ
ਕਾਲੇ ਅੱਖਰਾਂ ਦੇ ਵਿਚ ਬੰਨਿਆ
ਲੁੱਟ ਦਾ ਮਾਲ

●

ਇਹ ਬਾਣੀਆ ਸਭਿਆਚਾਰ ਹੈ
ਬਾਣੀਆਂ ਬਿਰਤੀ ਹੀ
ਇਸਦਾ ਧਰਮ, ਕਰਮ
ਇਸ ਸਭਿਆਚਾਰ ਵਿਚ
ਇਕੱਲੀ ਦ੍ਰੋਪਦੀ ਹੀ
ਜੂਏ ਤੇ ਨਹੀਂ ਲੱਗਦੀ
ਮਾਂ ਪਿਓ, ਭੈਣ, ਭਰਾ, ਮਿੱਤਰ,
ਸਾਕ ਸੰਬੰਧੀ
ਸਭ ਦਾਅ ਤੇ ਲੱਗਦੇ ਹਨ
ਇਹ ਸਭਿਆਚਾਰ
ਜੂਏਬਾਜੀ ਦਾ ਸਭਿਆਚਾਰ ਹੈ

ਅੱਜ ਕਲ ਲੋੜ
ਬੇਬਵੀਆਂ ਮਾਰਨ ਦੀ ਹੈ
ਘਰ ਫੂਕ ਕੇ
ਤਮਾਸ਼ਾ ਵੇਖਣ ਦੀ ਹੈ
ਲੋੜ ਹੈ ਨਿਕੰਮੇ ਬਣਨ ਦੀ
ਲੋੜ ਹੈ ਨਿਖੱਟੂ ਬਣਨ ਦੀ
ਲੋੜ ਹੈ ਸ਼ਬਦਾਂ ਦੇ
ਭਾਂਡੇ ਮੂਧੇ ਮਾਰਨ ਦੀ
ਤਾਂ ਕਿ ਉਹਨਾਂ ਵਿਚਲੇ
ਗੰਧਲੇ ਬਾਣੀਆ
ਅਰਥ ਡੁਲ੍ਹ ਜਾਣ।

ਇਹ ਸਾਰੀ ਧਰਤੀ
ਮੰਡੀ ਬਣ ਗਈ ਹੈ
ਖੁਲ੍ਹੀ ਮੰਡੀ
ਤੇ ਲੋਕ ਕੇਵਲ
ਬੋਲੀ ਦੇਣਾ ਜਾਣਦੇ ਹਨ
ਬੋਲੀ ਪਾਉਣੀ
ਭੁੱਲ ਗਏ ਹਨ
ਆਓ ਕੋਈ ਉਜਾੜ ਭਾਲੀਏ
ਕੋਈ ਬੀਆਬਾਨ ਲੱਭੀਏ
ਜਿਥੇ ਕਿਸੇ ਪੰਛੀ ਦੀ
ਕੂਕ ਸੁਣੇ
ਵਗਦੇ ਦਰਿਆ ਦੀ
ਕਲ ਕਲ ਸੁਣੇ
ਆਓ ਬੇਬਵੀਆਂ ਮਾਰੀਏ
'ਬੇਅਰਥ' ਗੱਲਾਂ ਕਰੀਏ
ਆਓ ਦਾਅ ਤੇ
ਲੱਗਣ ਤੋਂ ਇਨਕਾਰ ਕਰੀਏ

## ਤੂੰ ਤਾਂ ਮੈਨੂੰ ਜਾਣਦੈ

ਵਣ ਚੋਂ ਲੰਘਿਆ ਜਾਂਵਦਾ
ਬਿਰਛ ਨੇ ਫੜਿਆ ਹੱਥ
ਤੂੰ ਤਾਂ ਮੈਨੂੰ ਜਾਣਦੈ
ਤੂੰ ਮੇਰੀ ਗੱਲ ਦੱਸ

ਬੂੰਦ ਬੂੰਦ ਚੋਂ ਵਰਸਦਾ
ਰੀਧਕ ਅਤੇ ਤਿਜਾਬ
ਪੱਤਾ ਪੱਤਾ ਵੇਖਦਾ
ਮੁੜ ਮੁੜ ਆਪਣੇ ਦਾਗ
ਸੁਕਿਆ ਕਰੰਗ ਚਿੰਘਾੜਦਾ
ਚੁਕ ਚੁਕ ਝੂਲਸੀ ਬਾਂਹ
ਐਸੀ ਡਾਇਣ ਰੁੱਤ ਦਾ
ਕਦੇ ਨਾ ਸੁਣਿਆ ਨਾਂ
ਵਣ ਵਣ ਫਿਰਦੀ ਭਾਲਦੀ
ਫੁੱਲ ਕਲੀਆਂ ਦੀ ਰੱਤ
ਤੂੰ ਤਾਂ ਮੈਨੂੰ ਜਾਣਦੈ
ਤੂੰ ਮੇਰੀ ਗੱਲ ਦੱਸ

ਪੀ ਹਲਾਹਲ ਪਰਬਤਾਂ
ਡੂੰਘੀ ਧਾਰੀ ਚੁੱਪ
ਇਸ ਦੁਖਿਆਰੀ ਧਰਤ ਦਾ
ਕੋਈ ਨਾ ਦੱਸੇ ਦੁੱਖ
ਇਕੋ ਮਹਿਰਮ ਦੇਸ ਦਾ
ਉਸਨੂੰ ਸੁੰਘਿਆ ਸੱਪ
ਉਸਦੀ ਜੀਭ ਨੂੰ ਡੰਗਿਆ
ਲਾ ਜ਼ਹਿਰੀਲਾ ਟੱਕ

ਵਣ ਚੋਂ ਲੰਘਿਆ ਜਾਂਵਦਾ
ਫੜਿਆ ਕਵੀ ਦਾ ਹੱਥ
ਤੂੰ ਤਾਂ ਮੈਨੂੰ ਜਾਣਦੈ
ਤੂੰ ਮੇਰੀ ਗੱਲ ਦੱਸ

ਕਣ ਕਣ ਜੀਭਾਂ ਲੱਗੀਆਂ
ਕਣ ਕਣ ਲੱਗੀ ਅੱਖ
ਐਪਰ ਰਚਨਾ ਬੋਲ ਦੀ
ਕੀਤੀ ਤੇਰੇ ਵੱਸ

ਬੋਲਣ ਸਮੇਂ ਨਾ ਬੋਲਿਆ
ਜੇ ਨਾ ਮਾਰੀ ਧਾਹ
ਰਹਿ ਸੀ ਤੇਰੇ ਫਰੇਬ
ਇਹ ਅਸਮਾਨ ਗਵਾਹ

ਵਣ ਚੋਂ ਲੰਘਿਆ ਜਾਂਵਦਾ
ਬਿਰਛ ਨੇ ਫੜਿਆ ਹੱਥ
ਤੂੰ ਤਾਂ ਮੈਨੂੰ ਜਾਣਦੈ
ਤੂੰ ਮੇਰੀ ਗੱਲ ਦੱਸ

●

'ਦਰਿਆ ਕਿਵੇਂ ਬੋਲਦਾ ਹੈ'
ਇਸਦੇ ਕਿਨਾਰਿਆਂ ਤੋਂ ਪੁੱਛੋ
ਜਾਂ ਕੰਢਿਆਂ ਤੇ
ਖੜੇ ਬਿਰਛਾਂ ਤੋਂ
ਰੁੱਤਾਂ ਆਪਣੀਆਂ ਘਗਰੀਆਂ ਚੁੱਕ ਕੇ
ਇਸਦੇ ਪਾਣੀਆਂ ਵਿਚੋਂ
ਲੰਘਦੀਆਂ ਹਨ
ਇਸ ਵਿਚ ਨਹਾਉਂਦੀਆਂ ਹਨ
ਉਨ੍ਹਾਂ ਤੋਂ ਪੁੱਛੋ
ਜੇ ਕਦੇ ਦਰਿਆ ਨੇ
ਉਨ੍ਹਾਂ ਨਾਲ ਕੋਈ ਗੱਲ ਕੀਤੀ ਹੈ

ਕੰਢੇ ਕਹਿੰਦੇ ਹਨ
ਦਰਿਆ ਵਗਦਾ ਵੀ ਹੈ
ਅਤੇ ਖੜਾ ਵੀ
ਕੰਢਿਆਂ ਦੀਆਂ ਬਾਹਾਂ 'ਚ
ਹਮੇਸ਼ਾਂ ਪਾਣੀ ਰਹਿੰਦਾ ਹੈ
ਭਾਵੇਂ ਲਹਿਰਾਂ ਨਿਰੰਤਰ
ਵਗਦੀਆਂ ਰਹਿੰਦੀਆਂ ਹਨ
ਵਗਦੇ ਦਰਿਆ
ਸਦਾ ਸਮਾਧੀ ਵਿਚ ਰਹਿੰਦੇ ਹਨ
ਸਮਾਧੀ ਸਦਾ ਵਗਣਾ ਹੈ
ਸਦਾ ਟਿਕਣਾ ਹੈ।

●

ਜਦੋਂ ਸੂਰਜ ਮੇਰੇ
ਪਿੱਛੇ ਹੁੰਦਾ ਹੈ
ਮੇਰਾ ਪਰਛਾਵਾਂ
ਮੇਰੇ ਅੱਗੇ ਹੁੰਦਾ ਹੈ
ਮੈਂ ਪਰਛਾਵੇਂ
ਮਗਰ ਤੁਰਦਾ ਹਾਂ
ਜਦੋਂ ਸੂਰਜ ਮੇਰੇ
ਸਾਹਮਣੇ ਹੁੰਦਾ ਹੈ
ਮੇਰਾ ਪਰਛਾਵਾਂ
ਮੇਰੇ ਪਿੱਛੇ ਹੁੰਦਾ ਹੈ
ਪਰਛਾਵਾਂ ਮੇਰੇ ਮਗਰ ਤੁਰਦਾ ਹੈ

●

ਪੰਜ ਦਰਿਆ ਦੇ ਮੱਥੇ
ਦੇ ਵਿਚ
ਦੀਵਾ ਜਗਦਾ
ਲਹਿਰ ਲਹਿਰ ਵਿਚ
ਚਾਨਣ ਵਗਦਾ
ਵੇਖ ਵਿਛਾਣ ਰਹੇ ਨੇ ਤਾਰੇ
ਜੱਗ ਵਿਚ ਖਿੱਲਰੇ
ਥਾਂ ਥਾਂ ਪਿਆਰੇ
ਪਲਾਂ ਛਿਣਾਂ ਦਾ ਮੇਲਾ ਲੱਗਿਆ

ਨਵਤੇਜ ਭਾਰਤੀ

ਅਉਂਦੇ ਜਾਂਦੇ ਰੰਗ ਕਿਨਾਰੇ
ਦਿਲ ਦੀ ਧਰਤੀ ਵਿਚੋਂ ਉੱਗੇ
ਦੋ ਬੋਲਾਂ ਦੇ ਰੁੱਖ ਪਿਆਰੇ
ਇਕ ਰੁੱਖ ਹੇਠਾਂ ਗੌਤਮ ਬੈਠਾ
ਦੂਜੇ ਹੇਠਾਂ ਮਿਰਜ਼ਾ ਸੁੱਤਾ

ਗੌਤਮ ਨੂੰ ਜਦ ਗਿਆਨ ਹੋ ਗਿਆ
ਜੰਡ ਨੂੰ ਦੂਰੋਂ ਹਾਕਾਂ ਮਾਰੇ
ਗੌਤਮ ਬਣਨ ਤੋਂ ਪਹਿਲਾਂ ਮਿਰਜ਼ਾ
ਪਹੁੰਚ ਗਿਆ ਯਮਰਾਜ ਦੁਆਰੇ
ਬੋਹੜ ਜੰਡ ਸਦਾ ਤੋਂ ਲੜਦੇ
ਨਾ ਕੋਈ ਜਿੱਤੇ ਨਾ ਕੋਈ ਹਾਰੇ

●

ਭੁੱਖ ਨੂੰ ਛੂਹ ਕੇ
ਵੇਖ ਲਿਆ ਹੈ
ਭੁੱਖ ਨੂੰ ਜੁਹ ਕੇ
ਵੇਖ ਲਿਆ ਹੈ
ਜਦੋਂ ਭੁੱਖ ਲੱਗਦੀ ਹੈ
ਸਾਰੇ ਸ਼ਬਦਾਂ ਦੇ
ਅਰਥ 'ਰੋਟੀ' ਹੋ ਜਾਂਦੇ ਹਨ
ਸਾਰੀਆਂ ਚੀਜ਼ਾਂ
'ਰੋਟੀ' ਦੀ ਸ਼ਕਲ
ਧਾਰ ਲੈਂਦੀਆਂ ਹਨ
ਜਦੋਂ ਭੁੱਖ ਲੱਗਦੀ ਹੈ
ਬੰਦਾ ਕੇਵਲ 'ਢਿੱਡ' ਰਹਿ ਜਾਂਦਾ ਹੈ
ਅੱਖਾਂ ਅਤੇ ਕੰਨ
ਢਿੱਡ ਉੱਤੇ ਲੱਗ ਜਾਂਦੇ ਹਨ
ਜਦੋਂ ਭੁੱਖ ਲੱਗਦੀ ਹੈ
'ਬੰਦਾ' ਬੰਦਾ ਨਹੀਂ ਰਹਿੰਦਾ

●

ਤੁਰਨ ਵੇਲੇ
ਮੇਰੀ ਮਾਂ ਨੇ
ਮੈਨੂੰ ਕਿਹਾ ਸੀ
"ਜੇ ਤੂੰ ਮਾਰੂਥਲ
ਵਿਚ ਦੀ ਲੰਘਣਾ ਹੈ
ਤਾਂ ਦਰਿਆ ਬਣ ਕੇ
ਲੰਘੀਂ"
ਨਹੀਂ ਤਾਂ
ਮਾਰੂਥਲ ਦੇ
ਵਾ ਵਰੋਲੇ
ਤੈਨੂੰ ਚੁੱਕ ਕੇ
ਲੈ ਜਾਣਗੇ

○○ ●● ○○ ●● ○○


## MINT AUTO BODY

**AT NEW MORE CONVENIENT LOCATION**

- Complete professional auto-body repairs and refinishing on all makes and models.
- Complete frame work
- Free estimates
- All work conditionally guaranteed
- ICBC claims handed promptly
- Uni-body repairs
- Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ।

**ਭੁਪਿੰਦਰ (ਬੌਬ) ਸਹੋਤਾ**

ਫੋਨ: 433-1207

**6957 Waltham Ave., Burnaby, V5J 4V4**

## SIKANDER

HAIR STYLING (UNISEX)

**6605 FRASER ST. VANCOUVER**

**ਫਰੇਜ਼ਰ ਅਤੇ 50 ਐਵੀਨਿਊ ਉੱਪਰ**

ਅਸੀਂ ਹਰ ਤਰ੍ਹਾਂ ਦਾ ਕਟਿੰਗ ਤੇ ਸਟਾਇਲਿੰਗ ਦਾ ਕੰਮ ਕਰਦੇ ਹਾਂ। (Ladies & Gents)

- Colour
- Perms
- Facials Threadings
- Eyebrows Arching
- Lightening



ਫੋਨ: 327-1483

ਅਸੀਂ ਵਿਆਹਾਂ ਵਾਸਤੇ ਦੁਲਹਨ ਨੂੰ ਸਜਾਉਣ ਦਾ ਕੰਮ ਵੀ ਕਰਦੇ ਹਾਂ

# ਜੰਗ ਬਨਾਮ ਜੰਗ

ਜਰਨੈਲ ਸਿੰਘ

ਸੁਮੀਤ! ਅੱਜ ਮੈਂ ਉਸੇ ਸ਼ੈੱਡ ਵਿਚ ਬੈਠਾ ਹਾਂ, ਜਿੱਥੇ ਤਿੰਨ ਸਾਲ ਪਹਿਲਾਂ ਤੇਰੀ ਬੋਟੀ ਬੋਟੀ ਉਡਾ ਦਿੱਤੀ ਗਈ ਸੀ। ਆਪਣੇ ਸੁਕਆਡਰਨ ਦੇ ਬਾਕੀ ਸਾਥੀ ਤਾਂ ਸਮੇਂ ਸਮੇਂ, ਸਰਹੱਦ ਲਾਗੇ ਸਥਿਤ ਇਸ ਹਵਾਈ-ਅੱਡੇ 'ਤੇ ਆਉਂਦੇ ਰਹੇ ਨੇ ਪਰ ਮੈਂ ਤੇਰੀ ਮੌਤ ਤੋਂ ਬਾਅਦ ਅੱਜ ਪਹਿਲੀ ਵਾਰ ਇਥੇ ਆਇਆ ਹਾਂ। ਐਤਕੀਂ ਵੀ ਆਉਣ ਨੂੰ ਰੂਹ ਤਾਂ ਨਹੀਂ ਸੀ ਕਰਦੀ ਪਰ ਆਉਣਾ ਹੀ ਪਿਆ। ਆਪਣਾ ਸਾਰੇ ਦਾ ਸਾਰਾ ਸੁਕਆਡਰਨ ਤੇ ਇਧਰੋਂ ਉਧਰੋਂ ਕਈ ਹੋਰ ਸੁਕਆਡਰਨ  ਇਸ ਹਵਾਈ ਹੱਡੇ ਤੇ ਪਹੁੰਚੇ ਹੋਏ ਹਨ। ਪਹਿਲਾਂ ਇੰਟਰ-ਕਮਾਂਡ ਰੇਂਜ-ਫਾਇਰਿੰਗ ਅਧੀਨ ਸਾਰੇ ਸੁਕਆਡਰਨਾਂ ਦੇ ਆਪਸੀ ਮੁਕਾਬਲੇ ਹੋਣੇ ਹਨ ਤੇ ਬਾਅਦ 'ਚ ਵਾਯੂ-ਸੈਨਾ ਤੇ ਥਲ-ਸੈਨਾ ਦੀ ਵੱਡੇ ਪੱਧਰ ਤੇ ਇਕ ਜੰਗੀ ਐਕਸਰਸਾਈਜ਼ ਹੋਵੇਗੀ।

ਅੱਜ ਇਥੇ ਪਹੁੰਚਣ ਬਾਅਦ ਫਿਰ ਤੇਰੀਆਂ ਗੱਲਾਂ ਚਲ ਪਈਆਂ ਨੇ ਤੇ ਸ਼ੈੱਡ ਵਿਚ ਹਾਜ਼ਰ ਲੱਗਭੱਗ ਸਾਰੇ ਸਾਥੀ ਕੁੱਝ ਪਲਾਂ ਦਾ ਸਮਾਂ ਕੱਢ ਕੇ ਤੇਰੀ ਯਾਦ 'ਚ ਬਣਾਇਆ ਗਿਆ ਛੋਟਾ ਜਿਹਾ 'ਪਿਲਰ' ਵੇਖ ਆਏ ਨੇ। "ਪਰ ਕਾਹਲੀ ਕਾਹਲੀ ਵਿਚ ਤੇਰਾ ਪਿਲਰ ਦੇਖਣ ਆਉਣ ਨੂੰ ਮੇਰਾ ਦਿਲ ਨਹੀਂ ਸੀ ਮੰਨਿਆ ਤੇ ਮੈਂ ਆਪਣੀ ਟੂਲ-ਕਿੱਟ ਦੁਆਲੇ ਹੋ ਗਿਆ ਸਾਂ। ਇਸ ਰੇਂਜ-ਫਾਇਰਿੰਗ ਮੁਕਾਬਲੇ ਨੇ ਸਾਰਿਆਂ ਦੀਆਂ ਦੌੜਾਂ ਲੁਆਈਆਂ ਹੋਈਆਂ ਨੇ। ਪਹਿਲੀ ਉਡਾਣ ਗੰਨਰੀ ਦੀ ਸੀ। ਇੰਜਣ, ਇਲੈਕਟ੍ਰੀਕਲ- ਇੰਸਟਰੂਮੇਂਟਸ, ਰਿਗਰਜ਼, ਵਾਇਰਲੈਸ, ਰਾਡਾਰ ਤੇ ਹੋਰ ਸਾਰੀਆਂ ਤਕਨੀਕੀ ਟਰੇਡਾਂ ਦੇ ਸੈਨਿਕ ਆਪੋ ਆਪਣੇ ਕੰਮਾਂ 'ਚ ਰੁੱਝ ਗਏ ਸਨ। ਹਥਿਆਰ-ਸਾਜ਼ਾਂ ਨੇ ਹਜਾਰਾਂ ਗੋਲੀਆਂ ਵਾਲੀਆਂ ਲੰਮੀਆਂ ਲੰਮੀਆਂ ਬੈਲਟਾਂ ਨਾਲ ਜਹਾਜ਼ ਦੀਆਂ ਚਾਰੇ ਗੰਨਾਂ ਲੋਡ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਮੁਕਾਬਲੇ ਦਾ ਲੇਖਾ ਜੋਖਾ ਕਰਨ ਵਾਲੀ ਕਮੇਟੀ ਦੇ ਜੱਜ ਸ਼ੈੱਡ 'ਚ ਹਾਜ਼ਰ ਸਨ ਤੇ ਇਕ ਇਕ ਚੀਜ਼ ਨੋਟ ਕਰੀ ਜਾ ਰਹੇ ਸਨ। ਸੁਮੀਤ! ਤੈਨੂੰ ਪਤਾ ਹੀ ਹੈ, ਇਹ ਜੱਜ ਸਿਰਫ ਰੇਂਜ ਤੇ ਹਿੱਟ ਹੁੰਦੇ ਟਾਰਗਟ ਹੀ ਨਹੀਂ ਵੇਖਦੇ; ਸਗੋਂ ਗੰਨਾਂ, ਰਾਕਟ ਤੇ ਬੰਬ ਆਦਿਕ ਲੋਡ ਕਰਨ ਦੇ ਨਾਲ ਨਾਲ ਜਹਾਜ਼ ਨੂੰ ਹਰ ਪੱਖੋਂ ਛੇਤੀ ਤੋਂ ਛੇਤੀ ਤਿਆਰ ਕਰਨ ਤੋਂ ਲੈ ਕੇ, ਪਾਇਲਟ ਦੇ ਆਉਣ, ਜਹਾਜ਼ ਨੂੰ ਲੈ ਕੇ ਟੁਰਨ, ਹਵਾ ਵਿਚ ਚੜ੍ਹਨ ਤੇ ਟਾਰਗਟ ਤਕ ਪਹੁੰਚਣ ਦੇ ਇਕ ਇਕ ਕਾਰਜ ਦੇ ਟਾਈਮ ਤੇ ਅੰਦਾਜ਼ ਦੀ ਗਿਣਤੀ ਮਿਣਤੀ ਕਰਦੇ ਨੇ। ਜਹਾਜ਼ ਤੋਰ  ਕੇ ਹਟੇ ਹੀ ਸਾਂ ਕਿ ਆਪਣਾ ਫਲਾਈਟ-ਕਮਾਂਡਰ ਇਸ ਸ਼ੈੱਡ ਦੀ ਤਕਨੀਕੀ-ਟੀਮ ਨੂੰ ਸੰਬੋਧਨ ਕਰਨ ਆ ਗਿਆ। ਅਖੇ ਆਪਾਂ ਸਾਰਿਆਂ ਨੂੰ ਪੂਰਾ ਜ਼ੋਰ ਲਾਉਣਾ ਚਾਹੀਦਾ ਹੈ ਤਾਂ ਕਿ ਪਿਛਲੇ ਸਾਲ ਦੀ ਤਰ੍ਹਾਂ ਐਤਕੀਂ ਦੇ ਮੁਕਾਬਲੇ ਦੀ ਟਰਾਫੀ ਵੀ ਸਾਡੇ ਸੁਕਆਡਰਨ ਨੂੰ ਮਿਲੇ। ਮੈਂ ਸੋਚੀਂ ਪੈ ਗਿਆ ਸਾਂ ਕਿ ਕਿਹੋ ਜਿਹਾ ਮੁਕਾਬਲਾ ਹੈ ਇਹ? ਮੁਕਾਬਲੇ ਤਾਂ ਉਸਾਰੂ ਕਾਰਜਾਂ ਦੇ ਹੁੰਦੇ ਨੇ, ਤਬਾਹ-ਕੁੰਨ ਕੰਮਾਂ ਦੇ ਨਹੀਂ। ਮਨੁੱਖ ਅੰਦਰ ਬੈਠਾ ਹੰਕਾਰ ਸ਼ਾਇਦ ਉਸਨੂੰ ਅਜਿਹਾ ਸੋਚਣ ਨਹੀਂ ਦਿੰਦਾ।

ਖੈਰ ਵਿਹਲ ਜਿਹੀ ਮਹਿਸੂਸ ਕਰਦਿਆਂ ਮੇਰੇ ਕਦਮ ਤੇਰੇ 'ਪਿਲਰ' ਵਲ ਪੁੱਟੇ ਗਏ ਸਨ। ਸ਼ੈੱਡ ਦੇ ਨਾਲ ਹੀ ਬਾਹਰਵਾਰ ਬਣੇ 'ਪਿਲਰ' ਦੇ ਮੱਥੇ 'ਤੇ ਲੱਗੀ ਸੰਗਮਰਮਰ ਦੀ ਨਿੱਕੀ ਜਿਹੀ ਪਲੇਟ 'ਤੇ ਇਹ ਸ਼ਬਦ ਲਿਖੇ ਹੋਏ ਹਨ '354931 ਕਾਰਪੋਰਲ ਸੁਮੀਤ ਬੈਨਰਜੀ ਦੀ ਯਾਦ ਵਿਚ ਜਿਸਨੇ ਦੇਸ਼ ਦੀ ਰੱਖਿਆ ਕਰਦਿਆਂ ਆਪਣੀ ਜਾਨ ਕੁਰਬਾਨ ਕੀਤੀ'। ਨਾਲ ਤਾਰੀਖ, ਮਹੀਨਾ ਤੇ ਸਾਲ ਵੀ ਲਿਖੇ ਹੋਏ ਨੇ। ਤੇਰਾ ਸਰਵਿਸ ਨੰਬਰ, ਨਾਮ ਤੇ ਹੋਰ ਵੇਰਵਾ ਪੜ੍ਹਦਿਆਂ ਮੇਰਾ ਹੱਥ ਉਪਰ ਉੱਠ ਗਿਆ ਸੀ। ਸੁਮੀਤ! ਤੈਨੂੰ ਸੈਲਿਊਟ ਕਰਦਿਆਂ ਮੇਰਾ ਹੱਥ ਕੰਬ ਗਿਆ ਸੀ। ਲਿਖੀ ਹੋਈ ਮਿਤੀ ਦਾ ਦੁਖਾਂਤ ਮੇਰੀਆਂ ਅੱਖਾਂ ਸਾਹਵੇਂ ਘੁੰਮ ਗਿਆ ਸੀ.......ਜੰਗ ਦੇ ਦਿਨ ਸਨ, ਆਪਣੇ ਇਸ ਸ਼ੈੱਡ ਦਾ ਜਹਾਜ਼ ਦੂਜੇ ਸ਼ੈੱਡਾਂ ਦੇ ਹੋਰ ਜਹਾਜ਼ਾਂ ਸਮੇਤ ਦੁਸ਼ਮਣ ਦੇ ਇਕ ਹਵਾਈ-ਅੱਡੇ 'ਤੇ ਹਮਲਾ ਕਰਨ ਗਿਆ ਸੀ। ਦੁਸ਼ਮਣ ਦੀਆਂ ਜਹਾਜ਼-ਮਾਰੂ ਤੋਪਾਂ ਦੀ ਮਾਰ ਨਾਲ ਆਪਣੇ ਜਹਾਜ਼ ਦਾ ਇੰਜਣ ਡੈਮੇਜ ਹੋ ਗਿਆ ਸੀ। ਪਾਇਲਟ-ਮਸਾਂ ਹੀ ਖਿੱਚ ਧੂਹ ਕੇ ਜਹਾਜ਼ ਨੂੰ ਵਾਪਸ ਲਿਆਇਆ ਸੀ। ਤੂੰ ਤੇ ਮੈਂ ਚੈੱਕ ਕਰਕੇ ਵੇਖਿਆ ਸੀ ਕਿ ਇੰਜਣ ਮੁਰੰਮਤ ਤੋਂ ਬਾਹਰ ਸੀ ਤੇ ਬਦਲਣਾ ਪੈਣਾ ਸੀ। ਨਵੇਂ ਇੰਜਣ ਦਾ ਬੰਦੋਬਸਤ ਕੀਤਾ ਗਿਆ ਸੀ ਜੋ ਕਿ ਲੋਹੇ ਦੇ ਵੱਡੇ ਬਕਸੇ ਵਿਚ ਬੰਦ ਸੀ। ਬਕਸੇ ਸਮੇਤ ਇੰਜਣ ਸ਼ੈੱਡ ਵਿਚ ਲਿਆਉਣਾ ਅਸੰਭਵ ਸੀ। ਫੈਸਲਾ ਇਹ ਹੋਇਆ ਸੀ ਕਿ ਸ਼ੈੱਡ ਤੋਂ ਬਾਹਰ ਹੀ ਇੰਜਣ ਬਕਸੇ ਵਿਚੋਂ ਬਾਹਰ ਕੱਢਿਆ ਜਾਏ ਤੇ ਫਿਰ ਅੰਦਰ ਲਿਆਂਦਾ ਜਾਏ। ਬਕਸੇ ਦਾ ਉਪਰਲਾ ਢੱਕਣ ਵਖਰਾ ਕਰਨ ਉਪ੍ਰੰਤ ਆਪਾਂ ਕਰੇਨ ਰਾਹੀਂ ਇੰਜਣ ਨੂੰ ਉਤਾਂਹ ਲਿਆ ਰਹੇ ਸਾਂ। ਇਸ ਗੱਲ ਦੀ ਤਸੱਲੀ ਕਰਨ ਲਈ ਕਿ ਇੰਜਣ ਸਿੱਧਾ ਬਾਹਰ ਆਵੇ ਤੇ ਬਕਸੇ ਦੇ ਕਿਸੇ ਹਿੱਸੇ ਨਾਲ ਟਕਰਾ ਕੇ ਕੋਈ ਟੁੱਟ-ਭੱਜ ਨਾ ਹੋ ਜਾਏ, ਮੈਂ ਬਕਸੇ ਦੇ ਅੰਦਰ ਨਿਗ੍ਹਾ ਟਿਕਾਈ ਹੋਈ ਸੀ ਤੇ ਹੱਥਾਂ ਨਾਲ ਤੈਨੂੰ ਲੋੜੀਦੇ ਇਸ਼ਾਰੇ ਦੇ ਰਿਹਾ ਸਾਂ। ਤੂੰ ਮੇਰੇ ਇਸ਼ਾਰਿਆਂ ਵਲ ਵੇਖਦਾ ਹੋਇਆ ਕਰੇਨ-ਓਪਰੇਟਰ ਨੂੰ, ਕਰੇਨ ਸਹੀ ਕੋਣ ਤੇ ਰੱਖਣ ਲਈ ਹਦਾਇਤਾਂ ਦੇ ਰਿਹਾ ਸੈਂ। ਦੂਰ ਗੂੰਜ ਰਹੀ ਆਵਾਜ਼ ਦਾ ਭੁਲੇਖਾ ਜਿਹਾ ਮੇਰੇ ਕੰਨਾਂ ਨੂੰ ਪਿਆ ਸੀ ਤੇ ਮੇਰੀ ਨਿਗ੍ਹਾ ਅਸਮਾਨ ਵਲ ਚਲੀ ਗਈ ਸੀ। 'ਮੇਰੇ ਯਾਰ! ਕੋਛ ਨਹੀਂ ਹੈ। ਕਯੋਂ ਡਰੇ ਜਾ ਰਹਾ ਹੈ, ਕਾਮ ਕੀ ਤਰਫ ਧਿਆਨ ਰਖੋ।' ਆਪਣੀ ਬੰਗਾਲੀ ਸਟਾਈਲ ਹਿੰਦੀ ਵਿਚ ਤੂੰ ਮੈਨੂੰ ਮਿੱਠੀ ਜਿਹੀ ਝਿੜਕ ਦਿੱਤੀ ਸੀ।

ਇੰਜਣ ਬਕਸੇ ਵਿਚੋਂ ਬਾਹਰ ਆ ਚੁਕਾ ਸੀ। ਕਰੇਨ-ਓਪਰੇਟਰ ਨੇ ਹਵਾ ਵਿਚ ਲਟਕ ਰਹੇ ਇੰਜਣ ਨੂੰ ਇੰਜਣ-ਸਟੈਂਡ ਵਲ ਘੁਮਾਇਆ ਹੀ ਸੀ ਕਿ ਦੁਸ਼ਮਣ ਦੇ ਅਚਾਨਕ ਆ ਧਮਕੇ ਦੋ ਜਹਾਜ਼ਾਂ ਨੇ ਸਾਡੇ ਉਪਰ ਸਟਰੇਫਿੰਗ ਸ਼ੁਰੂ ਕਰ ਦਿੱਤੀ ਸੀ। ਉਹ ਬਹੁਤ ਹੀ ਨੀਵੇਂ ਆਏ ਸਨ, ਜਿਸ ਕਰਕੇ ਸਾਡੇ ਰਾਡਾਰ ਨੂੰ ਪਤਾ ਨਹੀਂ ਸੀ ਲੱਗ ਸਕਿਆ ਤੇ ਵਾਰਨਿੰਗ ਵਜੋਂ ਕੋਈ ਸਾਇਰਨ ਨਹੀਂ ਸੀ ਵੱਜਿਆ। ਪਲਾਂ ਵਿਚ ਹੀ ਦੋਵੇਂ ਜਹਾਜ ਸਾਡੇ ਹਵਾਈ-ਅੱਡੇ 'ਤੇ ਛਾ ਗਏ ਸਨ। ਸਾਨੂੰ ਹਿੱਟ ਕਰਨ ਬਾਅਦ ਉਨ੍ਹਾਂ ਦੀਆਂ ਤੜ ਤੜ ਕਰਦੀਆਂ ਗੋਲੀਆਂ ਸਾਡੇ ਦੋ ਟਰੱਕਾਂ, ਇਕ ਟ੍ਰੈਕਟਰ ਅਤੇ ਇਕ ਜਹਾਜ਼ ਉਤੇ ਵਰ੍ਹਨ ਲੱਗ ਪਈਆਂ ਸਨ ਜੋ ਕਿਸੇ ਕਾਰਨ ਕਰਕੇ ਸ਼ੈੱਡਾਂ ਤੋਂ ਬਾਹਰ ਪਾਰਕ ਕੀਤੇ ਹੋਏ ਸਨ। ਜਦੋਂ ਸਾਡੀਆਂ ਜਹਾਜ਼-ਮਾਰੂ ਤੋਪਾਂ ਐਕਸ਼ਨ 'ਚ ਆਈਆਂ ਉਹ ਤਬਾਹੀ ਮਚਾ ਕੇ ਦੌੜ ਗਏ ਸਨ। ਮੋਰਚਿਆਂ 'ਚ ਲੁਕੇ ਸੈਨਿਕਾਂ ਦੇ ਸਾਹ ਸੂਤੇ ਗਏ ਸਨ। ਦਹਿਸ਼ਤ ਦੇ ਡਾਇਣ ਵਰਗੇ ਰੂਪ ਨੂੰ ਵੇਖਕੇ ਹਵਾ ਜਿਵੇਂ ਆਪਣੀ ਦਿਸ਼ਾ ਭੁੱਲ ਗਈ ਸੀ ਤੇ ਫਿਰ ਹਵਾਈ-ਅੱਡੇ ਦੇ ਕੋਨੇ ਕੋਨੇ ਵਿਚ

ਇਕ ਡਰਾਉਣੀ ਜਿਹੀ ਚੁੱਪ ਪਸਰ ਗਈ ਸੀ। ਕੁੱਝ ਦੇਰ ਬਾਅਦ ਮੇਰੇ ਸੁੰਨ ਹੋਏ ਦਿਮਾਗ ਨੂੰ ਸੁਰਤ ਜਿਹੀ ਆਈ ਸੀ, ਮੈਂ ਠੀਕ ਠਾਕ ਸਾਂ। ਵਰ੍ਹਦੀ ਅੱਗ 'ਚ ਮੇਰਾ ਬਚਾਅ ਸ਼ਾਇਦ ਇਸ ਕਰਕੇ ਹੋ ਗਿਆ ਸੀ ਕਿ ਮੈਂ ਥਾਂ ਹੀ ਵਿੱਛ ਗਿਆ ਸਾਂ ਤੇ ਰੀਂਗਦਾ ਰੀਂਗਦਾ ਲਾਗਲੇ ਟੋਏ ਵਿਚ ਜਾ ਪਿਆ ਸਾਂ। ਤੇਰਾ ਖਿਆਲ ਆਉਣ ਤੇ ਮੈਂ ਇਕ ਦਮ ਟੋਏ ਤੋਂ ਬਾਹਰ ਉਲਰਿਆਂ ਸਾਂ। ਇੰਜਣ ਦੇ ਟੁੱਕੜੇ ਟੁੱਕੜੇ ਹੋ ਗਏ ਸਨ। ਕਰੇਨ ਨੂੰ ਅੱਗ ਪੈ ਚੁਕੀ ਸੀ। ਕਰੇਨ ਓਪਰੇਟਰ ਗੰਭੀਰ ਤੌਰ ਤੇ ਜ਼ਖਮੀ ਹੋਇਆ ਪਿਆ ਸੀ। ਪਰ ਸੁਮੀਤ! ਤੂੰ.....ਤੂੰ ਕਿਧਰੇ ਵੀ ਨਜ਼ਰ ਨਹੀਂ ਸੈਂ ਆ ਰਿਹਾ.....ਤੇਰਾ ਬੋਟੀ ਬੋਟੀ ਹੋਇਆ ਸਰੀਰ ਵੇਖਕੇ ਮੇਰਾ ਸਿਰ ਚਕਰਾ ਗਿਆ ਸੀ ਤੇ ਮੈਨੂੰ ਇੰਜ ਲੱਗਾ ਸੀ ਜਿਵੇਂ ਸਾਰਾ ਬ੍ਰਹਿਮੰਡ ਹੀ ਉਲਟਦਾ ਜਾ ਰਿਹਾ ਹੋਵੇ।

ਸੁਕਆਡਰਨ ਕਮਾਂਡਰ ਸਮੇਤ ਸਾਰੇ ਅਫਸਰ ਇਕੱਠੇ ਹੋ ਗਏ ਸਨ। ਕਰੇਨ-ਓਪਰੇਟਰ ਨੂੰ ਹਸਪਤਾਲ ਭੇਜ ਦਿੱਤਾ ਗਿਆ ਸੀ। ਤੇਰਾ ਟੋਟੇ ਟੋਟੇ ਹੋਇਆ ਸਰੀਰ ਕਫਿਨ-ਬਕਸ ਵਿਚ ਰੱਖਦਿਆਂ, ਅਸੀਂ ਤੇਰਾ ਸੰਸਕਾਰ ਕਰਨ ਦੀ ਤਿਆਰੀ ਕਰਨ ਲੱਗ ਪਏ ਸਾਂ। ਆਖਰੀ ਸਲਾਮੀ ਦੇਣ ਵਾਸਤੇ ਅਜੇ ਰਾਈਫਲਾਂ ਉਪਰ ਉਠਾਈਆਂ ਹੀ ਸਨ ਕਿ ਸਾਇਰਨ ਵੱਜ ਗਿਆ ਸੀ। ਫਿਊਨਰਲ-ਅਫਸਰ ਦੀਆਂ ਹਦਾਇਤਾਂ ਤੇ ਅਸੀ ਸਾਰੇ ਮੋਰਚਿਆਂ ਵਿਚ ਜਾ ਲੁਕੇ ਸਾਂ। ਹਮਲਾਵਰ ਪਾਇਲਟਾਂ ਨੇ ਤੇਰੀ ਜਲ ਰਹੀ ਚਿਖਾ ਨੂੰ ਸ਼ਾਇਦ ਜਲ ਰਿਹਾ ਤੇਲ-ਭੰਡਾਰ ਜਾਂ ਬਰੂਦ-ਭੰਡਾਰ ਸਮਝ ਲਿਆ ਸੀ ਤੇ ਉਨ੍ਹਾਂ ਨੇ ਉਸ ਉਤੇ ਰਾਕਟ ਬਰਸਾਉਣੇ ਸ਼ੁਰੂ ਕਰ ਦਿੱਤੇ ਸਨ। ਅੱਗ ਹੋਰ ਵੀ ਤੇਜ਼ ਹੋ ਗਈ ਸੀ। ਸਾਡੇ ਹਵਾਈ-ਅੱਡੇ ਦੀਆਂ ਜਹਾਜ਼-ਮਾਰੂ ਤੋਪਾਂ ਨਾਲ ਚਾਲਾਂ ਖੇਡਦਿਆਂ ਉਹ ਮੁੜ ਮੁੜ ਰਾਕਟਿੰਗ ਕਰੀ ਜਾ ਰਹੇ ਸਨ ਤੇ ਤੇਰੀ ਚਿਖਾ ਰਾਕਟਾਂ ਦੀ ਵਾਛੜ ਵਿਚ ਗੁਆਚ ਗਈ ਸੀ। ਦੂਰ ਦੂਰ ਤੀਕਰ ਧੂੰਏਂ ਤੇ ਮਿੱਟੀ-ਘੱਟੇ ਦਾ ਗੁਬਾਰ ਫੈਲ ਗਿਆ ਸੀ। ਮੋਰਚੇ ਵਿਚ ਬੈਠਾ ਮੈਂ ਵਿਗਿਆਨ ਦੇ ਚਮਤਕਾਰ ਵੇਖ ਰਿਹਾ ਸਾਂ। ਸੁਮੀਤ! ਅਸਾਂ ਤੈਨੂੰ ਰਾਈਫਲਾਂ ਨਾਲ ਸਲਾਮੀ ਦੇਣੀ ਸੀ। ਅਗਲੇ ਜਹਾਜ਼ਾਂ ਨਾਲ ਦੇ ਗਏ। ਨਹੀਂ ਦੋਸਤ! ਇਹ ਸਲਾਮੀ ਨਹੀਂ ਸੀ। ਸਿੱਕੇ-ਬਰੂਦ ਦੇ ਭੰਡਾਰਾਂ ਵਿਚੋਂ ਉਪਜੀ ਮਨੁੱਖ ਦੀ ਹੋਛੀ ਮਾਨਸਿਕਤਾ ਸੀ। ਮਨੁੱਖ ਪ੍ਰਤੀ ਮਨੁੱਖ ਦੀ ਵਧ ਰਹੀ ਨਫਰਤ ਤੇ ਈਰਖਾ ਦਾ ਸ਼ੈਤਾਨੀ ਰੂਪ ਸੀ।

ਸਾਡੇ ਸ਼ੈੱਡ ਦਾ ਜਹਾਜ਼ ਰੇਜ ਮੁਕਾਬਲੇ ਤੋਂ ਵਾਪਸ ਆ ਗਿਐ ਤੇ ਜੱਜਾਂ ਦੀ ਟੋਲੀ ਵੀ ਆਣ ਪਹੁੰਚੀ ਹੈ। ਗੰਨਾਂ ਦੀਆਂ ਬੈਰਲਾਂ ਦੇ ਆਲੇ ਦੁਆਲੇ ਦੇ ਹਿੱਸੇ ਉਤੇ ਕਾਫੀ ਕਾਲਖ ਨਜ਼ਰ ਆ ਰਹੀ ਹੈ। ਪਾਇਲਟ ਨੇ ਦੱਸਿਐ ਕਿ ਜਹਾਜ ਓ.ਕੇ ਹੈ, ਚਾਰੇ ਗੰਨਾਂ ਸਹੀ ਓਪਰੇਟ ਹੋਈਆਂ ਨੇ ਤੇ ਉਸਨੇ ਕਾਫੀ ਗੋਲੀਆਂ ਨਿਸ਼ਾਨੇ ਤੇ ਮਾਰੀਆਂ ਨੇ। ਅਗਲੀ ਉਡਾਣ ਰਾਕਟਿੰਗ ਦੀ ਹੈ। ਹਥਿਆਰ-ਸਾਜ਼ ਗੰਨਾਂ ਕਲੀਅਰ ਕਰਨ ਬਾਅਦ ਗੋਲੀਆਂ ਦੀਆਂ ਬੈਲਟਾਂ ਉਤਾਰਨ ਲੱਗ ਪਏ ਹਨ। ਕਾਰਤੂਸਾਂ ਦੇ ਖੋਲਾਂ ਦਾ ਢੇਰ ਇਕ ਬਕਸੇ ਵਿਚ ਸਮੇਟ ਲਿਆ ਗਿਆ ਹੈ। ਜਹਾਜ਼ 'ਚ ਬੀੜਿਆ ਰਾਕਟ-ਲਾਂਚਰ ਥੱਲੇ ਨੂੰ ਕਰਕੇ ਰਾਕਟ ਲੋਡਿੰਗ ਸ਼ੁਰੂ ਹੋ ਚੁੱਕੀ ਹੈ। ਮਿੰਟਾਂ ਵਿਚ ਹੀ ਫਿਊਲ, ਇੰਜਣ-ਆਇਲ, ਆਕਸੀਜਨ ਭਰਕੇ ਤੇ ਹੋਰ ਸਾਰਾ ਕੁਝ ਚੈੱਕ ਕਰਨ ਬਾਅਦ ਅਸੀਂ ਆਪੋ ਆਪਣੇ ਦਸਖ਼ਤ ਕਰ ਦਿੱਤੇ ਹਨ। ਪਾਇਲਟ ਆ ਪਹੁੰਚੇ।

ਰੱਨ-ਵੇ ਵਲ ਨੂੰ ਤੁਰੇ ਜਾ ਰਹੇ ਝੂਮਦੇ ਜਹਾਜ਼ ਵਿਚ ਲੱਦੇ ਹੋਏ ਰਾਕਟ ਸੈਂਕੜੇ ਹਜਾਰਾਂ ਜਾਨਾਂ ਮੁਕਾ ਸਕਦੇ ਹਨ।.....ਤੇ ਸੁਮੀਤ! ਰਾਕਟਾਂ ਨਾਲ ਉਡਾਈ ਗਈ ਤੇਰੀ ਚਿਖਾ ਵਿਚੋਂ ਕੁਝ ਨਹੀਂ ਸੀ ਬਚਿਆ ਜੋ ਅਸਥੀਆਂ ਦੇ ਰੂਪ ਵਿਚ ਤੇਰੀ ਪਤਨੀ ਮਿਸਿਜ਼ ਸੁਰੁਚੀ ਬੈਨਰਜੀ ਦੇ ਹਵਾਲੇ ਕੀਤਾ ਜਾ ਸਕਦਾ।

‘ਤੂੰ ਬੰਗਾਲੀ ਤੇ ਮੈਂ ਪੰਜਾਬੀ ...ਤੇ ਸਾਡੀਆਂ ਕਵਿਤਾਵਾਂ ਸਾਨੂੰ ਇਕ ਦੂਜੇ ਦੇ ਹੋਰ ਨੇੜੇ ਲੈ ਆਈਆਂ ਸਨ।’

ਉਂਝ ਜੰਗ ਵਿਚ ਸੈਨਿਕਾਂ ਦੇ ਸੰਸਕਾਰ ਕਰਨ, ਅਸਥੀਆਂ ਸਾਂਭਣ ਤੇ ਉਨ੍ਹਾਂ ਦੇ ਘਰੀਂ ਪਹੁੰਚਾਣ ਦੀ ਕੋਈ ਰੀਤ ਨਹੀਂ ਹੁੰਦੀ। ਪਰ ਆਪਣਾ ਸੁਕਆਡਰਨ ਕਮਾਂਡਰ ਭਲਾ ਬੰਦਾ ਸੀ। ਸਾਰੀ ਯੂਨਿਟ ਨੂੰ ਇਕ ਟੱਬਰ ਵਾਂਗ ਸਮਝਦਾ ਸੀ। ਤੇਰੀ ਪਤਨੀ ਵਲੋਂ ਫੂਨ ਤੇ ਕੀਤੀ ਬੇਨਤੀ ਅਤੇ ਸਾਡੇ ਸਾਰਿਆਂ ਵਲੋਂ ਕਹਿਣ ਤੇ ਉਹ ਰਜ਼ਾਮੰਦ ਹੋ ਗਿਆ ਸੀ। ਤੇ ਤੇਰੇ ਸੰਸਕਾਰ ਵਾਲੀ ਥਾਂ ਤੋਂ ਕੁਝ ਸੁਆਹ ਵਗੈਰਾ ਇਕੱਠੀ ਕਰਕੇ ਬਰੂਦ ਦੇ ਇਕ ਖਾਲੀ ਪਰ ਸੁਹਣੇ ਡੱਬੇ ਵਿਚ ਪਾਈ ਗਈ ਸੀ। ਇਥੋਂ ਦੋ ਸੌ ਕਿਲੋਮੀਟਰ ਦੀ ਦੂਰੀ ਤੇ ਸਥਿਤ ਆਪਣੇ ਸੁਕਆਡਰਨ ਦੇ ਬੇਸ ਵਿਖੇ ਰਹਿ ਰਹੀ ਤੇਰੀ ਪਤਨੀ ਨੂੰ ਤੇਰੀਆਂ ਅਸਥੀਆਂ ਸੌਂਪਣ ਵਾਸਤੇ ਮੇਰੀ ਤੇ ਇਕ ਹੋਰ ਸਾਥੀ ਦੀ ਡਿਊਟੀ ਲਗਾਈ ਗਈ ਸੀ।

ਤੇ ਸੁਮੀਤ ! ਜਦੋਂ ਮੈਂ ਆਪਣੇ ਸਾਥੀ ਸਮੇਤ ਤੇਰੇ ਕੁਆਟਰ ਸਾਹਮਣੇ ਪੁੱਜਾ ਸਾਂ ਤਾਂ ਕੁੱਝ ਦਿਨ ਪਹਿਲਾਂ ਬੀਤੀ ਉਹ ਘਟਨਾ ਮੇਰੀਆਂ ਅੱਖਾਂ ਅੱਗੇ ਘੁੰਮ ਗਈ ਸੀ.......ਜੰਗ ਛਿੜਨ ਤੇ ਆਪਣੇ ਸੁਕਆਡਰਨ ਨੂੰ ਸਰਹੱਦ ਲਾਗੇ ਸਥਿਤ ਇਸ ਹਵਾਈ-ਅੱਡੇ ਤੋਂ ਓਪਰੇਟ ਕਰਨ ਦਾ ਹੁਕਮ ਹੋਇਆ ਸੀ। ਸਾਨੂੰ ਬੇਰਕਾਂ ਵਿਚੋਂ ਲੈਣ ਬਾਅਦ, ਫੌਜੀ-ਟਰੱਕ – ਜਿਸ ਰਾਹੀਂ ਆਪਾਂ ਇਥੇ ਪੁੱਜਣਾ ਸੀ – ਕੁਆਰਟਰਾਂ ਵਿਚੋਂ ਹੁੰਦਾ ਹੋਇਆ ਤੇਰੇ ਕੁਆਟਰ ਸਾਹਮਣੇ ਆ ਰੁਕਿਆ ਸੀ। ਮੈਂ ਟਰੱਕ ਦੇ ਪਿਛਲੇ ਪਾਸੇ ਖੜਾ ਸਾਂ। ਤੈਨੂੰ ਹੈਲੋ ਤੇ ਸੁਰੁਚੀ ਨੂੰ ਨਮਸਤੇ ਕਹੀ ਸੀ। ਤੇਰਾ ਬੈੱਡ-ਹੋਲਡਆਲ ਤੇ ਅਟੈਚੀ ਫੜਕੇ ਟਰੱਕ ਵਿਚ ਰੱਖ ਲਏ ਸਨ। ਤੂੰ ਆਪਣੇ ਚਿਹਰੇ ਉਪਰ ਛਾਈ ਉਦਾਸੀ ਥੱਲਿਉਂ ਮੁਸਕਰਾਉਣ ਦੀ ਕੋਸ਼ਿਸ਼ ਕਰਦਿਆਂ ਸੁਰੁਚੀ ਨੂੰ ਕਿਹਾ ਸੀ, 'ਅੱਛਾ ਸੁਰੁਚੀ! ਮੈਂ ਜਲਦੀ ਲੌਟੂੰਗਾ।'

'ਅਪਨਾ ਖਿਆਲ ਰੱਖਨਾ!' ਸੁਰੁਚੀ ਦੀ ਮੁਸਕਰਾਹਟ ਉਸਦੀ ਘਬਰਾਹਟ ਨੂੰ ਛੁਪਾ ਨਹੀਂ ਸੀ ਸਕੀ।

ਤੂੰ ਟਰੱਕ ਵਿਚ ਆ ਚੜ੍ਹਿਆ ਸੈਂ। ਸੁਰੁਚੀ ਦੇ ਸੁੰਨ ਜਿਹੇ ਚਿਹਰੇ ਵਲ ਵੇਖਦਿਆਂ ਮੈਂ ਉੱਚੀ ਦੇਣੀ ਬੋਲਿਆ ਸਾਂ, 'ਭਾਬੀ! ਘਬਰਾਨਾ ਨਹੀਂ। ਮੈਂ ਸੁਮੀਤ ਦਾ ਪੂਰਾ ਖਿਆਲ ਰਖੂੰਗਾ।'

ਅਗਲਾ ਮੋੜ ਮੁੜਨ ਤੀਕਰ ਤੇਰਾ ਹੱਥ ਸੁਰੁਚੀ ਦੇ ਹਿਲ ਰਹੇ ਹੱਥ ਦੇ ਜਵਾਬ ਵਿਚ ਹਿਲਦਾ ਰਿਹਾ ਸੀ।

ਤੇ ਸੁਮੀਤ! ਜਦੋਂ ਮੈਂ ਅਸਥੀਆਂ ਵਾਲਾ ਡੱਬਾ ਉਠਾਈ ਤੇਰੇ ਕੁਆਰਟਰ ਵਿਚ ਦਾਖਲ ਹੋ ਰਿਹਾ ਸਾਂ ਤਾਂ ਮੇਥੋਂ ਪੈਰ ਨਹੀਂ ਸਨ ਪੁੱਟੇ ਜਾ ਰਹੇ। ਮੇਰੀਆਂ ਲੱਤਾਂ ਜਿਵੇਂ ਛਿੱਤਰ-ਬੋਹਰਾਂ ਦੀ ਵਾੜ ਵਿਚ ਫਸ ਗਈਆਂ ਹੋਣ। ਵਰਾਂਡੇ 'ਚ ਪਹੁੰਚ ਕੇ ਅਸੀਂ ਰੁਕ ਗਏ ਸਾਂ। ਵੱਡੇ ਕਮਰੇ ਵਿਚ ਸੁਰੁਚੀ ਦੁਆਲੇ ਆਸ ਪੜੋਸ ਦੇ ਕੁਆਰਟਰਾਂ ਦੀਆਂ ਔਰਤਾਂ ਬੈਠੀਆਂ ਹੋਈਆਂ ਸਨ। ਤੇਰੇ ਮਾਂ ਪਿਉ ਤੇ ਭਰਾ ਵੀ ਪੁੱਜ ਚੁੱਕੇ ਸਨ। ਹਵਾਈ-ਸੈਨਾ ਦੇ ਵਾਇਰਲੈਸ ਸਿਸਟਮ ਰਾਹੀਂ ਉਨ੍ਹਾਂ ਨੂੰ ਤੁਰੰਤ ਖਬਰ ਕਰ ਦਿੱਤੀ ਗਈ ਸੀ। ਸਾਰੇ ਜਣੇ ਉੱਠਕੇ ਸਾਡੇ ਕੋਲ ਵਰਾਂਡੇ 'ਚ ਆ ਗਏ ਸਨ। ਗੁੰਮ ਸੁੰਮ ਤੇ ਪੀਲੀ ਭੂਕ ਹੋਈ ਸੁਰੁਚੀ ਦੀਆਂ ਗੁਆਚੀਆਂ ਅੱਖਾਂ ਦਾ ਮੈਂ ਸਾਹਮਣਾ ਨਹੀਂ ਸਾਂ ਕਰ ਸਕਿਆ। ਮੈਨੂੰ ਇੰਜ ਲੱਗਾ ਸੀ ਜਿਵੇਂ ਉਹ ਮੈਥੋਂ ਪੁੱਛ ਰਹੀ ਹੋਵੇ, 'ਅਵਿਨਾਸ਼! ਕਹਾਂ ਛੋੜ ਆਇਆ ਹੈ ਮੇਰੇ ਸੁਮੀਤ ਕੋ। ਤੂ ਨੇ ਤੋ ਕਹਾ ਥਾ ਕਿ ਉਸਕਾ ਖਿਆਲ ਰਖੂੰਗਾ।' ਬੇਜਾਨ ਜਿਹੇ ਹੱਥਾਂ ਨਾਲ ਮੈਂ ਡੱਬਾ ਸੁਰੁਚੀ ਵਲ ਵਧਾਇਆ ਸੀ। ਕੰਬਦੇ ਹੱਥਾਂ ਨਾਲ ਫੜਦਿਆਂ ਡੱਬਾ ਉਸਨੇ ਛਾਤੀ ਨਾਲ ਲਾ ਲਿਆ ਸੀ ਤੇ ਤੇਰਾ ਨਾਂ ਪੁਕਾਰਦਿਆਂ ਉਸਦੀਆਂ ਧਾਹਾਂ ਨਿਕਲ ਗਈਆਂ ਸਨ। ਮੈਂ ਆਪਣੇ ਹੰਝੂ ਨਹੀਂ ਸਾਂ ਰੋਕ ਸਕਿਆ। ਸਿਰਫ ਏਨਾ ਹੀ ਕਹਿ ਸਕਿਆ ਸਾਂ, 'ਭਾਬੀ! ਮੁਝੇ ਬਹੁਤ ਦੁੱਖ ਹੈ, ਸੁਮੀਤ ਮੇਰਾ ਬਹੁਤ ਹੀ ਪਿਆਰਾ ਦੋਸਤ ਥਾ।'

ਕੁਝ ਦੇਰ ਤੇਰੇ ਮਾਂ ਬਾਪ ਕੋਲ ਬੈਠਣ ਬਾਅਦ, ਅੰਦਰੋਂ ਤਿੜਕਿਆ ਹੋਇਆ, ਮੈਂ ਆਪਣੇ ਸਾਥੀ ਸਮੇਤ ਫਿਰ ਇਸ ਹਵਾਈ-ਅੱਡੇ ਤੇ ਆ ਪਹੁੰਚਾ ਸਾਂ, ਚਲ ਰਹੀ ਜੰਗ ਵਿਚ ਆਪਣੀ ਡਿਊਟੀ ਨਿਭਾਉਣ ਲਈ।

ਤੇਰੀ ਮੌਤ ਤੋਂ ਕੁਝ ਦਿਨ ਬਾਅਦ ਜੰਗ ਬੰਦ ਹੋ ਗਈ ਸੀ। ਜਦੋਂ ਸਾਡਾ ਸੁਕਆਡਰਨ ਬੇਸ 'ਤੇ ਪਹੁੰਚਾ ਤਾਂ ਪਤਾ ਲੱਗਾ ਕਿ ਤੇਰੇ ਮਾਂ ਪਿਉ ਤੇ ਭਰਾ ਸੁਰੁਚੀ ਨੂੰ ਆਪਣੇ ਨਾਲ ਕਲਕਤੇ ਲੈ ਗਏ ਸਨ। ਤੇ ਇਹ ਵੀ ਪਤਾ ਲੱਗਾ ਸੀ ਕਿ ਉਹ ਆਪਣੇ ਹਵਾਈ-ਅੱਡੇ ਦੇ ਸੈਂਟ੍ਰਲ ਸਕੂਲ ਦੀ ਅਧਿਆਪਕਾ ਦੀ ਨੌਕਰੀ ਤੋਂ ਅਸਤੀਫਾ ਦੇ ਗਈ ਸੀ।

ਸੁਮੀਤ! ਤੇਰੀ ਮੌਤ ਤੋਂ ਬਾਅਦ ਦੇ ਕੁੱਝ ਮਹੀਨੇ ਮੈਂ ਝੂਰ ਝੂਰ ਕੇ ਲੰਘਾਏ ਸਨ। ਤੇਰੇ ਤੇ ਸੁਰੁਚੀ ਨਾਲ ਬਿਤਾਏ ਪਲਾਂ ਦੀ ਯਾਦ ਮੇਰੀ ਰੂਹ ਨੂੰ ਬੇਚੈਨ ਕਰਦੀ ਰਹਿੰਦੀ। ਕਿੰਨੀ ਗੂਹੜੀ ਸੀ ਆਪਣੀ ਦੋਸਤੀ। ਸਾਡੇ ਸੈਨਿਕ ਸਾਥੀ ਆਪਣੀ ਮਿੱਤਰਤਾ ਤੇ ਹੈਰਾਨ ਸਨ। ਤੂੰ ਬੰਗਾਲੀ ਤੇ ਮੈਂ ਪੰਜਾਬੀ...ਤੇ ਸਾਡੀਆਂ ਕਵਿਤਾਵਾਂ ਸਾਨੂੰ ਇਕ ਦੂਜੇ ਦੇ ਹੋਰ ਨੇੜੇ ਲੈ ਆਈਆਂ ਸਨ। ਤੂੰ ਪੰਜਾਬੀ ਸਮਝਣ ਲੱਗ ਪਿਆ ਸੈਂ ਤੇ ਮੈਂ ਬੰਗਾਲੀ। ਅਤੇ ਇਕ ਦੂਜੇ ਦੀ ਭਾਸ਼ਾ ਬੋਲਣ ਵਿਚ ਵੀ ਆਪਾਂ ਦਿਲਚਸਪੀ ਲੈਣ ਲੱਗ ਪਏ ਸਾਂ। ਤੂੰ ਕਾਟੀ-ਵੰਡ ਅਤੇ ਮੈਂ ਤਿੜਕ ਰਹੇ ਮਨੁੱਖੀ ਰਿਸ਼ਤਿਆਂ ਬਾਰੇ ਕਵਿਤਾਵਾਂ ਲਿਖਦਾ ਹੁੰਦਾ ਸਾਂ।......ਫਿਰ ਤੂੰ ਸੁਰੁਚੀ ਨੂੰ ਵਿਆਹ ਲਿਆਇਆਂ ਸੈਂ। ਮੈਂ ਤੈਨੂੰ ਬੜਾ ਹੀ ਖੁਸ਼ਕਿਸਮਤ ਸਮਝਿਆ ਸੀ। ਸੁਹਣੀ ਸੁਨੱਖੀ ਹੋਣ ਦੇ ਨਾਲ ਨਾਲ ਸੁਰੁਚੀ ਇਕ ਚਿੱਤਰਕਾਰ ਵੀ ਸੀ। ਛੇਤੀ ਹੀ ਉਸਨੂੰ ਸੈਂਟ੍ਰਲ ਸਕੂਲ 'ਚ ਨੌਕਰੀ ਮਿਲ ਗਈ ਸੀ। ਤੇਰੇ ਕੁਆਰਟਰ ਵਿਚ ਬੈਠਿਆਂ, ਚਾਹ ਪਾਣੀ ਪੀਂਦਿਆਂ, ਖਾਣਾ ਖਾਂਦਿਆਂ, ਸਾਡੇ ਤਿੰਨਾਂ ਵਿਚਕਾਰ ਸਾਹਿਤ ਤੇ ਕਲਾ ਬਾਰੇ ਘੰਟਿਆਂ-ਬੱਧੀ ਬਹਿਸ ਚਲਦੀ ਰਹਿੰਦੀ।



...ਤੇ ਸੁਮੀਤ! ਤੇਰੀ ਮੌਤ ਬਾਅਦ ਇਨ੍ਹਾਂ ਰੂਹ-ਸੁਖਾਵੇਂ ਪਲਾਂ ਦੀ ਪੈੜ ਫੜਨ ਦੀ ਕੋਸ਼ਿਸ਼ ਵਿਚ ਮੈਂ ਸਮੇਂ ਦੀਆਂ ਖੁਰਦਰੀਆਂ ਤੇ ਚੋਭਵੀਆਂ ਖੁਰੀਆਂ ਥੱਲੇ ਮਿੱਧ ਹੁੰਦਾ ਰਹਿੰਦਾ.....ਤੇ ਉਨ੍ਹਾਂ ਉਦਾਸ ਦਿਨਾਂ ਵਿਚ ਇਕ ਦਿਨ ਮੈਂ ਸੁਰੁਚੀ ਨੂੰ ਚਿੱਠੀ ਲਿਖੀ ਸੀ। ਕਈ ਮਹੀਨੇ ਬਾਅਦ ਜਵਾਬ ਆਇਆ ਸੀ। ਉਸਨੇ ਮੈਥੋਂ ਪੁੱਛਿਆ ਸੀ ਕਿ ਕੀ ਉਸਨੂੰ ਆਪਣੇ ਹਵਾਈ-ਅੱਡੇ ਦੇ ਸੈਂਟ੍ਰਲ ਸਕੂਲ ਵਿਚ ਦੁਬਾਰਾ ਨੌਕਰੀ ਮਿਲ ਸਕਦੀ ਸੀ? ਮੈਂ ਸੁਕਆਡਰਨ ਕਮਾਂਡਰ ਨਾਲ ਗੱਲ ਚਲਾਈ ਸੀ ਤੇ ਉਸਨੇ ਪ੍ਰਿੰਸੀਪਲ ਨੂੰ ਮਨਾ ਲਿਆ ਸੀ। ਮੈਂ ਸੁਰੁਚੀ ਨੂੰ ਲਿਖ ਦਿੱਤਾ ਸੀ। ਉਸਦਾ ਜਵਾਬ ਛੇਤੀ ਹੀ ਆ ਗਿਆ ਸੀ। ਨੌਕਰੀ ਜੁਆਇਨ ਕਰਨ ਲਈ ਉਸਨੇ ਫੈਸਲਾ ਕਰ ਲਿਆ ਸੀ, ਗੱਡੀ ਦਾ ਹਵਾਲਾ ਦੇਦਿਆਂ ਉਸਨੇ ਮੈਨੂੰ ਸਟੇਸ਼ਨ ਤੇ ਸੱਦਿਆ ਸੀ।

ਸੁਰੁਚੀ ਦੀ ਗੱਡੀ ਦੀ ਉਡੀਕ ਕਰਦਿਆਂ ਮੈਨੂੰ ਇਕ ਸਾਲ ਪਹਿਲਾਂ ਬੀਤਿਆ ਉਹ ਸਮਾਂ ਯਾਦ ਆ ਗਿਆ ਸੀ ਜਦੋਂ ਵਿਆਹ ਤੋਂ ਬਾਅਦ ਤੂੰ ਉਸਨੂੰ ਲੈ ਕੇ ਇੱਥੇ ਪੁੱਜਾ ਸੈਂ। ਮੈਂ ਤੁਹਾਨੂੰ ਰਸੀਵ ਕਰਨ ਲਈ ਸਟੇਸ਼ਨ ਤੇ ਆਇਆ ਸਾਂ। ਗੱਡੀ ਪਲੇਟਫਾਰਮ ਤੇ ਆ ਲੱਗੀ ਸੀ। ਸਮਾਨ ਲੁਹਾਉਣ ਬਾਅਦ ਮੈਂ ਤੈਨੂੰ ਬਾਹਾਂ 'ਚ ਘੁੱਟ ਲਿਆ ਸੀ। ਤੂੰ ਵੀ ਬੜੇ ਹੀ ਜੋਸ਼ ਨਾਲ ਮਿਲਿਆ ਸੈਂ ਮੈਨੂੰ। ਸਾਡੀਆਂ ਜੁੜੀਆਂ ਬਾਹਾਂ ਵੇਖਕੇ ਸੁਰੁਚੀ ਪ੍ਰਭਾਵਸ਼ਾਲੀ ਢੰਗ ਨਾਲ ਮੁਸਕਰਾਈ ਸੀ।

'ਓਏ ਸੁਮੀਤ ਦੇ ਬੱਚੇ! ਸਾਰੀ ਦੁਨੀਆਂ ਲੁੱਟ ਕੇ ਲੈ ਆਇਐਂ!' ਸੁਰੁਚੀ ਦੀ ਨਮਸਤੇ ਦਾ ਜਵਾਬ ਦੇਣ ਬਾਅਦ ਮੈਂ ਤੇਰੇ ਚੂੰਢੀ ਵੱਢੀ ਸੀ।

'ਤੇਰੇ ਸੁਮੀਤ ਮੇਂ ਕੌਨ ਸੀ ਕਮੀ ਹੈ ਮੇਰੇ ਯਾਰ!' ਕੋਲ ਖੜੀ ਸੁਰੁਚੀ ਵਲ ਟੇਢੀ ਅੱਖ ਨਾਲ ਵੇਖਦਿਆਂ ਤੂੰ ਕਿਹਾ ਸੀ।

ਪਰ ਸੁਮੀਤ! ਇਸ ਘਟਨਾ ਤੋਂ ਇਕ ਸਾਲ ਬਾਅਦ ਉਸੇ ਸਟੇਸ਼ਨ ਦੇ ਉਸੇ ਪਲੇਟਫਾਰਮ ਤੇ ਖੜੀ ਸੁਰੁਚੀ ਨੂੰ ਵੇਖ ਕੇ ਮੇਰੇ ਦਿਲ ਨੂੰ ਹੌਲ ਜਿਹਾ ਪਿਆ ਸੀ। ਉਸਦਾ ਚਿਹਰਾ ਪੀਲਾ ਪੈ ਚੁਕਾ ਸੀ ਤੇ ਸਰੀਰ ਜਿੰਦ-ਜਾਨ ਤੋਂ ਬਿਨਾਂ ਜਿਵੇਂ ਇਕ ਖਾਲੀ ਵਜੂਦ ਹੋਵੇ। ਅੱਖਾਂ ਦੀ ਲਿਸ਼ਕ ਪਤਾ ਨਹੀਂ ਕਿਧਰੇ ਅਲੋਪ ਹੋ ਗਈ ਸੀ। ਉਸਨੇ ਪੂਰੀ ਗੱਲ ਨਹੀਂ ਸੀ ਖੋਲ੍ਹੀ। ਪਰ ਮੈਂ ਸਮਝ ਗਿਆ ਸਾਂ ਕਿ ਉਹ ਤੇਰੇ ਘਰ ਵਾਲਿਆਂ ਨਾਲ ਨਾਰਾਜ਼ ਹੋ ਕੇ ਆਈ ਸੀ।

ਰੇਂਜ-ਫਾਇਰਿੰਗ ਦੀ ਉਡਾਣ ਭਰਕੇ ਸਾਡਾ ਜਹਾਜ਼ ਵਾਪਸ ਆ ਪਹੁੰਚੇ। ਫਟਾ ਫਟ ਰਸੀਵ ਕਰਕੇ ਸਹੀ ਪੁਜ਼ੀਸ਼ਨ ਤੇ ਲਾਉਣ ਬਾਅਦ ਰਾਕਟ ਲਾਂਚਰ ਕਲੀਅਰ ਕਰ ਦਿੱਤਾ ਗਿਆ ਹੈ। ਸਾਡੇ ਸ਼ੈੱਡ 'ਚ ਲੱਗੇ ਇੰਟਰਕਾਮ ਤੇ ਦੋ ਘੰਟੇ ਦੀ ਲੰਚ-ਬਰੇਕ ਬਾਰੇ ਹਦਾਇਤ ਆਈ ਹੈ। ਸਾਰੇ ਸਾਥੀ ਮੈੱਸ ਵਲ ਚਲੇ ਗਨ੍ਹਏ ਹਨ।

ਮੈਂ ਕੱਲ-ਮੁਕੱਲਾ ਜਹਾਜ਼ ਦੇ ਪਹੀਏ ਨਾਲ ਢਾਸਣਾ ਲਾ ਕੇ ਬੈਠ ਗਿਆ ਹਾਂ। ਰੋਟੀ ਖਾਣ ਨੂੰ ਦਿਲ ਹੀ ਨਹੀਂ ਕੀਤਾ। ਪਰ ਖਾਣੀ ਤਾਂ ਪੈਣੀ ਹੈ, ਹੁਣ ਨਹੀਂ ਤਾਂ ਸ਼ਾਮ ਨੂੰ। ਇਸ ਰੋਟੀ ਰੋਜ਼ੀ ਦੇ ਚੱਕਰ 'ਚ ਹੀ ਤਾਂ ਫੌਜ 'ਚ ਆਏ ਹਾਂ। ਕਿਸੇ ਨਾ ਕਿਸੇ ਤਰ੍ਹਾਂ ਇਸ ਜ਼ਿੰਦਗੀ ਨੂੰ ਜਿਉਂਦੇ ਤਾਂ ਰੱਖਣਾ ਹੀ ਹੋਇਆ...ਤੇ ਸੁਰੁਚੀ ਨੇ ਵੀ ਆਪਣੀ ਜ਼ਿੰਦਗੀ ਨੂੰ ਟੁਰਦੀ ਰੱਖਣ ਲਈ ਸਕੂਲ ਦੀ ਨੌਕਰੀ ਸ਼ੁਰੂ ਕਰ ਲਈ ਸੀ। ਵੈਲਫੇਅਰ ਕਮੇਟੀ ਵਲੋਂ ਉਸਨੂੰ ਇਕ ਛੋਟਾ ਜਿਹਾ ਕੁਆਰਟਰ ਅਲਾਟ ਕਰਵਾ ਦਿੱਤਾ ਗਿਆ ਸੀ। ਤੇ ਇਕ ਦਿਨ ਉਸਦੇ ਕੁਆਰਟਰ ਵਿਚ ਬੈਠਿਆਂ ਉਸਦੀ ਵਿਥਿਆ ਸੁਣਕੇ ਮੇਰੇ ਲੂੰ ਕੰਡੇ ਹੋ ਗਏ ਸਨ। ਸੁਮੀਤ! ਤੇਰੇ ਭਰਾ ਨੇ ਸੁਰੁਚੀ ਨੂੰ ਹੱਥ ਪਾ ਲਿਆ ਸੀ। ਕ੍ਰੋਧ ਵਿਚ ਆ ਕੇ ਉਸਨੇ ਤੇਰੇ ਭਰਾ ਦੇ ਚਪੇੜਾਂ ਜੜ੍ਹ ਦਿੱਤੀਆਂ ਸਨ। ਤੇ ਉਸ ਬੇਸ਼ਰਮ ਨੇ ਆਪਣੀ ਗਲਤੀ ਮਹਿਸੂਸ ਕਰਨ ਦੀ ਬਜਾਇ, ਉਸ ਉੱਤੇ ਚਿੱਕੜ ਉਛਾਲਣਾ ਸ਼ੁਰੂ ਕਰ ਦਿੱਤਾ ਸੀ। ਉਹ ਵਿਚਾਰੀ ਤੜਫ ਉਠੀ ਸੀ। ਘਰ 'ਚ ਜਦੋਂ ਰੌਲਾ ਪਿਆ ਤਾਂ ਸੁਮੀਤ! ਤੇਰੇ ਚੌਧਰੀ ਪਿਉ ਨੇ ਸੁਰੁਚੀ ਨੂੰ ਪਤਾ ਈ ਕੀ ਕਿਹਾ ਸੀ? ਅਖੇ ਘਰ ਦੀ

ਹਿੰਨ੍ਹੂਏੱਜ਼ਤ ਬਾਹਰ ਨਹੀਂ ਰੁਲਣੀ ਚਾਹੀਦੀ। ਉਹ ਫੁਟ ਫੁਟ ਰੋਈ ਸੀ। ਤੇਰੀ ਮਾਂ ਉਸ ਨਾਲ ਹਮਦਰਦੀ ਰੱਖਦੀ ਸੀ ਪਰ ਘਰ ਵਿਚ ਹਕੂਮਤ ਤੇਰੇ ਪਿਉ ਦੀ ਚਲਦੀ ਸੀ। ਸੜਦੀ ਭੁੱਜਦੀ ਸੁਰੁਚੀ ਨੇ ਤਜਵੀਜ਼ ਪੇਸ਼ ਕੀਤੀ ਸੀ ਕਿ ਤੇਰਾ ਭਰਾ ਉਸ ਨਾਲ ਵਿਆਹ ਕਰ ਲਵੇ। ਪਰ ਤੇਰੇ ਘਰ ਵਾਲਿਆਂ ਵਾਸਤੇ ਇਹ ਘਾਟੇ ਦਾ ਸੌਦਾ ਸੀ ਕਿਉਂਕਿ ਸੁਰੁਚੀ ਦੇ ਵਿਆਹ ਕਰ ਲੈਣ ਤੇ ਉਸਨੇ ਪੈਨਸ਼ਨ ਦੀ ਹੱਕਦਾਰ ਨਹੀਂ ਸੀ ਰਹਿਣਾ। ਕੋਈ ਚਾਰਾ ਨਾ ਚਲਦਾ ਵੇਖ ਉਹ ਚੁੱਪ ਚਾਪ ਆਪਣੇ ਪੇਕੇ ਘਰ ਚਲੀ ਗਈ ਸੀ। ਉਥੇ ਉਸਨੇ ਮਹਿਸੂਸ ਕੀਤਾ ਸੀ ਕਿ ਉਸਦੇ ਮਾਂ-ਪਿਉ, ਭੈਣ-ਭਰਾ ਤੇ ਭਰਜਾਈਆਂ ਉਸ ਨਾਲੋਂ ਉਸਦੀ ਪੈਨਸ਼ਨ ਨਾਲ ਜ਼ਿਆਦਾ ਮੋਹ ਕਰਦੇ ਸਨ। ਮਹੀਨੇ ਬਾਅਦ ਪੈਨਸ਼ਨ ਲੈ ਕੇ ਜਦੋਂ ਉਹ ਘਰ ਮੁੜਦੀ ਤਾਂ ਕੋਈ ਨਾ ਕੋਈ ਸਮੱਸਿਆ ਹੱਥ ਅੱਡੀ ਦਰਾਂ 'ਚ ਖਲੋਤੀ ਹੁੰਦੀ। ਅਖੀਰ ਉਸਨੇ ਪਹਿਲਾਂ ਛੱਡੀ ਨੌਕਰੀ 'ਤੇ ਮੁੜ ਹਾਜ਼ਰ ਹੋਣ ਦਾ ਫੈਸਲਾ ਕਰ ਲਿਆ ਸੀ।

ਮੈਂ ਜਦੋਂ ਵੀ ਉਸਦੇ ਕੁਆਰਟਰ ਵਿਚ ਜਾਂਦਾ ਉਸਦੀ ਉਦਾਸੀ ਘਟਾਉਣ ਦੀ ਕੋਸ਼ਿਸ਼ ਕਰਦਾ। ਪਰ ਲੱਗਦਾ ਇੰਜ ਸੀ ਜਿਵੇਂ ਚੁੱਪ, ਇਕੱਲਤਾ ਅਤੇ ਉਦਾਸੀ ਦੀਆਂ ਪਰਤਾਂ ਥੱਲੇ ਦੱਬੇ ਰਹਿਣਾ ਉਸਨੂੰ ਚੰਗਾ ਲੱਗਣ ਲੱਗ ਪਿਆ ਹੋਵੇ।

......ਤੇ ਸੁਮੀਤ! ਇਕ ਰਾਤ ਨੂੰ ਬਾਰ ਤੋਂ ਬਾਹਰ ਆਉਂਦਿਆਂ ਮੇਰੇ ਕਦਮ ਉਸਦੇ ਕੁਆਰਟਰ ਵਲ ਨੂੰ ਹੋ ਤੁਰੇ ਸਨ। ਉਹ ਮੈਨੂੰ ਵੇਖਕੇ ਹੈਰਾਨ ਰਹਿ ਗਈ ਸੀ। ਉਸਨੇ ਕਿਹਾ ਸੀ, 'ਅਵਿਨਾਸ਼! ਅਬ ਇਤਨਾ ਖਿਆਲ ਰੱਖਨਾ ਕਿ ਮੁਝੇ ਯਹ ਜਗ੍ਹਾ ਛੋੜ ਕਰ ਕਹੀਂ ਔਰ ਨਾ ਜਾਨਾ ਪੜੇ। ਤੇਰਾ ਐਸੇ ਰਾਤ ਕੋ ਵਕਤ ਯਹਾਂ ਆਨਾ ਠੀਕ ਨਹੀਂ........ਮੈਂ....ਮੈਂ ਏਕ ਔਰਤ ਹੂੰ, ਔਰ ਵੋਹ ਭੀ ਅਕੇਲੀ....।' ਮੇਰਾ ਸਾਰੇ ਦਾ ਸਾਰਾ ਨਸ਼ਾ ਹਵਾ ਹੋ ਗਿਆ ਸੀ ਤੇ ਮੈਂ ਉਨ੍ਹੀਂ ਪੈਰੀਂ ਵਾਪਸ ਆ ਗਿਆ ਸਾਂ। ਪਰ ਉਸਦੇ ਬੋਲ, ਕਈ ਤਰ੍ਹਾਂ ਦੇ ਭਾਵ-ਅਰਥ ਉਪਜਾਉਂਦੇ ਦਿਨ ਰਾਤ ਮੇਰੇ ਕੰਨਾਂ 'ਚ ਗੂੰਜਦੇ ਰਹਿੰਦੇ। ਰਿਸ਼ਤੇਦਾਰਾਂ ਦੇ ਕੌੜੇ ਵਤੀਰੇ ਨਾਲ ਪਰੁੰਨ੍ਹੀ ਸੁਰੁਚੀ ਤੇ ਮੈਨੂੰ ਤਰਸ ਆਉਣ ਲੱਗ ਪੈਂਦਾ। ਉਸਨੂੰ ਅੰਦਰੋਂ ਅੰਦਰੀਂ ਖੁਰਦਿਆਂ ਵੇਖ ਮੇਰੇ ਆਪਣੇ ਦਿਲ ਨੂੰ ਚਾਹ ਲੱਗ ਜਾਂਦੀ। ਪਤਾ ਨਹੀਂ ਮੈਂ ਉਸ ਬਾਰੇ ਏਨਾ ਜ਼ਿਆਦਾ ਕਿਉਂ ਸੋਚਣ ਲੱਗ ਪਿਆ ਸਾਂ। ਕਦੀ ਕਦੀ ਜਦੋਂ ਮੇਰਾ ਧਿਆਨ ਉਸਦੀ ਉਦਾਸੀ ਤੋਂ ਪਰ੍ਹਾਂ ਉਸਦੇ ਸੁਹੱਪਣ ਵਲ ਚਲਾ ਜਾਂਦਾ ਤਾਂ ਮੇਰਾ ਸਮੁੱਚਾ ਆਪਾ ਝੂਠਾ ਜਿਹਾ ਪੈ ਜਾਂਦਾ। ਸੁਮੀਤ! ਮੈਨੂੰ ਇੰਜ ਲੱਗਦਾ ਜਿਵੇਂ ਮੈਂ ਤੇਰੇ ਨਾਲ ਧੋਖਾ ਕਰ ਰਿਹਾ ਹੋਵਾਂ। ਪਰ ਮੈਂ ਆਪਣੇ ਆਪ ਨੂੰ ਉਲਝਣ ਵਿਚ ਨਹੀਂ ਸੀ ਪੈਣ ਦਿੱਤਾ। ਸ਼ਾਇਦ ਇਸ ਕਰਕੇ ਕਿ ਸੁਰੁਚੀ ਲਈ ਪੈਦਾ ਹੋ ਚੁੱਕੀ ਹਮਦਰਦੀ ਮੇਰੀਆਂ ਭਾਵਨਾਵਾਂ ਦੀ ਮੁੱਖ ਚੂਲ ਸੀ। ਉਸ ਅੱਗੇ ਪਹਾੜ ਜਿੱਡੀ ਜ਼ਿੰਦਗੀ ਖੜੀ ਸੀ ਤੇ ਮੈਂ ਉਸਦਾ ਸਹਾਰਾ ਬਣਨਾ ਚਾਹੁੰਦਾ ਸਾਂ।

'ਨਹੀਂ ਯਾਰ! ਦੁਸ਼ਮਣੀਆਂ ਕਾਹਦੀਆਂ। ਦਰਅਸਲ ਮੁਲਕਾਂ ਦੇ ਹਾਕਮ ਜੰਗ ਖੜੀ ਕਰਦੇ ਆ, ਜਿਸਦੀ ਭੱਠੀ ਵਿਚ ਫੌਜੀ ਝੋਕੇ ਜਾਂਦੇ ਆ। ਮਰਨ ਵਾਲਿਆਂ ਨੂੰ ਸ਼ਹੀਦ ਦਾ ਨਾਂ ਦੇ ਦਿੱਤਾ ਜਾਂਦੇ ਤੇ ਮਾਰਨ ਵਾਲਿਆਂ ਨੂੰ ਬਹਾਦਰੀ ਦਾ ਇਨਾਮ।'

ਤੇ ਅਖੀਰ ਇਕ ਦਿਨ ਮੈਂ ਉਸਨੂੰ ਕਹਿ ਹੀ ਦਿੱਤਾ ਸੀ, 'ਸੁਰੁਚੀ! ਅਗਰ ਤੁਝੇ ਮਨਜ਼ੂਰ ਹੋ ਤੋ ਮੈਂ ਤੁਝ ਸੇ ਸ਼ਾਦੀ ਕਰਨਾ ਚਾਹਤਾ ਹੂੰ।'

ਮੇਰੀ ਗੱਲ ਸੁਣਕੇ ਉਹ ਆਚੰਭਿਤ ਰਹਿ ਗਈ ਸੀ। ਖੱਬੇ ਮੋਢੇ 'ਤੇ ਪਏ ਸਾੜ੍ਹੀ ਦੇ ਪੱਲੂ ਨੂੰ ਸੱਜੇ ਹੱਥ ਨਾਲ ਖਿੱਚਦਿਆਂ ਉਸਨੇ ਆਪਣੀਆਂ ਬਾਹਾਂ ਤੇ ਹੱਥ ਲੁਕੋ ਲਏ ਸਨ। ਮੈਨੂੰ ਸਿਰ ਤੋਂ ਪੈਰਾਂ ਤਕ ਇੰਜ ਤੱਕਿਆ ਸੀ ਜਿਵੇਂ ਮੇਰੀ ਸ਼ਖਸੀਅਤ ਦੇ ਅਤੀਤ ਬਾਰੇ ਉਹ ਸਭ ਕੁੱਝ ਭੁੱਲ ਗਈ ਹੋਵੇ ਤੇ ਮੈਨੂੰ ਨਵੇਂ ਸਿਰਿਉਂ ਪਛਾਨਣ ਦੀ ਕੋਸ਼ਿਸ਼ ਕਰ ਰਹੀ ਹੋਵੇ। ਮੈਂ ਖੜਾ ਰਿਹਾ ਸਾਂ ਚੁੱਪ ਚਾਪ। ਮੇਰੇ ਵਲੋਂ ਹਟਕੇ ਉਸਦੀ ਨਿਗ੍ਹਾ ਧਰਤੀ ਤੇ ਜਾ ਟਿਕੀ ਸੀ। ਮੇਰੇ ਆਪਣੇ ਅੰਦਰ ਇਕ ਘਬਰਾਹਟ ਜਿਹੀ ਪੈਦਾ ਹੋ ਗਈ ਸੀ। ਸਾਵਾਂ ਜਿਹਾ ਹੋਣ ਦੇ ਯਤਨ ਵਿਚ ਮੈਂ ਉਸਦੇ ਚਿਹਰੇ ਤੋਂ ਆਪਣੇ ਪ੍ਰਸ਼ਨ ਦਾ ਉੱਤਰ ਪੜ੍ਹਨ ਦੀ ਕੋਸ਼ਿਸ਼ ਕੀਤੀ ਸੀ। ਪਰ ਉਸਦਾ ਸਮੁੱਚਾ ਵਿਅਕਤੀਤਿਤਵ ਤਿਨਕਾ ਤਿਨਕਾ ਹੋ ਕੇ ਬਿਖਰਿਆ ਪਿਆ ਸੀ।

'ਸੋਚ ਲੈਨਾ, ਮੈਂ ਫਿਰ ਕਿਸੀ ਦਿਨ ਆਉਂਗਾ।' ਕਹਿੰਦਿਆਂ ਮੈਂ ਦਰਾਂ ਤੋਂ ਬਾਹਰ ਆ ਗਿਆ ਸਾਂ।

ਕਈ ਦਿਨਾਂ ਬਾਅਦ ਉਸਨੇ 'ਹਾਂ' ਕਰ ਦਿੱਤੀ ਸੀ। ਪਰ ਮੈਨੂੰ ਆਪਣੇ ਘਰ ਵਾਲਿਆਂ ਤੋਂ ਮਨਜ਼ੂਰੀ ਲੈਣ ਲਈ ਕਿਹਾ ਸੀ। ਪਰ ਉਸਨੂੰ ਵਿਆਹੁਣ ਦਾ ਭੂਤ ਮੇਰੇ ਮਨ ਤੇ ਏਨੇ ਜ਼ੋਰ ਨਾਲ ਸਵਾਰ ਹੋ ਚੁੱਕਾ ਸੀ ਕਿ ਘਰ ਵਾਲੇ ਤਾਂ ਇਕ ਪਾਸੇ ਰਹੇ, ਮੇਰੇ ਸੁਕਆਡਰਨ ਦੇ ਸਾਥੀਆਂ ਨੂੰ ਵੀ ਉਸ ਦਿਨ ਹੀ ਪਤਾ ਲੱਗਾ ਸੀ, ਜਿਸ ਦਿਨ ਅਸੀਂ ਮੰਦਰ 'ਚ ਜਾ ਕੇ ਵਿਆਹ ਕਰ ਲਿਆ ਸੀ। ਹਵਾਈ-ਅੱਡੇ 'ਚ ਕਾਫੀ ਚਰਚਾ ਹੋਈ ਸੀ। ਕੁਝ ਲੋਕਾਂ ਨੇ ਪ੍ਰਸ਼ੰਸਾ ਕੀਤੀ ਸੀ ਤੇ ਕੁਝ ਨੇ ਚਿੱਕੜ ਉਛਾਲਿਆ ਸੀ। ਪਰ ਮੈਂ ਕਿਸੇ ਦੀ ਬਹੁਤੀ ਪ੍ਰਵਾਹ ਨਹੀਂ ਸੀ ਕੀਤੀ।

ਅਗਲੀ ਉਡਾਣ ਵਿਚ ਬੰਬਾਰੀ ਮੁਕਾਬਲਾ ਹੋਣੈ। ਉਸ ਵਾਸਤੇ ਬੰਬਾਂ ਨਾਲ ਲੱਦੀਆਂ ਟਰਾਲੀਆਂ ਸਾਡੇ ਸ਼ੈੱਡ 'ਚ ਆ ਪਹੁੰਚੀਆਂ ਨੇ। ਪਤਾ ਨਹੀਂ ਕਿਹੜੇ ਵਿਚਾਰ ਨਾਲ ਮੈਂ ਇਨ੍ਹਾਂ ਬੰਬਾਂ ਕੋਲ ਆ ਖਲੋਇਆਂ ਹਾਂ। ਇਨ੍ਹਾਂ ਦੇ ਵੱਖ ਵੱਖ ਹਿੱਸਿਆਂ ਨੂੰ ਛੂੰਹਦਿਆਂ ਮੈਨੂੰ ਜੰਗ ਦੇ ਦਿਨਾਂ ਦੀ ਯਾਦ ਆ ਗਈ ਹੈ....ਤੂੰ, ਮੈਂ ਅਤੇ ਹਥਿਆਰ-ਸਾਜ਼ ਬਲਬੀਰ, ਬੰਬ-ਭੰਡਾਰ ਵਿਚ ਪਏ ਬੰਬਾਂ ਦਾ ਇਕ ਸਰਸਰੀ ਜਿਹਾ ਨਿਰੀਖਣ ਕਰ ਰਹੇ ਸਾਂ। ਵੱਖ ਵੱਖ ਸਾਈਜ਼ਾਂ ਤੇ ਸ਼ਕਲਾਂ ਵਾਲੇ ਉਹ ਬੰਬ ਤੇ ਮਿਜ਼ਾਈਲਾਂ ਮੈਨੂੰ ਉਨ੍ਹਾਂ ਖੂੰਖਾਰ ਜਾਨਵਰਾਂ ਵਰਗੇ ਲੱਗੇ ਸਨ, ਜਿਹੜੇ ਘੇਸਲ-ਵੱਟੀ ਕਿਸੇ ਭੋਲੇ ਭਾਲੇ ਬੰਦੇ ਦਾ ਲਹੂ ਪੀਣ ਦੀ ਤਾੜ ਵਿਚ ਹੋਣ। 'ਜਿੰਦਾਂ ਹੁਣ ਚੁੱਪ ਚੁਪੀਤੇ ਪਇਓ ਆਂ, ਅਕਾਸ਼ ਚੋਂ ਡਿਗਕੇ ਵੀ ਏਦਾਂ ਹੀ ਰਿਹੋ।' ਮੇਰੇ ਮੂੰਹੋਂ ਇਹ ਲਫਜ਼ ਨਿਕਲ ਗਏ ਸਨ।

'ਇਹ ਚੁੱਪ ਜਾਂ ਸ਼ਾਂਤ ਰਹਿਣ ਲਈ ਨਹੀਂ ਬਣਿਉਂ। ਇਨ੍ਹਾਂ ਡਿੱਗਕੇ ਫਟਣਾ ਈ, ਫਟਣੈ ਤੇ ਦੁਸ਼ਮਣ ਦੇ ਸੀਰਮੇਂ ਪੀਣੇ ਆਂ।' ਬਲਬੀਰ ਦੇ ਬੋਲਾਂ ਵਿਚ ਸ਼ੇਖੀ ਸੀ।

'ਨਹੀਂ ਯਾਰ! ਦੁਸ਼ਮਣੀਆਂ ਕਾਹਦੀਆਂ। ਦਰਅਸਲ ਮੁਲਕਾਂ ਦੇ ਹਾਕਮ ਜੰਗ ਖੜੀ ਕਰਦੇ ਆ, ਜਿਸਦੀ ਭੱਠੀ ਵਿਚ ਫੌਜੀ ਝੋਕੇ ਜਾਂਦੇ ਆ। ਮਰਨ ਵਾਲਿਆਂ ਨੂੰ ਸ਼ਹੀਦ ਦਾ ਨਾਂ ਦੇ ਦਿੱਤਾ ਜਾਂਦੇ ਤੇ ਮਾਰਨ ਵਾਲਿਆਂ ਨੂੰ ਬਹਾਦਰੀ ਦਾ ਇਨਾਮ।' ਮੈਂ ਆਪਣੇ ਮਨ ਦੀ ਭੜਾਸ ਕੱਢੀ ਸੀ।

'ਅਰੇ ਅਵਿਨਾਸ਼! ਇਸ ਸਾਲੀ ਜੰਗ ਮੇਂ ਤੋਂ ਸ਼ਾਇਦ ਬਚ ਹੀ ਜਾਏਂ ਪਰ ਲੱਗਤਾ ਹੈ ਤੇਰੀ ਯਹ ਫਿਲਾਸਫੀ ਹਮੇਂ ਏਕ ਨਾ ਏਕ ਦਿਨ ਜ਼ਰੂਰ ਮਰਵਾ ਦੇਗੀ।' ਤੂੰ ਆਪਣੀ ਝੁੰਝਲਾਹਟ ਜ਼ਾਹਰ ਕੀਤੀ ਸੀ।

'ਕਿਆ ਬਕ ਰਹਾ ਹੈ?'

'ਬਕ ਨਹੀਂ ਰਹਾ, ਠੀਕ ਬੋਲਤਾ ਹੂੰ। ਅਗਰ ਤੁਮਾਰੀ ਯਹ ਬਾਤੇਂ ਕਿਸੀ ਅਫਸਰ ਨੇ ਸੁਨ ਲੀ ਤੋ ਤੁਮਾਰੇ ਸਾਥ ਹਮਾਰਾ ਭੀ ਕੋਰਟ-ਮਾਰਸ਼ਲ ਹੋਗਾ।'

ਮੈਂ ਵਾਕਈ ਚੌਕਸ ਹੋ ਕੇ ਆਪਣੇ ਆਲੇ ਦੁਆਲੇ ਝਾਕਿਆ ਸੀ ਤੇ ਆਪਣੀ ਆਵਾਜ਼ ਜ਼ਰਾ ਮਧਮ ਕਰਦਿਆਂ ਬੋਲਿਆ ਸਾਂ, 'ਠੀਕ ਹੈ ਸੁਮੀਤ! ਅਗਰ ਤੂੰ ਜੰਗ ਕੇ ਹੱਕ ਮੇਂ ਬੋਲ ਰਹਾ ਹੈ ਤੋ ਤੇਰਾ ਵਿਚਾਰ ਤੁਝੇ ਮੁਬਾਰਕ।'

'ਅਰੇ ਭਾਈ! ਬਾਤ ਹੱਕ ਮੇਂ ਜਾਂ ਖਿਲਾਫ ਬੋਲਨੇ ਕੀ ਨਹੀਂ।'

'ਤੋ ਫਿਰ ਕਿਆ ਹੈ?'

'ਮੇਰੇ ਵਿਚਾਰ ਮੇਂ ਅਗਰ ਜੰਗ ਮਨੁੱਖ ਕੀ ਗੈਰਤ ਔਰ ਉਸਕੇ ਹਿੱਤ ਕੋ ਬਨਾਏ ਰੱਖਨੇ ਕੇ ਲੀਏ ਲੜੀ ਜਾਏ ਤੋ ਇਸਮੇਂ ਕੋਈ ਬੁਰਾ ਨਹੀਂ।'

'ਤੋ ਏਸ ਜੰਗ ਮੇਂ ਕੌਨ ਸਾ ਲੋਕ-ਹਿੱਤ ਹੈ?'

'ਮੁਝੇ ਕਿਆ ਪਤਾ।'

ਨਹੀਂ ਸੁਮੀਤ! ਤੈਨੂੰ ਸਭ ਪਤਾ ਸੀ ਜੰਗ ਬਾਰੇ ਤੇ ਇਸਤੋਂ ਬਾਅਦ ਸ਼ੁਰੂ ਹੋਣ ਵਾਲੀ ਅਗਲੀ ਜੰਗ ਬਾਰੇ ਵੀ ਜੋ ਫੌਜੀ ਵਿਧਵਾਵਾਂ ਨੂੰ ਸਮਾਜ ਨਾਲ ਲੜਨੀ ਪੈਂਦੀ ਹੈ। ਇਹ ਜੰਗ ਸੁਰੁਚੀ ਨੂੰ ਤੇ ਨਾਲ ਮੈਨੂੰ ਵੀ ਲੜਨੀ ਪਈ...ਵਿਆਹ ਤੋਂ ਬਾਅਦ ਛੇਤੀ ਹੀ, ਸਲਾਨਾ-ਛੁੱਟੀ ਲੈ ਕੇ ਮੈਂ ਘਰ ਟੁਰ ਗਿਆ ਸਾਂ। ਗੱਡੀ ਦੇ ਸਫਰ ਦੌਰਾਨ ਸੁਰੁਚੀ ਮੇਰੇ ਘਰ ਦੇ ਜੀਆਂ ਬਾਰੇ ਵਿਸਥਾਰ ਪੂਰਵਕ ਵੇਰਵੇ ਪੁੱਛਦੀ ਰਹੀ। ਖੈਰ ਘਰ ਪਹੁੰਚੇ। ਚਾਹ ਪਾਣੀ ਪਿਲਾਉਣ ਬਾਅਦ ਬੇ ਜੀ ਮੈਥੋਂ ਸੁਰੁਚੀ ਬਾਰੇ ਪੁੱਛਣ ਲੱਗ ਪਈ। ਮੈਂ ਸਭ ਕੁਝ ਸੱਚ ਸੱਚ ਬਿਆਨ ਕਰ ਦਿੱਤਾ। ਬੇ ਜੀ ਨੇ ਭਾਵੇਂ ਖੁਲ੍ਹ ਕੇ ਵਿਰੋਧਤਾ ਨਹੀਂ ਸੀ ਕੀਤੀ ਪਰ ਅੰਦਰੋਂ ਉਹ ਮੇਰੇ ਫੈਸਲੇ ਨਾਲ ਸਹਿਮਤ ਨਹੀਂ ਸੀ ਹੋਈ ਜਾਪਦੀ। ਤੇ ਮੈਂ ਕੁਝ ਉਖੜ ਗਿਆ ਸਾਂ। ਪਰ ਭੈਣਾਂ ਦੇ ਸਕੂਲੋਂ ਆਉਣ ਨਾਲ ਸਥਿਤੀ ਕੁਝ ਠੀਕ ਹੋ ਗਈ ਸੀ। ਉਨ੍ਹਾਂ ਨੇ ਮੈਨੂੰ ਤੇ ਚੁੱਪ ਚਾਪ ਬੈਠੀ ਸੁਰੁਚੀ ਨੂੰ ਗੱਲੀਂ ਲਾ ਲਿਆ ਸੀ।

ਸ਼ਾਮ ਨੂੰ ਪਾਪਾ ਘਰ ਆਏ। ਅਸੀਂ ਦੋਨੋਂ ਪੂਰੇ ਸਤਿਕਾਰ ਨਾਲ ਉਨ੍ਹਾਂ ਨੂੰ ਮਿਲੇ। 'ਪਾਪਾ ਜੀ! ਤੁਸੀਂ ਬੰਗਾਲੀ ਲੋਕਾਂ ਦੀਆਂ ਬੜੀਆਂ ਸਿਫਤਾਂ ਕਰਦੇ ਹੁੰਦੇ ਸੀ। ਦੇਖ ਲਉ, ਮੈਂ ਬੰਗਾਲੀ ਕੁੜੀ ਨੂੰ ਤੁਹਾਡੀ ਨੂੰਹ ਬਣਾਇਐ।'

ਮੇਰੀ ਗੱਲ ਦਾ ਜਵਾਬ ਦਿੱਤੇ ਬਿਨਾਂ ਉਹ ਆਪਣੇ ਕਮਰੇ 'ਚ ਚਲੇ ਗਏ। ਮੈਂ ਡਰਿਆ ਜਰੂਰ ਸਾਂ ਪਰ ਨਿਰਾਸ਼ ਨਹੀਂ ਸੀ ਹੋਇਆ। ਖਿਆਲ ਸੀ ਕਿ ਰਾਤ ਦੀ ਰੋਟੀ ਸਮੇਂ ਜਦੋਂ ਸਾਰੇ ਇਕੱਠੇ ਬੈਠਾਂਗੇ ਤਾਂ ਮੈਂ ਕਿਸਮਤ ਦੀ ਮਾਰੀ ਸੁਰੁਚੀ ਨਾਲ ਹੋਈ ਬੀਤੀ ਪਾਪਾ ਨੂੰ ਦੱਸਾਂਗਾ। ਉਨ੍ਹਾਂ ਦੇ ਗਾਂਧੀਵਾਦੀ ਵਿਚਾਰਾਂ ਤੇ ਮੈਨੂੰ ਮਾਣ ਸੀ। ਗੱਲ ਉਨ੍ਹਾਂ ਦੇ ਸਹਿਮਤ ਹੋਣ ਦੀ ਸੀ। ਮਮਤਾ ਭਰੀ ਬੇ ਜੀ ਨੂੰ ਮੈਂ ਮਨਾ ਹੀ ਲੈਣਾ ਸੀ ਤੇ ਭੈਣਾਂ ਲੱਗਭਗ ਮੇਰੇ ਹੱਕ ਵਿਚ ਸਨ। ਪਰ ਸਾਡੀ ਦੋਨਾਂ ਦੀ ਰੋਟੀ ਬੈਠਕ ਵਿਚ ਹੀ ਭੇਜ ਦਿੱਤੀ ਗਈ ਸੀ। ਰੋਟੀ ਖਾਣ ਬਾਅਦ ਮੈਨੂੰ ਦਲਾਨ ਵਿਚ ਸੱਦਿਆ ਗਿਆ ਸੀ।

'ਚਾੜ੍ਹ ਆਇਆਂ ਏ ਚੰਦ।' ਮੇਰੇ ਪਾਪਾ ਦੀ ਆਵਾਜ਼ ਵਿਚ ਕ੍ਰੋਧ ਸੀ।

'ਪਰ ਪਾਪਾ ਜੀ! ਮੈਂ ਤੇ ਇਕ ਚੰਗਾ ਕੰਮ ਕੀਤਾ ਏ। ਆਪਣੇ ਦੋਸਤ ਦੀ ਵਿਧਵਾ ਨੂੰ ਸਹਾਰਾ ਦਿੱਤੈ। ਫਿਰ ਉਹ ਇਕ ਇਜ਼ਤਦਾਰ ਔਰਤ ਏ।'

'ਤੇ ਤੂੰ ਕੀ ਸਮਝਦੈਂ ਪਈ ਫੌਜੀਆਂ ਦੀਆਂ ਵਿਧਵਾ ਹੋਈਆਂ ਤੀਵੀਆਂ ਬਾਰੇ ਸਾਨੂੰ ਕੋਈ ਫਿਕਰ ਨਹੀਂ। ਪਿਛਲੇ ਸਾਲ ਅਸੀਂ ਆਪਣੀ ਤਸੀਲ 'ਚ ਬੜਾ ਵੱਡਾ ਪ੍ਰੋਗਰਾਮ ਕਰਵਾਇਆ ਸੀ। ਸਾਡੀ ਪਾਰਟੀ ਵਲੋਂ ਇਲਾਕੇ ਦੀ ਹਰੇਕ ਫੌਜੀ ਵਿਧਵਾ ਨੂੰ ਇਕ ਸਿਲਾਈ ਮਸ਼ੀਨ ਦਿੱਤੀ ਗਈ ਸੀ। ਮੁੱਖ ਮੰਤਰੀ ਜੀ ਆਪ ਖੁਦ ਆਏ ਸਨ।'

'ਪਾਪਾ ਜੀ! ਤਾਂ ਫਿਰ ਤੁਹਾਡੇ ਖਿਆਲ 'ਚ ਫੌਜੀ ਵਿਧਵਾ ਦੀ ਕੀਮਤ ਇਕ ਸਿਲਾਈ ਮਸ਼ੀਨ ਤੋਂ ਵਧ ਕੁਝ ਨਹੀਂ।'

'ਤੇ ਸਰਕਾਰ ਜਿਹੜੀ ਪੈਨਸ਼ਨ ਦੇਂਦੀ ਐ।'

'ਉਸ ਨਾਲ ਮਸਾਂ ਰੋਟੀ ਹੀ ਚਲਦੀ ਆ।'

'ਚਲੋ ਛੱਡੋ ਇਨ੍ਹਾਂ ਗੱਲਾਂ ਨੂੰ', ਗੱਲ ਦਾ ਰੁਖ ਬਦਲਦਿਆਂ ਬੇ ਜੀ ਨੇ ਕਿਹਾ ਸੀ, 'ਪਰ ਪੁੱਤ! ਸਾਨੂੰ ਪੁੱਛ ਲੈਣਾ ਸੀ। ਲੁਕੋ ਰੱਖਣ ਵਾਲੀ ਕਿਹੜੀ ਗੱਲ ਸੀ।'

'ਬੇ ਜੀ! ਮੈਨੂੰ ਤੁਹਾਡੇ ਤੇ ਪਾਪਾ 'ਤੇ ਪੂਰਾ ਵਿਸ਼ਵਾਸ ਸੀ ਤੇ ਹੁਣ ਵੀ ਹੈ ਕਿ ਤੁਸੀਂ ਮੇਰੇ ਇਸ ਕੰਮ ਨੂੰ ਠੀਕ ਸਮਝੋਗੇ।' ਮੇਰੀਆਂ ਨਜ਼ਰਾਂ ਵਿਚ ਨਿਮਰਤਾ ਸੀ।

'ਠੀਕ ਮੈਂ ਸੁਆਹ ਸਮਝਾਂ, ਤੈਂ ਤਾਂ ਮੇਰੀਆਂ ਸਾਰੀਆਂ ਸਕੀਮਾਂ ਤੇ ਪਾਣੀ ਫੇਰ ਦਿੱਤੇ।'

'ਕਿਵੇਂ?'

'ਤੈਨੂੰ ਨਹੀਂ ਚੇਤਾ! ਤੇਰੀ ਪਿਛਲੀ ਛੁੱਟੀ 'ਚ ਮੈਂ ਤੈਨੂੰ ਸਾਰਾ ਕੁਝ ਸਮਝਾਇਆ ਸੀ ਪਈ ਤੇਲੂ ਰਾਮ ਮੰਤਰੀ ਆਪਣੀ ਭਤੀਜੀ ਦਾ ਰਿਸ਼ਤਾ ਤੇਰੇ ਨਾਲ ਕਰਨਾ ਚਾਹੁੰਦੈ।'

'ਪਰ ਮੈਂ ਤੁਹਾਨੂੰ ਕਹਿ ਨਹੀਂ ਸੀ ਦਿੱਤਾ ਕਿ ਮੈਂ ਉਸ ਰੋਗੀ ਨਾਲ ਵਿਆਹ ਨਹੀਂ ਕਰਵਾ ਸਕਦਾ। ਉਮਰ ਵਿਚ ਵੀ ਉਹ ਮੈਥੋਂ ਦਸ ਸਾਲ ਵੱਡੀ ਹੋਣੀ ਏ।'

'ਮੈਨੂੰ ਲਗਦੈ ਤੇਰਾ ਦਿਮਾਗ ਟਿਕਾਣੇ ਨਹੀਂ ਰਿਹਾ। ਓਏ! ਤੈਨੂੰ ਉਹ ਦਿਨ ਭੁੱਲ ਗਏ ਜਦੋਂ ਕਾਲਜੋਂ ਹਟ ਕੇ ਦੋ ਸਾਲ ਧੱਕੇ ਖਾਂਦਾ ਰਿਹਾ ਸੈਂ। ਕੋਈ ਨੌਕਰੀ ਨਹੀਂ ਸੀ ਮਿਲੀ। ਤੇਲੂ ਰਾਮ ਨੇ ਹੀ ਤੈਨੂੰ ਏਅਰ ਫੋਰਸ ਵਿਚ ਭਰਤੀ ਕਰਵਾਇਆ ਸੀ। ਮੰਤਰੀ ਬਣਦਿਆਂ ਹੀ ਉਸਨੇ ਮੈਨੂੰ ਘਿਉ ਦੀ ਏਜੰਸੀ ਲੈ ਦਿੱਤੀ ਐ। ਇਹ ਨਾ ਸਮਝ ਬੈਠੀਂ ਕਿ ਘਰ ਦਾ ਗੁਜ਼ਾਰਾ ਤੇਰੇ ਭੇਜੇ ਹੋਏ ਚਾਰ ਛਿੱਲੜਾਂ ਨਾਲ ਚਲਦੈ। ਤੈਨੂੰ ਮੈਂ ਹੁਣ ਕੀ ਦੱਸਾਂ ਕਿ ਮੈਂ ਕੀ ਕੀ ਸਕੀਮਾਂ ਲਾਈਆਂ ਹੋਈਆਂ ਸਨ। ਅਗਲੀਆਂ ਚੋਣਾਂ ਵਿਚ ਉਸਨੇ ਮੈਨੂੰ ਐਮ.ਐਲ.ਏ ਦਾ ਟਿਕਟ ਲੈ ਕੇ ਦੇਣਾ ਸੀ।

'ਛੱਡੋ ਪਾਪਾ ਜੀ! ਕੀ ਲੈਣਾ ਏ ਐਮ. ਐਲ. ਏ ਬਣਕੇ। ਝੂਠ ਤੇ ਪਾਖੰਡ ਦੇ ਧੰਦੇ ਨੇ ਇਹ।'

'ਓਏ! ਤੂੰ ਸਾਨੂੰ ਜੰਮਿਐਂ ਕਿ ਅਸੀਂ ਤੈਨੂੰ? ਮੱਤਾਂ ਦੇਣ ਲੱਗ ਪਿਐਂ,' ਪਾਪਾ ਗੁੱਸੇ ਵਿਚ ਆਪੇ ਤੋਂ ਬਾਹਰ ਹੋਈ ਜਾ ਰਹੇ ਸਨ, 'ਮੇਰਾ ਫੈਸਲਾ ਵੀ ਸੁਣ ਲੈ, ਜੇ ਏਸ ਬੰਗਾਲਣ ਨੂੰ ਛਡ ਦੇਵੇਂ ਤਾਂ ਠੀਕ ਐ, ਨਹੀਂ ਤੇ ਤੇਰਾ ਮੇਰਾ ਕੋਈ ਰਿਸ਼ਤਾ ਨਹੀਂ।'

'ਪਾਪਾ ਜੀ! ਕੀ ਆਖ ਰਹੇ ਹੋ? ਇਹ ਕੋਈ ਬੱਚਿਆਂ ਦੀ ਖੇਡ ਐ। ਮੈਂ ਸੁਰੁਚੀ ਨੂੰ ਕਿਸੇ ਕੀਮਤ ਤੇ ਵੀ ਨਹੀਂ ਛੱਡ ਸਕਦਾ।'

'ਤਾਂ ਫਿਰ ਕੰਨ ਖੋਲ੍ਹ ਕੇ ਸੁਣ ਲੈ, ਮੇਰੇ ਵਲੋਂ ਕੋਈ ਆਸ ਨਾ ਰੱਖੀਂ। ਮੈਂ ਤੇਰਾ ਪਿਉ ਨਹੀਂ ਤੇ ਤੂੰ ਮੇਰਾ ਪੁੱਤ ਨਹੀਂ।' ਪਾਪਾ ਨੇ ਗੁੱਸੇ ਵਿਚ ਆਪਣੀ ਗਾਂਧੀ ਟੋਪੀ ਲਾਹ ਕੇ ਪਰੇ ਵਗਾਹ ਮਾਰੀ ਸੀ।

ਭੈਣਾਂ ਡੌਰ ਭੌਰ ਹੋਈਆਂ ਵੇਖ ਰਹੀਆਂ ਸਨ। ਮੈਨੂੰ ਆਸ ਸੀ ਕਿ ਬੇ ਜੀ ਥੋੜਾ ਬਹੁਤ ਮੇਰੇ ਹੱਕ ਵਿਚ ਬੋਲੇਗੀ ਜਾਂ ਪਾਪਾ ਦਾ ਗੁੱਸਾ ਠੰਢਾ ਕਰਨ ਦੀ ਕੋਸ਼ਿਸ਼ ਕਰੇਗੀ। ਪਰ ਉਹ ਉਨ੍ਹਾਂ ਦੀ ਹਾਂ ਵਿਚ ਹੀ ਹਾਂ ਮਿਲਾਉਂਦੀ ਰਹੀ ਸੀ।

ਸੁਮੀਤ! ਉਸ ਚੰਦਰੀ ਸ਼ਾਮ ਦਾ ਜ਼ਿਕਰ ਕਰਦਿਆਂ ਮੇਰੀਆਂ ਅੱਖਾਂ ਵਿਚ ਹੰਝੂ ਆ ਗਏ ਹਨ। ਜਿਸ ਘਰ ਵਿਚ ਮੈਂ ਹਮੇਸ਼ਾਂ ਹੀ ਭਰਵੇਂ ਤੇ ਸੁਖਾਵੇਂ ਸਾਹ ਲੈਂਦਾ ਰਿਹਾ ਸਾਂ, ਉਸੇ ਘਰ ਵਿਚ ਮੇਰਾ ਦਮ ਘੁਟਣ ਲੱਗ ਪਿਆ ਸੀ।

ਸੁਰੁਚੀ ਬੈਠਕ ਵਿਚ ਬੈਠੀ ਸਭ ਕੁਝ ਸੁਣਦੀ ਰਹੀ ਸੀ। ਉਸਦੇ ਚਿਹਰੇ ਵਲ ਵੇਖਣ ਦੀ ਮੇਰੇ ਵਿਚ ਹਿੰਮਤ ਨਹੀਂ ਸੀ ਰਹਿ ਗਈ। ਬੱਤੀ ਬੁਝਾ ਕੇ ਅਸੀਂ ਲੇਟ ਗਏ ਸਾਂ। ਉਸਨੇ ਦੋ ਕੁ ਵਾਰੀ ਮੇਰੇ ਨਾਲ ਗੱਲ ਛੇੜਨੀ ਚਾਹੀ ਸੀ ਪਰ ਮੈਂ ਹੂੰ ਹਾਂ ਕਰਕੇ ਟਾਲ ਗਿਆ ਸਾਂ। ਸਾਰੀ ਰਾਤ ਸਾਡੀਆਂ ਅੱਖਾਂ ਵਿਚ ਲੰਘੀ ਸੀ।

ਅਗਲੇ ਦਿਨ ਆਂਢ ਗੁਆਂਢ ਤੇ ਪਿੰਡ ਦੀਆਂ ਹੋਰ ਬੁੜ੍ਹੀਆਂ ਦਾ ਆਉਣ ਜਾਣ ਸ਼ੁਰੂ ਹੋ ਗਿਆ। ਕਿਸੇ ਦੀ ਗੱਲ ਸਿੱਧੀ ਸੀ ਤੇ ਕਿਸੇ ਦੀ ਪੁੱਠੀ:

'ਦਾਦੇ ਮਗੌਣੇ ਨੇ ਕੀ ਚੰਜ ਘੋਲਿਆ?'

'ਐਨਾ ਪੜ੍ਹ ਲਿਖ ਕੇ ਵੀ ਅਕਲ ਨਾ ਆਈ।'

'ਕੀ ਪਤੈ ਖਬਨੀ ਬੰਗਾਲਣ ਨੇ ਕੋਈ ਜਾਦੂ ਟੂਣਾ ਹੀ ਕਰ ਦਿੱਤਾ ਹੋਵੇ। ਕਹਿੰਦੇ ਨੁ ਐ ਪਈ ਬੰਗਾਲ 'ਚ ਜਾਦੂ ਬੜਾ ਐ।'

'ਅਸਲ 'ਚ ਮੁੰਡਾ, ਕੁੜੀ ਦਾ ਰੰਗ ਰੂਪ ਦੇਖ ਕੇ ਹੀ ਡੁਲ੍ਹ ਗਿਐ।'

'ਕੁੜੇ ਦੇਖੇ ਤਾਂ ਸਹੀ। ਮਜਾਲ ਐ ਕੋਈ ਅੱਖ ਨੱਕ ਵਲ ਹੋਵੇ ਬੰਗਾਲਣ ਦੇ।'

ਉਨ੍ਹਾਂ ਦਿਨਾਂ ਵਿਚ ਜ਼ਿਲਾ ਪਰੀਸ਼ਦ ਦੀ ਚੋਣ ਹੋਣ ਵਾਲੀ ਸੀ। ਤੇਲੂ ਰਾਮ ਦੀ ਸਿਫਾਰਿਸ਼ ਤੇ ਲਾਗਲੇ ਪਿੰਡ ਦਾ ਇਕ ਬਲੇਕੀਆ ਪਾਰਟੀ ਦਾ ਉਮੀਦਵਾਰ ਸੀ। ਆਪਣੀ ਪਾਰਟੀ ਦੇ ਵਫਾਦਾਰ ਵਰਕਰ ਹੋਣ ਦੇ ਨਾਤੇ ਪਾਪਾ ਪੂਰੇ ਜ਼ੋਰ ਸ਼ੋਰ ਨਾਲ ਉਸਦੀ ਮਦਦ ਕਰ ਰਹੇ ਸਨ। ਹਰ ਰੋਜ਼ ਉਹ ਇਸੇ ਦੌੜ-ਭੱਜ ਵਿਚ ਰਹਿੰਦੇ ਤੇ ਸ਼ਾਮ ਨੂੰ ਜਦੋਂ ਕਾਫੀ ਦੇਰ ਨਾਲ ਘਰ ਮੁੜਦੇ ਤਾਂ ਸਾਨੂੰ ਦੇਖਕੇ ਉਨ੍ਹਾਂ ਨੂੰ ਖਿੱਝ ਜਿਹੀ ਚੜ੍ਹ ਜਾਂਦੀ। ਬੇ ਜੀ ਵੀ ਅਕਸਰ ਮੱਥੇ ਤਿਉੜੀ ਪਾਈ ਰੱਖਦੇ। ਭੈਣਾਂ ਦੇ ਇਮਤਿਹਾਨ ਚਲ ਰਹੇ ਸਨ।

ਭਰਤੀ ਹੋਣ ਬਾਅਦ ਜਦੋਂ ਕਦੀ ਵੀ ਛੁਟੀ ਗਿਆ ਸਾਂ, ਘਰ ਵਿਚ ਹਰ ਵੇਲੇ ਖੁਸ਼ੀ ਛਾਈ ਰਹਿਣੀ। ਬਸ ਮੌਜਾਂ ਹੀ ਮੌਜਾਂ ਤੇ ਇੰਜ ਲੱਗਣਾ ਜਿਵੇਂ ਅੱਖ ਦੇ ਪਲਕਾਰੇ ਵਿਚ ਹੀ ਦੋ ਮਹੀਨੇ ਮੁੱਕ ਗਏ ਹੋਣ। ਵਾਪਸ ਮੁੜਨ ਨੂੰ ਰੂਹ ਨਾ ਕਰਨੀ। ਪਰ ਉਦੋਂ ਉਲਟ ਗੱਲ ਹੋ ਗਈ ਸੀ। ਮੇਰਾ ਇਹ ਖਿਆਲ ਕਿ ਘਰ ਵਾਲਿਆਂ ਦਾ ਰਵੱਈਆ ਸ਼ਾਇਦ ਠੀਕ ਹੋਣ ਲੱਗ ਪਵੇ, ਸਹੀ ਨਹੀਂ ਰਿਹਾ ਸੀ। ਸਮੇਂ ਦਾ ਇਕ ਇਕ ਪਲ ਮੈਨੂੰ ਤੇ ਸੁਰੁਚੀ ਨੂੰ ਲਿਤਾੜ ਕੇ ਅਗਾਂਹ ਟੁਰਦਾ। ਹਾਰ ਕੇ ਅਸੀਂ ਵਾਪਸ ਮੁੜਨ ਦਾ ਫੈਸਲਾ ਕਰ ਲਿਆ। ਬੇ ਜੀ ਨੂੰ ਪੁੱਛਿਆ। ਕਹਿਣ ਲੱਗੇ, 'ਜਿਵੇਂ ਤੁਹਾਡੀ ਮਰਜੀ।'

> ਪਰ ਸਾਰੇ ਪਾਸੇ ਮੈਨੂੰ ਲਾਸ਼ਾਂ ਹੀ ਲਾਸ਼ਾਂ ਦਿਖਾਈ ਦੇ ਰਹੀਆਂ ਹਨ। ਗਿਰਝਾਂ ਦੇ ਸੰਘਣੇ ਹੁੰਦੇ ਜਾ ਰਹੇ ਪਰਛਾਵਿਆਂ ਨਾਲ ਚਾਰ ਚੁਫੇਰੇ ਹਨ੍ਹੇਰਾ ਪਸਰ ਰਿਹਾ ਹੈ।

ਜਦੋਂ ਅਸੀਂ ਟੁਰਨ ਲੱਗੇ ਤਾਂ ਸ਼ਰੀਕੇ ਵਿਚੋਂ ਲਗਦੀ ਦਾਦੀ, ਹੱਥ ਵਿਚ ਡੰਗੋਰੀ ਫੜੀ ਆਣ ਪਹੁੰਚੀ, 'ਕੁੜੇ ਤਾਰੋ! ਰੋਕ ਇਨ੍ਹਾਂ ਨੂੰ। ਏਦਾਂ ਨਹੀਂ ਨੂੰਹ ਪੁੱਤ ਨੂੰ ਘਰੋਂ ਜਾਣ ਦੇਈਦਾ। ਤੂੰ ਤੇ ਐਵੇਂ ਸੜ ਬਲ ਗਈ ਏਂ। ਇਹ ਤਾਂ ਬੜੀ ਕਰਮਾਂ ਵਾਲੀ ਕੁੜੀ ਲਗਦੀ ਆ।' ਹੱਥ ਵਿਚ ਮਾਲਾ ਫੇਰਦਿਆਂ ਉਸਨੇ ਕਿਹਾ ਸੀ।

'ਸੁਆਹ ਤੇ ਖੇਹ, ਇਸ ਕੁਲੱਛਣੀ ਨੇ ਤਾਂ ਸਾਡੇ ਵੀ ਕਰਮ ਸਾੜ ਦਿੱਤੇ ਆ।' ਹਿਰਖ ਨਾਲ ਭਰੀ ਬੇ ਜੀ ਬੋਲੀ ਸੀ।

'ਕਮਲੀਏ ਏਦਾਂ ਨਹੀਂ ਕਲੇਸ਼ ਕਰੀਦਾ, ਸੁੱਖੀ ਸਾਂਦੀ....ਜੇ ਹੋਰ ਨਹੀਂ ਤਾਂ ਘੱਟੋ ਘੱਟ ਇਨ੍ਹਾਂ ਨੂੰ ਤੋਰ ਕੇ ਆ....ਜਾਹ!'

ਕੁਝ ਸੋਚਣ ਬਾਅਦ ਬੇ ਜੀ ਤਿਆਰ ਹੋ ਪਏ ਸਨ। ਮੈਂ ਤੇ ਸੁਰੁਚੀ ਨੇ, ਕੋਲ ਖੜੀ ਦਾਦੀ ਦੇ ਪੈਰੀਂ ਹੱਥ ਲਾਏ। ਉਸਨੇ ਸਾਨੂੰ ਘੁੱਟ ਕੇ ਪਿਆਰ ਦਿੱਤਾ, ਅਸੀਸ ਦਿੱਤੀ। ਗਲੀ ਦੇ ਮੋੜ ਤੇ ਮੈਂ ਪਿਛਾਂਹ ਭਉਂ ਕੇ ਇਕ ਭਰਵੀਂ ਨਜ਼ਰ ਨਾਲ ਘਰ ਨੂੰ ਵੇਖਿਆ ਤੇ ਪਤਾ ਨਹੀਂ ਕਿਉਂ ਮੇਰਾ ਦਿਲ ਭਰ ਆਇਆ ਸੀ। ਬੱਸ ਦਾ ਕੋਈ ਪੱਕਾ ਨਹੀਂ ਸੀ। ਉਜ ਹੀ ਲੰਘੇ ਡੰਗ ਆਉਂਦੀ ਸੀ। ਟਾਂਗੇ ਦੀ ਉਡੀਕ ਵਿਚ ਅਸੀਂ ਫਿਰਨੀ ਦੇ ਇਕ ਪਾਸੇ ਖਲੋ ਗਏ। ਥੋੜ੍ਹੀ ਕੁ ਦੇਰ ਬਾਅਦ ਬੇ ਜੀ 'ਚੰਗਾ' ਕਹਿਕੇ ਘਰ ਨੂੰ ਟੁਰ ਪਏ। ਅਸੀਂ ਉਨ੍ਹਾਂ ਦੇ ਪੈਰੀਂ ਹੱਥ ਲਾਏ। ਪਹਿਲਾਂ ਉਹ ਮੈਨੂੰ ਵਿਦਾ ਕਰਨ ਸਟੇਸ਼ਨ ਤਕ ਆਉਂਦੇ ਹੁੰਦੇ ਸਨ। ਪਾਪਾ ਤੇ ਭੈਣਾਂ ਵੀ ਤਕਰੀਬਨ ਨਾਲ ਹੁੰਦੇ। ਪਾਪਾ ਤੇ ਬੇ ਜੀ ਨੇ ਜੱਫੀ 'ਚ ਲੈ ਕੇ ਮੇਰਾ ਸਿਰ ਪਲੋਸਣਾ। ਪਰ ਉਸ ਦਿਨ ਇੰਜ ਨਹੀਂ ਸੀ ਹੋਇਆ। ਬੇ ਜੀ ਦੇ ਹੱਥ ਸਾਡੇ ਸਿਰਾਂ ਤਕ ਗਏ ਤਾਂ ਸਨ ਪਰ ਰਸਮੀ ਜਿਹੇ ਢੰਗ ਨਾਲ।

ਜਿਹੜੇ ਥੋੜ੍ਹੇ ਕੁ ਦਿਨ ਮੈਂ ਪਿੰਡ ਰਿਹਾ, ਘਰੋਂ ਬਾਹਰ ਘੱਟ-ਵੱਧ ਹੀ ਨਿਕਲਿਆਂ ਸਾਂ। ਕਿਸੇ ਦੇ ਮੱਥੇ ਲੱਗਣ ਨੂੰ ਦਿਲ ਹੀ ਨਹੀਂ ਸੀ ਕੀਤਾ ਤੇ ਉਸ ਸਮੇਂ ਫਿਰਨੀ 'ਚ ਇਧਰ ਉਧਰ ਲੰਘ ਰਹੇ ਲੋਕਾਂ ਨੇ ਮੈਨੂੰ ਬੁਲਾਇਆ ਸੀ। ਕਈਆਂ ਨੇ ਸਹਿਜ ਸੁਭਾ ਹੀ ਤੇ ਕਈਆਂ ਨੇ ਕੋਲ ਖੜੀ ਸੁਰੁਚੀ ਵਲ ਵੇਖਦੇ ਹੋਏ ਉਚੇਚੇ ਤੌਰ ਤੇ ਗਲ ਹਾਲ ਪੁੱਛਦਿਆਂ ਹੈਰਾਨੀ ਦਾ ਪ੍ਰਗਟਾਵਾ ਵੀ ਕੀਤਾ ਸੀ:

'ਕਮਾਲ ਆ ਬਈ! ਆਇਆ ਕਦੋਂ ਤੇ ਤੁਰ ਕਦੋਂ ਚਲਿਐਂ।'

'ਐਡੀ ਛੇਤੀ ਤਿਆਰੀ ਕੱਸ ਲਈ, ਕਿਤੇ ਬਹਿਕੇ ਗੱਪ-ਸ਼ੱਪ ਮਾਰਦੇ।'

'ਅੱਗੇ ਤੇਰੇ ਛੁੱਟੀ ਆਏ ਤੇ ਮਾਅਰ ਰਾਸੇ ਠੱਠੇ ਪੈਂਦੇ ਰਹਿਣੇ।'

ਮੈਂ ਹੂੰ ਹਾਂ ਤੋਂ ਵੱਧ ਕੁਝ ਨਹੀਂ ਸਾਂ ਬੋਲ ਸਕਿਆ। ਤੇ ਪਤਾ ਨਹੀਂ ਮੈਂ ਇਹ ਜਾਣ ਬੁੱਝ ਕੇ ਕੀਤਾ ਸੀ ਜਾਂ ਆਪਣੀ ਅੰਦਰਲੀ ਘੁਟਣ ਦੇ ਕਾਰਨਵੱਸ, ਕਿ ਮੇਰੀ ਨਿਗ੍ਹਾ ਲੋਕਾਂ ਵਲੋਂ ਹਟ ਕੇ ਦੁਮੇਲ ਵਲ ਚਲੀ ਗਈ ਸੀ। ਮਾਰਚ ਮਹੀਨੇ ਦਾ ਮੌਸਮ ਸਾਫ ਤੇ ਸੁਹਣਾ ਸੀ। ਕਣਕਾਂ, ਸਰਵਾਂ, ਗੰਨੇ, ਬਰਸੀਮਾ ਤੇ ਸੂਰਜ-ਮੁਖੀ ਦੀ ਫਸਲ ਨਾਲ ਭਰੀ ਭਕੁੰਨੀ ਧਰਤੀ ਦਾ ਰੂਪ ਨਿੱਖਰਿਆ ਪਿਆ ਸੀ। ਪਲਾਂ ਵਿਚ ਹੀ ਪਿੰਡ ਤੇ ਉਸਦੀ ਧਰਤ ਦਾ ਚੱਪਾ ਚੱਪਾ ਮੇਰੀਆਂ ਨਜ਼ਰਾਂ ਸਾਹਮਣੇ ਘੁੰਮ ਗਿਆ। ਫਿਰਨੀ ਦੇ ਅੰਦਰਵਾਰ ਵਿਛੀਆਂ ਗਲੀਆਂ, ਬਾਹਰ ਨੂੰ ਨਿਕਲਦੇ ਕੱਚੇ ਰਾਹਾਂ ਤੇ ਦੂਰ ਤਕ ਪਸਰੇ ਖੇਤਾਂ; ਗੱਲ ਕੀ ਹਰ ਥਾਂ ਤੇ ਮੈਨੂੰ ਆਪਣੇ ਬਚਪਨ ਅਤੇ ਜਵਾਨੀ ਦੀਆਂ ਪੈੜਾਂ ਨਜ਼ਰ ਆ ਰਹੀਆਂ ਸਨ। ਤੇ ਮੈਨੂੰ ਇੰਜ ਲੱਗ ਰਿਹਾ ਸੀ ਕਿ ਇਹ ਪੈੜਾਂ ਸ਼ਾਇਦ ਹੁਣ ਹਮੇਸ਼ਾਂ ਵਾਸਤੇ ਮਿਟ ਜਾਣੀਆਂ ਸਨ। ਇਕ ਲੰਮਾ ਤੇ ਬੋਝਲ ਹਉਕਾ ਮੇਰੇ ਅੰਦਰੋਂ ਨਿਕਲ ਗਿਆ।

ਅਸੀਂ ਟਾਂਗੇ ਵਿਚ ਸਵਾਰ ਹੋ ਚੁੱਕੇ ਸਾਂ।

ਗੱਡੀ ਵਿਚ ਹਾਲੇ ਦੇਰ ਸੀ। ਛੋਟੇ ਜਿਹੇ ਸਟੇਸ਼ਨ ਦੇ ਇਕ ਬੈਂਚ ਉਪਰ ਸਮਾਨ ਟਿਕਾ ਕੇ ਅਸੀਂ ਬੈਠ ਗਏ ਸਾਂ।

'ਅਵਿਨਾਸ਼! ਅਗਰ ਤੂੰ ਮੁਝੇ ਸਹੀ ਸਹੀ ਬਤਾ ਦੇਤਾ ਕਿ ਤੇਰੇ ਘਰ ਵਾਲੇ ਐਸਾ ਕਰੇਂਗੇ ਤੋ ਮੈਂ ਕਭੀ ਭੀ ਹਾਂ ਨਾ ਕਰਤੀ। ਮੁਝੇ ਦੁੱਖ ਹੈ ਕਿ ਮੇਰੇ ਕਾਰਨ ਤੇਰੇ ਰਿਸ਼ਤੇ ਟੂਟ ਰਹੇ ਹੈਂ। ਮੈਂ ਅਭਾਗਨ....।' ਉਸਦੀ ਗੱਲ ਸਿਸਕੀਆਂ ਵਿਚ ਗਵਾਚ ਗਈ ਸੀ।

ਸੁਮੀਤ! ਸੁਰੁਚੀ ਦੇ ਹੰਝੂ ਵੇਖਕੇ ਮੇਰੇ ਅੰਦਰ ਡੱਕਿਆ ਹੋਇਆ ਗੁਬਾਰ ਏਨੇ ਜ਼ੋਰ ਨਾਲ ਬਾਹਰ ਨੂੰ ਆਇਆ ਕਿ ਮੇਰੀਆਂ ਧਾਹਾਂ ਨਿਕਲ ਗਈਆਂ ਸਨ। ਸੁਰੁਚੀ ਦੀ ਗੋਦ ਵਿਚ ਸਿਰ ਸੁੱਟੀ ਮੈਂ ਬੱਚਿਆਂ ਵਾਂਗ ਰੋ ਰਿਹਾ ਸਾਂ।

'ਸੁਮੀਤ! ਨਾ ਤੂੰ ਮਰਦਾ ਤੇ ਨਾ ਹੀ ਅੱਜ ਮੇਰੇ ਤੇ ਸੁਰੁਚੀ ਨਾਲ ਇਸ ਤਰ੍ਹਾਂ ਹੁੰਦੀ।' ਮੇਰੇ ਇਨ੍ਹਾਂ ਬੋਲਾਂ ਨੇ ਸਾਡੀਆਂ ਸਿਸਕੀਆਂ ਹੋਰ ਵੀ ਤੇਜ਼ ਕਰ ਦਿੱਤੀਆਂ ਸਨ।

ਯੂਨਿਟ ਵਿਚ ਪਹੁੰਚੇ ਤਾਂ ਆਸ ਪੜੋਸ ਦੇ ਕੁਆਰਟਰਾਂ ਵਿਚ ਰਹਿੰਦੀਆਂ ਫੈਮਿਲੀਆਂ ਨੂੰ ਹੈਰਾਨੀ ਹੋਈ। ਦੋ ਮਹੀਨੇ ਲਈ ਪਿੰਡ ਗਏ ਸਾਂ। ਪਰ ਦੋ ਹਫਤਿਆਂ 'ਚ ਹੀ ਵਾਪਸ ਪਹੁੰਚੇ ਵੇਖਕੇ ਲੋਕਾਂ ਨੇ ਸਾਡੇ 'ਤੇ ਪ੍ਰਸ਼ਨ ਕਰਨੇ ਸ਼ੁਰੂ ਕਰ ਦਿੱਤੇ। ਤੇ ਲੋਕਾਂ ਦੀ ਇਸ ਪੁਛਗਿੱਛ ਨੇ ਮੇਰੇ ਦਿਮਾਗ ਨੂੰ ਕੁਤਰਨਾ ਸ਼ੁਰੂ ਕਰ ਦਿੱਤਾ। ਮੇਰੀ ਉਦਾਸੀ ਵਧਦੀ ਗਈ। ਸਾਰਾ ਦਿਨ ਮੈਂ ਕੁਆਰਟਰ ਦੇ

ਬਾਕੀ ਸਫਾ 25 'ਤੇ

# ਰੂਸੀ ਹਮਲਾ ਹੋਣ ਵਾਲਾ ਹੈ

## ਬਲਰਾਜ ਚੀਮਾ

ਲੱਗਭਗ ਦੋ ਦਹਾਕੇ ਪਹਿਲਾਂ ਕੈਨੇਡਾ ਦੇ ਪ੍ਰਸਿੱਧ ਫਿਲਮਕਾਰ ਤੇ ਫਿਲਮ ਨਿਰਦੇਸ਼ਕ ਨਾਰਮਨ ਜਿਊਸਨ ਨੇ Russians are coming ਨਾਂ ਦੀ ਇਕ ਫਿਲਮ ਬਣਾਈ ਸੀ। ਵਿਚਾਰ ਅਤੇ ਫਿਲਮ ਕਲਾ ਦੇ ਪੱਖ ਤੋਂ ਇਹ ਫਿਲਮ ਸ਼ਲਾਘਾ ਦੀ ਹੱਕਦਾਰ ਸੀ ਅਤੇ ਇਸ ਨੂੰ ਢੁੱਕਵੀਂ ਸ਼ਲਾਘਾ ਪ੍ਰਾਪਤ ਵੀ ਹੋਈ। ਇਸ ਸ਼ਾਹਕਾਰ ਦਾ ਅੰਤ੍ਰੀਵ ਤੇ ਵਿਅੰਗਮਈ ਸੰਦੇਸ਼ ਅਵੱਸ਼ ਹੀ ਅਮਰੀਕਨ ਮੂਲ ਤੇ ਮੁੱਖ ਵਿਚਾਰਧਾਰਾ ਦੇ ਵਿਰੁਧ ਹੋਣ ਦੇ ਬਾਵਜੂਦ ਸੂਝਵਾਨ ਦਰਸ਼ਕਾਂ ਤੇ ਫਿਲਮ ਆਲੋਚਕਾਂ ਨੇ ਇਸ ਨੂੰ ਸਲਾਹਿਆ। ਇਹ ਵੱਖਰੀ ਗਲ ਹੈ ਕਿ ਇਸ ਲੋਕ-ਪ੍ਰੀਯ ਫਿਲਮਕਾਰ ਨੂੰ ਅਮਰੀਕਾ ਦੀ ਅਖੌਤੀ ਸੁਤੰਤਰ ਧਰਤੀ ਉਤੇ ਪੈਰ ਰੱਖਣ ਤੋਂ ਪਹਿਲਾਂ ਹੀ ਨਿਊਯਾਰਕ ਦੇ ਹਵਾਈ ਅੱਡੇ ਤੋਂ ਵਾਪਿਸ ਮੋੜ ਦਿਤਾ ਗਿਆ ਸੀ। ਕਾਰਨ ਸਪਸ਼ਟ ਹੈ ਕਿ ਅਮਰੀਕਨ ਸੱਤਾਧਾਰੀ ਧੜੇ ਅਤੇ ਇਸ ਦੀਆਂ ਸਹਾਇਕ ਤੇ ਸੇਵਾ ਬਰਦਾਰ ਏਜੰਸੀਆਂ ਜਿਵੇਂ ਕਿ ਸੀ. ਆਈ. ਏ. ਅਤੇ ਐਫ. ਬੀ. ਆਈ. ਕਿਵੇਂ ਸਹਾਰ ਸਕਦੀਆਂ ਸਨ ਕਿ ਪਿਛਲੇ 30 ਸਾਲਾਂ ਦੀ ਘਾਲ ਅਤੇ ਬੇਥਹਾ ਖਰਚੇ ਨਾਲ ਰੂਸ ਵਿਰੁਧ ਉਸਾਰੀ ਪ੍ਰਾਪੇਗੰਡੇ ਦੀ ਕੰਧ ਵਿਚ ਤ੍ਰੇੜਾਂ ਪੈ ਜਾਣ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਹ ਏਜੰਸੀਆਂ ਬੁਨਿਆਦੀ ਤੌਰ ਤੇ ਅਮਰੀਕਨ ਲੋਕ ਹਿੱਤਾਂ ਦੀ ਰਾਖੀ ਲਈ ਸਥਾਪਤ ਕੀਤੀਆਂ ਗਈਆਂ ਸਨ, ਪਰ ਇਨ੍ਹਾਂ ਦੇ ਪਿਛਲੇ ਦਹਾਕਿਆਂ ਦੀਆਂ ਕਾਰਵਾਈਆਂ ਉਤੇ ਸਰਸਰੀ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਇਹ ਅਮਰੀਕਾ ਦੇ ਸ਼ਕਤੀਸ਼ਾਲੀ ਸੈਨਿਕ ਅਦਾਰਿਆਂ, ਹਥਿਆਰ ਬਣਾਉਣ ਵਾਲੀਆਂ ਕਾਰਪੋਰੇਸ਼ਨਾਂ ਅਤੇ ਦੂਜੀਆਂ ਅੰਤ੍ਰਰਾਸ਼ਟਰੀ ਕਾਰਪੋਰੇਸ਼ਨਾਂ ਦੇ ਵਿਸ਼ਾਲ ਹਿੱਤਾਂ ਦੀ ਰਾਖੀ ਕਰਨ ਵਾਲੀਆਂ ਏਜੰਸੀਆਂ ਬਣ ਕੇ ਰਹਿ ਗਈਆਂ ਹਨ। ਇਸ ਬਣਤਰ-ਪ੍ਰਬੰਧ ਅਧੀਨ ਟੈਕਸ ਦੇਣ ਵਾਲਿਆਂ ਦੇ ਕਰੋੜਾਂ ਡਾਲਰ ਅੰਧਾ ਧੁੰਦ ਤੇ ਬੇਤਰਸੀ ਨਾਲ ਖਰਚੇ ਜਾਂਦੇ ਰਹੇ ਹਨ।

ਸੁਭਾਵਕ ਹੀ ਪਾਠਕਾਂ ਅੰਦਰ ਉਚਿੱਤ ਤੌਰ ਤੇ ਇਹ ਪ੍ਰਸ਼ਣ ਉਠਦਾ ਹੋਵੇਗਾ ਕਿ ਜੇ ਅਖੌਤੀ ਠੰਡੀ ਜੰਗ ਖਤਮ ਹੋ ਗਈ ਹੈ ਅਤੇ ਭੂਤਪੂਰਵ ਸੋਵੀਅਤ ਯੂਨੀਅਨ ਦਾ ਸਾਰਾ ਢਾਂਚਾ ਕੱਚ ਦੇ ਮਹਿਲ ਵਾਂਗ ਖੇਰੂੰ ਖੇਰੂੰ ਹੋ ਗਿਆ ਹੈ, ਤਾਂ ਫਿਰ ਹੁਣ ਇਸ ਵਿਸ਼ੇ ਉੱਤੇ ਲਿਖਣ ਦੀ ਕੀ ਲੋੜ ਰਹਿ ਜਾਂਦੀ ਹੈ। ਅਵੱਸ਼ ਹੀ ਇਹ ਪ੍ਰਸ਼ਣ ਉਤਸੁਕਤਾ ਪੈਦਾ ਕਰਨ ਵਾਲਾ ਵੀ ਹੈ ਅਤੇ ਉੱਤਰ ਦੀ ਉਚਿੱਤ ਮੰਗ ਵੀ ਕਰਦਾ ਹੈ। ਮੈਂ ਸ਼ੁਰੂ ਵਿਚ ਹੀ ਇਸ ਸਵਾਲ ਉੱਪਰ ਵਿਚਾਰ ਕਰਨਾ ਚਾਹਾਂਗਾ। ਕੀ ਠੰਡੀ ਜੰਗ ਖ਼ਤਮ ਹੋ ਗਈ ਹੈ? ਜੇ ਖ਼ਤਮ ਹੋ ਗਈ ਹੈ ਤਾਂ ਫਿਰ ਸ਼ਾਂਤੀ ਦੇ ਲਾਭ-ਅੰਸ਼ ਸਾਧਾਰਣ ਅਮਰੀਕਨ ਦੀ ਪਹੁੰਚ ਵਿਚ ਹਨ? ਕੀ ਹਥਿਆਰਾਂ ਬਣਾਉਣ ਤੇ ਵੇਚਣ ਦਾ ਕਿੱਤਾ ਬੰਦ ਹੋ ਗਿਆ ਹੈ? ਕੀ ਠੰਡੀ ਜੰਗ ਦੀ ਭਾਸ਼ਣਕਾਰੀ ਤੇ ਮੁਹਾਵਰੇ ਦੀ ਵਰਤੋਂ ਉਸੇ ਮਾਤਰਾ ਵਿਚ ਘੱਟ ਹੋ ਗਈ ਹੈ ਜਿਸ ਮਾਤਰਾ ਵਿਚ ਰੂਸੀ ਹਮਲੇ ਦਾ ਡਰ ਘੱਟ ਗਿਆ ਹੈ? ਨਹੀਂ? ਬਿਲਕੁਲ ਨਹੀਂ। ਰੂਸੀ ਹਮਲੇ ਦਾ ਡਰ ਤਾਂ ਅਲੋਪ ਹੋ ਗਿਆ ਹੈ ਪਰ ਰੂਪਕ ਦੇ ਤੌਰ ਤੇ ਇਸ ਨਾਅਰੇ ਦੀ ਮ੍ਰਿਤੂ ਨਹੀਂ ਹੋਈ। ਮਾਰੂ ਤੇ ਭਿਆਨਕ ਹਥਿਆਰ ਬਣਾਉਣ ਵਾਲਿਆਂ ਦੇ ਮਿੱਤਰ ਅਤੇ ਮਨੁੱਖੀ ਜੀਵਨ ਦੇ ਸ਼ੱਤਰੂ ਨਵੇਂ ਸਿਰਿਓਂ ਉੱਚੀ ਉੱਚੀ ਸੁਝਾਅ ਦੇ ਰਹੇ ਹਨ ਕਿ ਰੂਸੀ ਹਮਲੇ ਦੇ ਖਤਰੇ ਦੇ ਖਤਮ ਹੋਣ ਨਾਲ ਸਾਦਮ, ਗਦਾਫ਼ੀ ਆਦਿ ਜਿਹੇ ਸਿਰਫਿਰੇ ਡਿਕਟੇਟਰਾਂ ਵੱਲੋਂ ਹਮਲੇ ਦੀ ਸੰਭਾਵਨਾ ਦਾ ਡਰ ਖਤਮ ਨਹੀਂ ਹੋਇਆ। ਹੁਣ ਦੁਨੀਆਂ ਦੀ ਕਿਸੇ ਵੀ ਨੁੱਕਰ ਵਿਚੋਂ ਕੋਈ ਵੀ (ਮਨ ਘੜਤ) ਦੁਸ਼ਮਣ ਦੇਸ਼ ਅਰਥਾਤ ਚੀਨ, ਈਰਾਨ, ਭਾਰਤ, ਕੋਰੀਆ ਵਿਚੋਂ ਕੋਈ ਵੀ ਉਠ ਕੇ ਰੂਸ ਦੀ ਥਾਂ ਲੈ ਸਕਦਾ ਹੈ। ਹਥਿਆਰ ਬਣਾਉਣ ਤੇ ਉਨ੍ਹਾਂ ਵਿਚ ਗੁਣਾਤਮਿਕ ਅਤੇ ਗਿਣਾਤਮਿਕ ਵਾਧੇ ਕਰਨ ਦੀ ਪ੍ਰਕਿਰਿਆ ਨੂੰ ਜਾਰੀ ਰੱਖਣ ਦੀ ਪ੍ਰੋੜਤਾ ਵਿਚ ਉਹ ਇਹ ਵੀ ਦਲੀਲ ਦਿੰਦੇ ਹਨ ਕਿ ਮਸਾਂ ਮਸਾਂ ਮਿਲੀ ਸ਼ਾਂਤੀ ਨੂੰ ਸਾਂਭਣ ਤੇ ਕਾਇਮ ਰੱਖਣ ਲਈ ਅਤੇ ਲੋਕ ਰਾਜ ਦੇ ਸਿਰਮੌਰ ਸਮਰਥੱਕ ਅਮਰੀਕਾ ਦੀ ਸਰਵੋਤਮ ਸਤਾ ਤੇ ਸਮਰੱਥਾ ਨੂੰ ਸੁਰੱਖਿਅਤ ਰੱਖਣ ਲਈ ਹਥਿਆਰਾਂ ਦੇ ਬਣਾਉਣ ਦੀ ਲੋੜ ਆਵੱਸ਼ਕ ਅਤੇ ਅਤਿ ਜ਼ਰੂਰੀ ਹੈ ਤੇ ਜਾਰੀ ਰੱਖਣੀ ਚਾਹੀਦੀ ਹੈ।

ਸਾਧਾਰਣ ਸ਼ਹਿਰੀ ਨੂੰ ਠੰਡੀ ਜੰਗ ਦੇ ਦੌਰਾਨ ਅਤੇ ਠੰਡੀ ਜੰਗ ਦੇ ਪਿੱਛੋਂ ਵੀ ਮੁੱਲ ਤਾਰਨਾਂ ਪੈ ਰਿਹਾ ਹੈ। ਉਹ ਅੱਜ ਵੀ ਉਵੇਂ ਹੀ ਹੀਣੀ ਸਿਆਸਤ ਦੇ ਭਾਰੀ ਪਹੀਆਂ ਥੱਲੇ ਦਰੜਿਆ ਜਾ ਰਿਹਾ ਹੈ ਜਿਵੇਂ ਕਿ ਪਹਿਲਾਂ। ਭਾਂਵੇ ਸੰਸਾਰ ਦੀ ਚਲੰਤ ਸਤਾ-ਸਿਆਸਤ ਵਿਚ ਕੇਵਲ ਅਮਰੀਕਾ ਹੀ ਹਥਿਆਰ-ਪ੍ਰਧਾਨ ਦੇਸ਼ ਹੈ ਜਿਸ ਦੇ ਮੁਕਾਬਲੇ ਵਿਚ ਹੋਰ ਕੋਈ ਦੇਸ਼ ਨਹੀਂ ਰਹਿ ਜਾਂਦਾ। (ਭਾਵੇਂ ਇਹ ਦ੍ਰਿਸ਼ ਚਿੰਤਾਜਨਕ ਹੈ ਕਿ ਸਮਕਾਲੀ ਸਮੇਂ ਅੰਦਰ ਅਮਰੀਕਾ ਨਿਰਸੰਦੇਹ ਇੱਕੋ ਇੱਕ ਤਾਕਤ ਹੈ ਜਿਸ ਦਾ ਟਾਕਰਾ ਹੋਰ ਕੋਈ ਨਹੀਂ ਕਰ ਸਕਦਾ ਪਰ ਇਸ ਲਾਸਾਨੀ ਸ਼ਕਤੀ ਦੇ ਦਿਓ ਨੇ ਅਜੇ ਆਪਣੇ ਵੱਲੋਂ ਆਪਣੀ ਸ਼ਕਤੀ ਦੇ ਤ੍ਰੁੱਲ ਜ਼ਿੰਮੇਵਾਰੀ ਨਾਲ ਵਿਚਰਣ ਤੇ ਵਰਤਣ ਵੱਲੀਂ ਕੋਈ ਸੰਕੇਤ ਪ੍ਰਦਰਸ਼ਤ ਨਹੀਂ ਕੀਤਾ। ਸੰਸਾਰ ਭਰ ਦੇ ਲੋਕ ਯੁੱਧ ਦੇ ਖੂਨੀ ਥੀਏਟਰ ਵਿਚੋਂ ਬਾਹਰ ਨਿਕਲ ਕੇ ਵਾਸਤਵਿਕ ਸ਼ਾਂਤੀ ਤੇ ਸੁੱਖ ਦਾ ਸਾਹ ਲੈਣ ਲਈ ਪਿਛਲੇ ਪੰਜਾਂ ਸਾਲਾਂ ਤੋਂ ਤਰਸ ਰਹੇ ਹਨ ਪਰ ਉਨ੍ਹਾਂ ਦੇ ਸੁਫਨੇ ਅੱਜ ਵੀ ਅਧੂਰੇ ਹਨ। ਯੁੱਧ ਦਾ ਬੁਖ਼ਾਰ ਉਤਰਨ ਜਾਣ ਪਿੱਛੋਂ ਵੀ ਉਨ੍ਹਾਂ ਨੂੰ ਸੁੱਖ ਦਾ ਸਾਹ ਨਹੀਂ ਮਿਲਿਆ। ਹਉਮੈ-ਗ੍ਰਸਤ ਸਿਆਸਤਦਾਨ ਅੱਜ ਵੀ ਉਸੇ ਹੀ ਮੁਹਾਵਰੇ ਵਿਚ ਬੋਲਦੇ ਹਨ ਜੋ ਠੰਡੀ ਜੰਗ ਦਾ ਲਖਾਇਕ ਹੁੰਦਾ ਸੀ, ਉਹੋ ਹੀ ਦਲੀਲ, ਉਹੋ ਹੀ ਦ੍ਰਿਸ਼, ਉਹੋ ਹੀ ਡਰਾਵੇ ਤੇ ਉਹੋ ਹੀ ਪ੍ਰਤੀਕਿਰਿਆ। ਪਿਛਲੇ ਚਾਰ ਸਾਲਾਂ ਦੀਆਂ ਘਟਨਾਵਾਂ ਵੱਲ ਧਿਆਨ ਮਾਰਿਆਂ ਸਪਸ਼ੱਟ ਹੁੰਦਾ ਹੈ ਕਿ ਪੱਛਮੀ ਦੇਸ਼ਾਂ ਵਲੋਂ ਵਡਿਆਏ ਤੇ ਉਚਿਆਏ ਗਏ ਕਥਿਤ ਨਵ ਸੰਸਾਰ ਅਨੁਸਾਸ਼ਨ (ਅਰਥਾਤ ਸੰਸਾਰ ਅੰਦਰ ਪੂਰਬੀ-ਯੌਰਪੀ ਦੇਸ਼ਾਂ ਦੇ ਢਾਂਚੇ ਦੇ ਢਹਿ ਢੇਰੀ ਹੋ ਜਾਣ ਦੇ ਪ੍ਰਤੀਕ੍ਰਮ ਵਜੋਂ ਹੋਂਦ ਵਿਚ ਆਏ ਸਿਆਸੀ ਸਬੰਧਾਂ ਦੇ ਨਵੇਂ ਕ੍ਰਮ, ਜਿਸ ਨੂੰ ਕੁਕ੍ਰਮ ਕਹਿਣਾ ਵੱਧ ਉਚਿੱਤ ਹੋਵੇਗਾ) ਅੰਦਰ ਮਾਰੂ ਹਥਿਆਰਾਂ ਦੇ ਬਣਾਉਣ ਤੇ ਵੇਚਣ ਵਿਚ ਬਹੁਤਾ ਫਰਕ ਨਹੀਂ ਪਿਆ, ਜੋ ਕੁਝ ਇਸ਼ਾਰਤਨ ਦੱਸਿਆ ਜਾਂਦਾ ਹੈ ਤਾਂ ਉਹ ਹੈ ਕਿ ਆਉਂਦੇ ਸੱਤ ਅੱਠ ਸਾਲਾਂ ਵਿਚ ਹਥਿਆਰਾਂ ਵਿਚ ਬਹੁਤ ਹੀ ਘੱਟ ਮਾਤਰਾ ਵਿਚ ਸਹਿਜੇ ਸਹਿਜੇ ਕਟੌਤੀ ਕੀਤੀ ਜਾਵੇਗੀ। ਇਹ ਵਾਅਦੇ ਅਜੇ ਤਕ ਥੋਥੇ ਤੇ ਤ੍ਰੁੰਛ ਸ਼ਬਦਾਂ ਨਾਲੋਂ ਵੱਧ ਪ੍ਰਤੀਤ ਨਹੀਂ ਹੁੰਦੇ,

ਇਨ੍ਹਾਂ ਨੂੰ ਅਮਲੀ ਰੂਪ ਦੇਣ ਦਾ ਕੋਈ ਦ੍ਰਿਸ਼ ਜਾਂ ਸੰਕੇਤ ਨਹੀਂ ਦਿਸਦਾ। ਇਰਾਕ ਉਤੇ ਅਮਰੀਕਨ ਹਮਲੇ ਨਾਲ ਭਾਰੀ ਜਾਨੀ ਤੇ ਮਾਲੀ ਨੁਕਸਾਨ ਤੋਂ ਸਿੱਧ ਹੁੰਦਾ ਹੈ ਕਿ ਅਖੌਤੀ ਨਵੇਂ ਯੁਗ ਵਿਚ ਆਸ ਅਨੁਸਾਰ ਵਾਸਤਵਿਕ ਕਟੌਤੀ ਦਾ ਅਜੇ ਤਕ ਕੋਈ ਸੰਕੇਤ ਜਾਂ ਸੁਝਾ ਨਹੀਂ ਮਿਲਦਾ ਸਗੋਂ ਨਵੇਂ ਸ਼ੱਤਰੂ ਅਤੇ ਨਵੇਂ ਸ਼ਸਤਰ ਸਿਰਜਣ ਤੇ ਖੜੇ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਹਥਿਆਰਾਂ ਦੇ ਬਣਾਉਣ ਤੇ ਵੇਚਣ ਵਾਲੇ ਉਦਯੋਗ ਨੂੰ ਕੋਈ ਧੱਕਾ ਨਾ ਲੱਗੇ। ਭਵਿਸ਼ ਦੇ ਅਣਜੰਮੇ ਸਦਾਮ ਤੇ ਗੱਦਾਫ਼ੀ ਦੇ ਨਾਂ ਥੱਲੇ ਹਥਿਆਰਾਂ ਦਾ ਮਨਹੂਸ ਧੰਦਾ ਬੇਰੋਕ ਜਾਰੀ ਹੈ, ਭਾਵੇਂ ਸ਼ਾਂਤੀਚਾਹੁਕਾਂ ਵੱਲੋਂ ਸਮਕਾਲੀ ਸਥਿਤੀਆਂ ਅਰਥਾਤ ਯੋਗੋਸਲਾਵੀਆ ਤੇ ਸੁਮਾਲੀਆ ਤੇ ਇਸ ਤੋਂ ਪਹਿਲਾਂ ਅੰਗੋਲਾ, ਮੁਜ਼ਮਬੀਕ, ਅਫਗਾਨਿਸਤਾਨ, ਦੱਖਣੀ ਅਫ਼ਰੀਕਾ, ਦੱਖਣੀ ਅਮਰੀਕਾ, ਭਾਰਤ, ਪਾਕਿਸਤਾਨ, ਲੰਕਾ ਆਦਿ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ ਜੋ ਹਥਿਆਰਾਂ ਦੇ ਅੰਨ੍ਹਾ ਧੁੰਦ ਵਪਾਰ ਵੱਲ ਉਂਗਲੀ ਕਰਦੀਆਂ ਹਨ ਤੇ ਦੱਸਦੀਆਂ ਹਨ ਕਿ ਜੇ ਪਿਛਲੇ ਦਹਾਕਿਆਂ ਵਿਚ ਪੱਛਮੀ ਦੇਸ਼ਾਂ ਵੱਲੋਂ ਹਥਿਆਰਾਂ ਦੀ ਬੇਮੁਹਾਰਾ ਤਜਾਰਤ ਨਾ ਕੀਤੀ ਜਾਂਦੀ ਤਾਂ ਇਹ ਖੂਨੀ ਲੜਾਈਆਂ ਏਨੇ ਵੱਡੇ ਪੈਮਾਨੇ ਉਤੇ ਨਾ ਹੁੰਦੀਆਂ ਅਰਥਾਤ ਜੇ ਕਰ ਇਨ੍ਹਾਂ ਦੇਸ਼ਾਂ ਨੂੰ ਬਿਨਾਂ ਸੋਚਿਆਂ ਸਮਝਿਆਂ ਹਥਿਆਰ ਨਾ ਵੇਚੇ ਤੇ ਵੰਡੇ ਜਾਂਦੇ ਤਾਂ ਅੱਜ ਇਹ ਲੜਾਈਆਂ ਇਸ ਪੈਮਾਨੇ ਤੇ ਵਿਆਪਕ ਤੇ ਘਾਤਿਕ ਨਾ ਸਾਬਤ ਹੁੰਦੀਆਂ। ਇਨ੍ਹਾਂ ਅੰਕੜਿਆਂ ਵਿਚ ਬੇਗੁਨਾਹ ਬੱਚੇ, ਤੀਵੀਆਂ, ਮਹੁਤਾਜ ਬਿਰਧ, ਬੀਮਾਰ ਮਨੁੱਖਾਂ ਨੂੰ ਮੌਤ ਦਾ ਮਨਹੂਸ ਮੂੰਹ ਨਾ ਵੇਖਣਾ ਪੈਂਦਾ, ਕਰੋਪੀ ਲੜਾਈਆਂ ਤੋਂ ਪੈਦਾ ਹੋਈ ਹੱਦ ਦੀ ਭੁੱਖ ਤੇ ਨੰਗ ਨਾਲ ਘੋਲ ਨਾ ਕਰਨਾ ਪੈਂਦਾ, ਲੜਾਈ ਕਾਰਨ ਦੁਆਈਆਂ ਤੇ ਹਸਪਤਾਲਾਂ ਦੇ ਸਾਜੋ ਸਾਮਾਨ ਦੀ ਤਰਸਯੋਗ ਤੇ ਸ਼ਰਮਨਾਕ ਥੁੜ ਕਾਰਣ ਚੀਕ ਚਿੰਘਾੜੇ ਨਾ ਸੁਣਨੇ ਪੈਂਦੇ।

> **‘ ਅਮਰੀਕਨ ਸਰਕਾਰ ਲਈ ਸਦੀਵੀ ਬਾਹਰਲੇ ਡਰਾਵੇ ਨੂੰ ਕਾਇਮ ਤੇ ਮੰਨਣਯੋਗ ਬਣਾਉਣ ਦੀ ਜ਼ਰੂਰਤ ਹਮੇਸ਼ਾਂ ਬਣੀ ਰਹਿੰਦੀ ਹੈ ’**

ਨੌਮ ਚਾਮਸਕੀ (1) ਇਸ ਦਿਲਚਸਪ ਸਿਧਾਂਤ ਦਾ ਧਾਰਨੀ ਹੈ ਕਿ ਅਮਰੀਕਨ ਸਰਕਾਰ ਨੂੰ ਅਮਰੀਕਨ ਟੈਕਸ ਅਦਾ ਕਰਨ ਵਾਲਿਆਂ ਪਾਸੋਂ ਕਰੋੜਾਂ ਡਾਲਰ ਉਗਰਾਹ ਕੇ ਹਥਿਆਰ ਬਣਾਉਣ ਵਾਲੇ ਉਦਯੋਗ ਨੂੰ ਨਿਰਵਿਘਣ ਕਾਇਮ ਰੱਖਣ ਦੇ ਮੰਤਵ ਲਈ ਇਕ ਸਦੀਵੀ ਤੇ ਵਿਸ਼ਵਾਸਯੋਗ ਬਾਹਰਲੇ ਡਰਾਵੇ ਦਾ ਹਊਆ ਖੜਾ ਰੱਖਣ ਦੀ ਸਥਾਈ ਲੋੜ ਰਹਿੰਦੀ ਹੈ ਇਸ ਡਰਾਵੇ ਅਧੀਨ ਆਮ ਲੋਕ ਸਰਕਾਰ ਦੀਆਂ ਗੰਭੀਰ ਤੇ ਗਲਤ ਪਾਲਸੀਆਂ ਤੇ ਕਾਰਵਾਈਆਂ ਦੀ ਨਿਖੇਧੀ ਕਰਨ ਦੀ ਬਜਾਏ ਬਾਹਰਲੇ ਦੁਸ਼ਮਣ ਨਾਲ ਨਿਜੱਠਣ ਦੇ ਭੁਚਲਾਵੇ ਵਿਚ ਹੀ ਗੁਆਚੇ ਰਹਿੰਦੇ ਹਨ ਅਤੇ ਇਸ ਤਰ੍ਹਾਂ ਰੱਖਿਆ ਦੇ ਨਾਂ ਥੱਲੇ ਉਨ੍ਹਾਂ ਨੂੰ ਅਤਿ ਅਧਿਕ ਟੈਕਸ ਭਰਦਿਆਂ ਦਰਦ ਵੀ ਨਹੀਂ ਹੁੰਦਾ। ਇਹ ਹੀ ਕਾਰਨ ਹੈ ਕਿ ਇਕ ਪਿੱਛੋਂ ਦੂਜੀ ਸਰਕਾਰ, ਰੀਪਬਲੀਕਨ ਤੇ ਡੈਮੋਕਰੇਟਕ ਦੇ ਲਿਹਾਜ਼ ਤੋਂ ਬਿਨਾ, ਨੇ ਹਥਿਆਰ ਨਿਰਮਾਣ ਕਰਣ ਵਾਲੇ ਉਦਯੋਗ ਨੂੰ ਪਵਿਤਰ ਗਊ ਦੇ ਤੌਰ ਤੇ ਮਾਨਤਾ ਦਿੱਤੀ ਹੈ। ਨੌਮ ਚਾਮਸਕੀ ਇਸੇ ਹੀ ਸਿਧਾਂਤ ਅਧੀਨ ਜ਼ੋਰਦਾਰ ਭਾਸ਼ਾ ਵਿਚ ਦ੍ਰਿੜਾਉਂਦਾ ਹੈ ਕਿ ਅਮਰੀਕਨ ਸਰਕਾਰ ਲਈ ਸਦੀਵੀ ਬਾਹਰਲੇ ਡਰਾਵੇ ਨੂੰ ਕਾਇਮ ਤੇ ਮੰਨਣਯੋਗ ਬਣਾਉਣ ਦੀ ਜ਼ਰੂਰਤ ਹਮੇਸ਼ਾਂ ਬਣੀ ਰਹਿੰਦੀ ਹੈ।

ਇਸ ਸਬੰਧ ਵਿਚ ਨੇੜੇ ਦੇ ਪਿਛਲੇ ਇਤਿਹਾਸ ਨੂੰ ਘੋਖਿਆਂ ਪਤਾ ਲੱਗਦਾ ਹੈ ਕਿ ਦੂਜੇ ਵਿਸ਼ਵ ਯੁੱਧ ਵਿਚ ਇਹ ਰੂਸੀ ਹੀ ਸਨ ਜੋ ਸੰਯੁਕਤ ਫੌਜਾਂ ਨਾਲ ਮਿਲ ਕੇ, ਮੋਢੇ ਨਾਲ ਮੋਢਾ ਜੋੜ ਕੇ ਖੰਦਕਾਂ ਵਿਚ ਅਮਰੀਕਨਾਂ ਨਾਲੇ ਰਲ ਸਾਂਝੇ ਦੁਸ਼ਮਣ ਵਿਰੁਧ ਲੜਦੇ ਰਹੇ। ਜਰਮਨੀ ਦੀ ਹਾਰ ਪਿੱਛੋਂ ਪੈਦਾ ਹੋਏ ਖ਼ਲਾ ਨੂੰ ਪੂਰਨ ਲਈ ਇਕ ਜਰਮਨੀ ਜਿੱਡਾ ਭਾਰਾ ਦੁਸ਼ਮਨ ਖੜਾ ਕਰਨ ਦੀ ਲੋੜ ਅਵੱਸ਼ਕ ਸੀ। ਉਂਜ ਤਾਂ ਸੋਸ਼ਲਿਜ਼ਮ ਦਾ ਸੰਕਲਪ, ਢਾਂਚਾ, ਇਸ ਦਾ ਵਰਤਾਰਾ ਤੇ ਪਸਾਰਾ ਸ਼ੁਰੂ ਤੋਂ ਹੀ ਅਮਰੀਕ ਗੁੱਟ ਦੇ ਦੇਸ਼ਾਂ ਦੀ ਅੱਖ ਵਿਚ ਚੁੱਭ ਰਿਹਾ ਸੀ ਪਰ ਹੁਣ ਜਰਮਨੀ ਦਾ ਨਾ ਸ਼ੱਤਰੂਆਂ ਦੇ ਨਕਸ਼ੇ ਤੋਂ ਮਿੱਟ ਜਾਣ ਕਰ ਕੇ ਨਿਸਚਿਤ ਦੁਸ਼ਮਣ ਦੀ ਗ਼ੈਰ ਹਾਜ਼ਰੀ ਦਾ ਖੱਪਾ ਮਹਿਸੂਸ ਹੋ ਰਿਹਾ ਸੀ। ਦੂਜੇ ਯੁੱਧ ਦੇ ਇਕਰਾਰਨਾਮਿਆਂ ਉਤੇ ਸਿਆਹੀ ਅਜੇ ਖੁਸ਼ਕ ਵੀ ਨਹੀਂ ਸੀ ਹੋਈ ਕਿ ਪੱਛਮੀ ਦੇਸ਼ਾਂ, ਵਿਸ਼ੇਸ਼ ਕਰ ਅਮਰੀਕਾ ਵੱਲੋਂ ਨਵੇਂ ਦੁਸ਼ਮਣ ਦਾ ਐਲਾਨ ਕਰ ਦਿੱਤਾ ਗਿਆ ਸੀ ਤੇ ਉਹ ਸੀ ਰੂਸ ਤੇ ਇਸਦਾ ਵੱਧਦਾ ਪ੍ਰਭਾਵ। ਅਤਿ ਦੀ ਹਾਸੋ ਹੀਣੀ ਸਥਿਤੀ ਹੈ ਕਿ ਪਿਛਲੇ 85 ਸਾਲਾਂ ਵਿਚ ਰੂਸੀ ਹਊਏ ਦੀ ਵਿਰੋਧਤਾ ਪਿਛੇ ਹਜ਼ਾਰਾਂ ਜਾਨਾਂ ਗੁਆਉਣ ਤੇ ਬੇਸ਼ੁਮਾਰ ਧਨ ਖਰਚ ਪਿਛੋਂ ਜਦ ਉਹ ਹਊਆ ਸੱਚੀ ਮੁੱਚੀ ਢਹਿ ਢੇਰੀ ਹੋ ਗਿਆ ਹੈ ਤਾਂ ਹੁਣ ਅਮਰੀਕਾ ਅਜਿਹੇ ਨਵੇਂ ਦੁਸ਼ਮਣ ਦੀ ਤਲਾਸ਼ ਵਿਚ ਹੈ ਜੋ ਰੂਸ ਜਿਹੇ ਡਰਾਵੇ ਦੀ ਥਾਂ ਲੈ ਸਕੇ। ਹਾਲਾਤ ਦੀ ਨਾਟਕੀ ਰਮਜ਼ ਹੈ ਕਿ ਉਸ ਪੱਧਰ ਤੇ ਆਕਾਰ ਦਾ ਕੋਈ ਦੁਸ਼ਮਣ ਨਹੀਂ ਮਿਲ ਰਿਹਾ ਜਿਸ ਪੱਧਰ ਤੇ ਜਰਮਨੀ ਤੇ ਬਾਅਦ ਵਿਚ ਰੂਸ ਦਾ ਡਰਾਵਾ ਸੀ। ਹਾਂ ਕੋਸ਼ਿਸ਼ ਕੀਤੀ ਗਈ ਹੈ, ਕਦੇ ਲਿਬਯਾ ਦੇ ਗੱਦਾਫੀ ਨੂੰ, ਕਦੇ ਇਰਾਕ ਦੇ ਸਾਦਾਮ ਨੂੰ ਇਸ ਮੰਤਵ ਲਈ ਵਰਤਿਆ ਜਾਵੇ। ਅਕਸਰ ਇਨ੍ਹਾਂ ਲੀਡਰਾਂ ਦੇ ਨਿਗੂਣੇ ਆਕਾਰ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਸੰਸਾਰ ਸ਼ਾਂਤੀ ਦਾ ਦੁਸ਼ਮਣ ਕਿਹਾ ਜਾਂਦਾ ਹੈ। ਉਨ੍ਹਾਂ ਦੇ ਧਰਤੀ ਉਤੇ ਹੱਥਿਆਰਾਂ ਦੇ ਅਨਗਿਣਤ ਜ਼ਖੀਰਿਆਂ ਦੀਆਂ ਬਨਾਉਟੀ ਤਸਵੀਰਾਂ ਵੀ ਪੇਸ਼ ਕੀਤੀਆਂ ਜਾਂਦੀਆਂ ਹਨ। ਕਦੇ ਇਨ੍ਹਾਂ ਲੀਡਰਾਂ ਨੂੰ ਮਨੁੱਖੀ ਦੁਸ਼ਮਣ ਕਰਾਰ ਦਿੱਤਾ ਜਾਂਦਾ ਹੈ। ਦੁਸ਼ਮਣ ਘੜਣ ਜਾਂ ਸਿਰਜਨ ਤੇ ਫਿਰ ਉਸ ਨੂੰ ਹੱਡ ਮਾਸ ਦਾ ਢਾਂਚਾ ਪ੍ਰਦਾਨ ਕਰਨਾ ਇਸ ਉਪਰੰਤ ਉਸ ਨੂੰ ਮਿਲਟਰੀ ਦੀ ਵਰਦੀ ਪਵਾਉਣਾ ਤੇ ਉਸ ਦੇ ਆਲੇ ਦੁਆਲੇ ਭਾਰੀ ਫੌਜੀ ਤਾਕਤ ਦੇ ਦ੍ਰਿਸ਼ ਪੇਸ਼ ਕਰਨੇ, ਉਨ੍ਹਾਂ ਨੂੰ ਕਾਗ਼ਜ਼ੀ ਦੁਸ਼ਮਣ ਦੀ ਪੱਧਰ ਤੋਂ ਚੁੱਕ ਕੇ ਉਨ੍ਹਾਂ ਦੀ ਤਾਕਤ ਤੇ ਡਰਾਵੇ ਦੇ ਗ਼ੁਬਾਰੇ ਨੂੰ ਫੂਲਾ ਕੇ ਅੱਗੇ ਲਿਆਉਣਾ ਤੇ ਲੋਕਾਂ ਵਿਚ ਇਹ ਡਰ ਪੈਦਾ ਕਰਨਾ ਕਿ ਜੇ ਇਸ ਉਤੇ ਪਹਿਲਾਂ ਹੀ ਹਮਲਾ ਨਾ ਕੀਤਾ ਗਿਆ ਤੇ ਇਹ ਗੈਰ ਜ਼ਿੰਮੇਦਾਰ ਡਿਕਟੇਟਰ ਸਾਡੇ ਲੋਕ ਰਾਜੀ ਤੇ ਸ਼ਾਂਤੀ ਪਸੰਦ ਦੇਸ਼ਾਂ ਉਤੇ ਹਮਲਾ ਕਰ ਕੇ ਸਾਡੇ ਢਾਂਚੇ ਨੂੰ ਉਥਲ ਪੁੱਥਲ ਕਰ ਕੇ ਰੱਖ ਦੇਣਗੇ। ਇਸ ਵਿਧੀ ਦੁਆਰਾ ਜਿਹੜਾ ਫਲ ਸੰਸਾਰ ਦੇ ਸਾਧਾਰਨ ਲੋਕ ਅਮਨ ਜਾਂ ਸ਼ਾਂਤੀ ਸਮੇਂ ਵਿਚ ਭੋਗਦੇ ਹਨ ਇਸ ਸਦੀਵੀ ਡਰਾਵੇ ਦੇ ਘਨਾਉਣੇ ਛੱਤਰ ਥੱਲੇ ਉਸ ਤੋਂ ਉਨ੍ਹਾਂ ਨੂੰ ਵਾਂਝਿਆਂ ਕਰ ਦਿੱਤਾ ਗਿਆ ਹੈ। ਰੂਸ ਤੇ ਪੂਰਬੀ ਦੇਸ਼ਾਂ ਦੇ ਲੋਕਾਂ ਲਈ ਸੱਤਾਧਾਰੀ ਰਿਸ਼ਵਤਖ਼ੋਰ, ਵਿਚਾਰਧਾਰਾ ਦੀ ਥਾਂ ਕੁਰਸੀਆਂ ਨਾਲ ਬੱਝੇ ਤੇ ਪਦਵੀਆਂ ਨਾਲ ਪ੍ਰਾਪਤ ਵਿਸ਼ੇਸ਼ ਰਿਆਇਤਾਂ ਤੇ ਹੱਕਾਂ ਅਧਿਕਾਰਾਂ ਦੀ ਦੁਰਵਰਤੋਂ ਵਿਚ ਖੁੱਭੀ ਜੁੰਡਲੀ ਦੇ ਗੱਦੀਆਂ ਤੋਂ ਲਹਿ ਜਾਣ ਦੀ ਵੱਡੀ ਪ੍ਰਸੰਸਾ ਤੇ ਮੁਕਤੀ ਵਾਲੀ ਗੱਲ ਸੀ ਉਥੇ ਉਨ੍ਹਾਂ ਨੂੰ ਭਵਿੱਸ਼ ਵਿਚ ਸੁੱਖ ਦੇ ਸਾਹ ਦੀ ਆਸ ਦੀ ਕਿਰਨ ਦਿੱਸਣ ਲੱਗੀ ਸੀ ਪਰ ਬਦਕਿਸਮਤੀ ਨਾਲ ਅਮਰੀਕਨ ਸੱਤਾਧਾਰੀ ਹਾਕਮਾਂ ਨੇ ਆਪਣੀ ਧਰਤੀ ਦੇ ਲੋਕਾਂ ਨੂੰ ਸ਼ਾਂਤੀ ਦੀ ਫ਼ਲਅੰਸ਼ ਤੋਂ ਵੰਚਿਤ ਰੱਖਿਆ ਹੈ ਭਾਵ ਜਿੱਥੇ ਬਾਕੀ ਦੇ ਦੇਸ਼ਾਂ ਵਿਚ ਸਰਕਾਰੀ ਜਕੜਾਂ ਪਕੜਾਂ ਦੇ ਜਾਲ ਦੀਆਂ ਤੰਦਾਂ ਢਿੱਲੀਆਂ ਹੋਈਆਂ ਤੇ ਲੋਕਾਂ ਨੇ ਸਹੀ ਤੌਰ ਤੇ ਲੋਕ ਰਾਜ ਦੀ ਠੰਡੀ ਮਿੱਠੀ ਹਵਾ ਦਾ ਸਰੂਰ ਮਾਣਿਆਂ ਅਤੇ ਕਹਾਵਤੀ ਸੁੱਖ ਤੇ ਸ਼ਾਂਤੀ ਨੂੰ ਨੇੜਿਓਂ ਹੋ ਕੇ ਛੋਹਣ ਦਾ ਅਵਸਰ ਮਿਲਿਆ ਉਥੇ ਅਮਰੀਕਨਾਂ ਲਈ ਸਮਾਂ ਪਹਿਲਾਂ ਵਾਂਗ ਖੜ੍ਹਾ ਰਿਹਾ ਤੇ ਜੀਵਨ-ਧੰਦਾ ਆਮ ਵਾਂਗ ਚੱਲਦਾ ਰਿਹਾ। ਇਥੇ ਅੱਜ ਵੀ ਵਿਸ਼ਾਲ ਕਾਰਪੋਰੇਸ਼ਨਾਂ ਦੇ ਮਹਾਨ ਏਜੰਡਿਆਂ ਨੂੰ ਸਾਧਾਰਣ ਅਮਰੀਕਨ ਦੇ ਜੀਵਨ ਵਿਚ ਲੋੜੀਂਦੀ ਬੇਹਤਰੀ ਲਿਆਉਣ ਦੇ ਏਜੰਡਿਆਂ ਨਾਲੋਂ ਕਿਤੇ ਵੱਧ ਮਹੱਤਤਾ ਤੇ ਪਹਿਲ ਮਿਲਦੀ ਹੈ। ਉਹ ਜਨਸਾਧਾਰਨ ਅੱਜ

ਵੀ ਆਪਣੇ ਹੀ ਦੇਸ਼ ਵਿਚ ਪਰਾਇਆਂ ਵਾਂਗ ਨੁੱਕਰੇ ਲੱਗਾ ਆਪਣੀ ਧਰਤੀ ਦੇ ਜੀਵਨ ਦੀ ਮੁੱਖਧਾਰਾ ਦੇ ਕੰਢੇ ਖੜਾ ਦਰਗੁਜ਼ਰ ਕਰ ਰਿਹਾ ਹੈ ਅਤੇ ਜੇ ਰੋਮ ਦੀ ਥਾਂ ਲਾਸ ਐਂਜਲਿਸ ਵਰਤਿਆ ਜਾਵੇ ਤਾਂ ਸੱਚ ਇਹ ਸੀ ਕਿ ਲਾਸ ਐਂਜਲਸ ਅੱਗ ਵਿਚ ਝੁਲਸਿਆ ਜਾ ਰਿਹਾ ਸੀ ਪ੍ਰਧਾਨ ਹੁਰੀਂ ਵਾਈਟ ਹਾਊਸ ਵਿਚ ਬਿਰਾਜਮਾਨ ਆਰਾਮ ਕਰ ਰਹੇ ਸਨ।

ਇਸ ਕੁਟੱਲ ਨੀਤੀ ਦਾ ਨੁਕਸਾਨ ਕੇਵਲ ਰੂਸ ਜਾਂ ਹੋਰਨਾਂ ਦੇਸ਼ਾਂ ਨੂੰ ਹੀ ਨਹੀਂ ਸਗੋਂ ਅਮਰੀਕਨਾਂ ਨੂੰ ਵੀ ਭੁਗਤਣਾ ਪਿਆ ਹੈ। ਅਖੌਤੀ ਠੰਡੀ ਜੰਗ ਦੇ ਦੌਰਾਨ ਅਤੇ ਇਸ ਦੇ ਘਿਰਣਤ ਮੈਕਾਰਥੀਜ਼ਿਮ (2) ਸਾਲਾਂ ਵਿਚ ਜੋ ਕੁਝ ਬੇਗੁਨਾਹ ਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਅਮਰੀਕਨ ਸ਼ਹਿਰੀਆਂ ਨਾਲ ਵਰਤਿਆ ਉਸ ਦੀਆਂ ਮਿਸਾਲਾਂ ਚਾਲੂ ਸਦੀ ਵਿਚ ਘੱਟ ਹੀ ਮਿਲਦੀਆਂ ਹਨ। ਮੈਕਾਰਥੀਇਜ਼ਮ ਹਨੇਰੀ ਦੇ ਬੁੱਲ੍ਹੇ ਵਾਂਙ ਹਜ਼ਾਰਾਂ ਅਮਰੀਕਨ ਸ਼ਹਿਰੀਆਂ ਦੀਆਂ ਤਕਦੀਰਾਂ ਨੂੰ ਇੱਕੋ ਹੂੰਝੇ ਨਾਲ ਨਸ਼ਟ ਕਰ ਗਿਆ। ਇਸ ਅਧੀਨ ਹਜ਼ਾਰਾਂ ਬਹੁਤ ਕਰ ਕੇ ਬਾਜ਼ਿਤ ਧਰਤੀ ਦੇ ਪੁੱਤਰਾਂ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਣ ਲੱਗ ਪਿਆ। ਮੈਕਾਰਥੀ ਤੇ ਉਸ ਦੇ ਸਹਿਮਤੀ ਤੇ ਸਹਿਯੋਗੀ ਬਿਨਾਂ ਲਚ੍ਹ ਲਿਹਾਜ਼ ਪਿੰਕੀ ਹੋਣ ਦਾ ਬੇਬੁਨਿਆਦ ਦੂਸ਼ਨ ਲਾ ਕੇ ਹਜ਼ਾਰਾਂ ਮਹਾਨ ਕਲਾਕਾਰਾਂ ਵਿਚਾਰਵਾਨਾਂ, ਵਿਗਿਆਨੀਆਂ, ਫਿਲਮਕਾਰਾਂ, ਲੇਖਕਾਂ ਆਦਿ ਦੇ ਜੀਵਨ ਨਸ਼ਟ ਕਰਨ ਦੇ ਜ਼ਿੰਮੇਦਾਰ ਬਣੇ। ਇਸ ਅੰਨ੍ਹੇ ਵਾਵਰੋਲੇ ਦੀ ਲਪੇਟ ਵਿਚ ਕਈ ਅਮਰੀਕਨ ਇਲਜ਼ਾਮ ਲਗਣ ਦੇ ਡਰ ਤੋਂ ਆਪਣੀ ਜਨਮ ਭੂਮੀ ਤੋਂ ਵਧਾਈ (3) ਲੈ ਗਏ, ਕਈਆਂ ਦੇ ਭੈਣ ਭਰਾਵਾਂ, ਪਤੀ ਪਤਨੀ, ਪਿਓ ਪੁੱਤ ਦੇ ਨਜ਼ਦੀਕੀ ਤੇ ਖੂੰਨੀ ਰਿਸ਼ਤਿਆਂ ਵਿਚ ਚੰਡਾਲ ਤਰੇੜਾਂ ਪੈ ਗਈਆਂ। ਉਨ੍ਹਾਂ ਦੇ ਜੀਵਨ ਨਸ਼ਟ ਕਰ ਦਿੱਤੇ ਗਏ, ਉਨ੍ਹਾਂ ਨਾਲ ਮਿਲਣ-ਵਰਤਣ ਵਾਲਿਆਂ ਤੇ ਆਲੇ ਦੁਆਲੇ ਦੇ ਸੰਗੀਆਂ ਸਾਥੀਆਂ, ਮੁਕਦੀ ਗਲ ਉਨ੍ਹਾਂ ਦੇ ਸਮੁੱਚੇ ਜੀਵਨ ਵਾਤਾਵਰਣ ਵਿਚ ਜ਼ਹਿਰ ਘੋਲ ਕੇ ਰੱਖ ਦਿੱਤਾ ਗਿਆ। ਮੈਕਾਰਥੀਇਜ਼ਮ ਦੇ ਸ਼ਿਕਾਰ ਹੋਏ ਅਮਰੀਕਨਾਂ ਵਿਚੋਂ ਕਈਆਂ ਨੇ ਆਤਮਘਾਤ ਕਰ ਲਿਆ, ਕਈਆਂ ਨੇ ਦਿਮਾਗੀ ਆਤਮਘਾਤ ਕਰ ਲਿਆ। ਜਿਵੇਂ 1692 ਵਿਚ ਸੇਲੇਮ4 ਦੇ ਇਕ ਨਗਰ ਵਿਚ ਕਿਸੇ ਵੀ ਔਰਤ ਉੱਤੇ ਚੂੜੇਲ ਹੋਣ ਦੀ ਤੁਹਮਤ ਲਾ ਕੇ ਉਸ ਨੂੰ ਜੀਵਨ ਤੋਂ ਵੰਚਿਤ ਕੀਤਾ ਜਾ ਸਕਦਾ ਸੀ ਜਾਂ ਉਸ ਦਾ ਜਿਉਣਾਂ ਅਸੰਭਵ ਕਰ ਦਿੱਤਾ ਜਾਂਦਾ ਸੀ ਬਿਲਕੁਲ ਉਸੇ ਤਰ੍ਹਾਂ ਇਸ ਕਾਲੇ ਕਾਲ ਵਿਚ ਕਿਸੇ ਉੱਤੇ ਵੀ ਪਿੰਕੀ (ਕਮਿਊਨਿਸਟ) ਹੋਣ ਦਾ ਬੇਬੁਨਿਆਦ ਜ਼ਬਾਨੀ ਕਲਾਮੀ ਇਲਜ਼ਾਮ ਲਾ ਕੇ ਉਸ ਦਾ ਜੀਵਨ ਨਰਕ ਵਿਚ ਬਦਲ ਦਿੱਤਾ ਜਾਂਦਾ ਸੀ। ਇਸ ਦੌਰਾਨ ਸੈਂਕੜੇ ਦੀਰਘਾਵਿੰਧੇ ਸਮਰੱਥ ਅਮਰੀਕਨਾਂ ਨੇ ਨਿੱਜੀ, ਸਿਆਸੀ ਤੇ ਪੇਸ਼ਾਵਾਰਾਨਾਂ ਵਿਰੋਧੀਆਂ ਉੱਤੇ ਪਿੰਕੀ ਹੋਣ ਦੇ ਝੂਠੇ ਫਤਵੇ ਲਾ ਕੇ ਰੱਜ ਰੱਜ ਕੇ ਬਦਲੇ ਲਏ ਕਿਉਂਕਿ ਪਿੰਕੀ ਹੋਣ ਦਾ ਦੂਸ਼ਣ ਜ਼ਬਾਨੀ ਲੱਗ ਜਾਂਦਾ ਸੀ ਤੇ ਮੁੜ ਕੇ ਉਸ ਦੀ ਜਾਂਚ ਪੜਤਾਲ ਤੇ ਫਤਵਾ ਵੀ ਸੈਨੇਟਰ ਮੈਕਾਰਥੀ ਦੀ ਧਾਰਨਾਂ ਵਾਲੇ ਕਮੇਟੀ ਦੇ ਦੂਜੇ ਮੈਂਬਰ ਹੀ ਦਿੰਦੇ ਸਨ ਇਥੋਂ ਤਕ ਕਿ ਕਮੇਟੀ ਦੇ ਮੈਂਬਰ ਆਪ ਵੀ ਡਰਦੇ ਮੈਕਾਰਥੀਇਜ਼ਮ ਦੀ ਵਗਦੀ ਅਨ੍ਹੇਰੀ ਵਿਰੁੱਧ ਫੈਸਲਾ ਦੇਣ ਦੀ ਹਿੰਮਤ ਨਹੀਂ ਸਨ ਕਰਦੇ। ਇਸ ਫਰਜ਼ੀ ਦੁਸ਼ਮਣ ਦੇ ਸ਼ਿਕਾਰ ਉਹ ਹਜ਼ਾਰਾਂ ਅਸਲ ਹੱਡ ਚੰਮ ਦੇ ਬੰਦੇ ਤੇ ਔਰਤਾਂ ਬਣੇ ਜਿੰਨ੍ਹਾਂ ਅਮਰੀਕਨਾ ਦੇ ਜੀਵਨ ਦੇ ਵੱਖ ਵੱਖ ਖੇਤਰਾਂ ਵਿਚ ਬਹੁਮੁੱਲਾ ਯੋਗਦਾਨ ਪਾਇਆ ਸੀ ਅਤੇ ਭਵਿੱਸ਼ ਵਿਚ ਪਾਉਣਾ ਸੀ। ਮੰਦਭਾਗੇ ਅਮਰੀਕਨਾਂ ਦੀਆਂ ਆਸ਼ਾਵਾਂ ਤੇ ਸੁਫਨੇ ਇਸ ਦੌਰਾਨ ਮਨਘੜਤ ਸ਼ੱਤਰੂ ਦੀ ਬਲੀ ਚੜ੍ਹੇ।

**' ਪੰਤਾਲੀ ਸਾਲ ਦੀ ਉਡੀਕ ਕਰਦਿਆਂ ਰੂਸ ਵੱਲੋਂ ਹਮਲੇ ਦਾ ਡੌਕਾ ਡਰਾਵਾ ਕੇਵਲ ਕਾਗਜ਼ੀ ਡਰਾਵਾ ਹੀ ਰਿਹਾ, ਭਾਵੇਂ ਇਸ ਨੂੰ ਇੰਝ ਉਭਾਰ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ, ਜਿਵੇਂ ਰੂਸ ਨੇ ਮਹੀਨੇ ਦੇ ਅੰਦਰ ਅੰਦਰ ਹੀ ਹਮਲਾ ਕਰ ਦੇਣਾ ਹੈ। '**

ਸੰਨ 1953 ਵਿਚ ਮੈਕਾਰਥੀਇਜ਼ਮ ਦੀ ਸਿਖਰ ਤੇ ਜੂਲੀਅਸ ਤੇ ਐਥਲ ਰੋਜ਼ਨਬਰਗ ਨੂੰ ਰੂਸ ਨੂੰ ਐਟਮ ਬੰਬ ਦੇ ਰਾਜ਼ ਮੁੱਹਈਆ ਕਰਨ ਸੰਬੰਧੀ ਜਸੂਸੀ ਦੇ ਅਲਪ ਸਬੂਤ ਤੇ ਗਵਾਹੀ ਸਹਾਰੇ ਕਲਪਤ ਦੋਸ਼ ਥੱਪ ਕੇ, ਸੰਸਾਰ ਭਰ ਵਿਚ ਪ੍ਰਾਰਥਨਾਵਾਂ, ਪਰੇਨਾਵਾਂ ਤੇ ਅਪੀਲਾਂ ਨੂੰ ਠੁਕਰਾ ਕੇ, ਬਿਜਲੀ ਦੀ ਕੁਰਸੀ ਉੱਤੇ ਬਿਠਾ ਕੇ ਇਕ ਬਿਜਲੀ ਦਾ ਬਟਨ ਦਬਾਉਣ ਦੇ ਸੰਕੇਤ ਰਾਹੀਂ ਨਿਯਾਂ ਦੀਆਂ ਲੱਖਾਂ ਜੋਤਾਂ ਨੂੰ ਬੁਝਾ ਦਿੱਤਾ ਗਿਆ।

**ਰੂਸੀ ਹਮਲਾ ਕਰਨ ਆ ਰਹੇ ਹਨ** ਦਾ ਨਾਅਰਾ ਦੂਜੇ ਸੰਸਾਰ ਯੁੱਧ ਉਪਰੰਤ ਸੱਭ ਤੋਂ ਡਰਾਉਣਾਂ ਸੁਫਨਾ ਬਣਿਆ ਰਿਹਾ ਹੈ ਫਰਕ ਕੇਵਲ ਏਨਾਂ ਸੀ ਕਿ ਇਹ ਸੁਫਨਾ ਅਸਲੀਅਤ ਨਾਲੋਂ ਵੀ ਵੱਧ ਪੀੜਾਂ ਤੇ ਕੁੜੱਤਣਾਂ ਭਰਿਆ ਸੀ। ਚਾਰ ਦਹਾਕਿਆਂ ਦੇ ਦੌਰਾਨ ਇਹ ਕੁੜੱਤਣ ਦਾ ਕਾੜ੍ਹਾ ਉੱਬਲਦਾ ਰਿਹਾ ਹੈ ਤੇ ਕਈ ਵਾਰੀ ਉੱਬਲ ਕੇ ਕੰਢਿਆਂ ਤੋਂ ਵੀ ਬਾਹਰ ਵਹਿ ਤੁਰਦਾ ਰਿਹਾ ਹੈ ਅਤੇ ਇਸ ਦੀ ਭਾਫ਼ ਨੇ ਕਈਆਂ ਮਸੂਮਾਂ ਦੇ ਸੁਫਨੇ ਸੁਆਹ ਕਰ ਦਿੱਤੇ। ਜੇ ਕਰ ਇਸੇ ਨਫ਼ਰਤ ਦਾ ਪਰਚਾਰ ਤੇ ਪਸਾਰ ਕਰਨ ਵਾਲੇ ਸਿਆਸਦਾਨਾਂ ਤੇ ਹਾਕਮਾਂ ਪਾਸੋਂ 45 ਸਾਲਾਂ ਦੀ ਬੈਲੈਂਸ ਸ਼ੀਟ ਜਾਂ ਲੇਖਾ ਮੰਗਿਆ ਜਾਵੇ ਤਾਂ ਸੁਭਾਵਕ ਹੀ ਹਜ਼ਾਰਾਂ ਬੇਲੋੜੀਆਂ, ਬੇਤਰਸ ਤੇ ਗ਼ੈਰਮਨੁੱਖੀ ਕੁਰਬਾਨੀਆਂ ਦੇ ਅੰਦਰਾਜ਼ ਮਿਲਣਗੇ।

ਪੰਤਾਲੀ ਸਾਲ ਦੀ ਉਡੀਕ ਕਰਦਿਆਂ ਰੂਸ ਵੱਲੋਂ ਹਮਲੇ ਦਾ ਡੌਕਾ ਡਰਾਵਾ ਕੇਵਲ ਕਾਗਜ਼ੀ ਡਰਾਵਾ ਹੀ ਰਿਹਾ, ਭਾਵੇਂ ਇਸ ਨੂੰ ਇੰਝ ਉਭਾਰ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ, ਜਿਵੇਂ ਰੂਸ ਨੇ ਮਹੀਨੇ ਦੇ ਅੰਦਰ ਅੰਦਰ ਹੀ ਹਮਲਾ ਕਰ ਦੇਣਾ ਹੈ। ਇਥੋਂ ਤੱਕ ਕਿ ਕਈ ਅਮਰੀਕਨਾਂ ਨੇ ਪ੍ਰਮਾਣੂ ਹਮਲੇ ਵਿਰੁੱਧ ਬਚਾਓ ਲਈ ਘਰਾਂ ਥੱਲੇ ਇੱਕ ਪ੍ਰਕਾਰ ਦੀਆਂ ਸੁਰੱਖਿਆ ਗੁਫਾਵਾਂ (underground shelters) ਵੀ ਬਣਵਾ ਲਈਆਂ ਹੋਈਆਂ ਸਨ। ਅਵੱਸ਼ ਹੀ ਮਕਾਨ ਉਸਾਰੂ ਉਦਯੋਗ ਨੇ ਇਸ ਡਰਾਵੇ ਅਧੀਨ ਰੱਜ ਕੇ ਆਪਣੇ ਬੈਂਕ ਭਰੇ ਹੋਣਗੇ। ਇਥੇ ਹੀ ਬਸ ਨਹੀਂ ਟੀ. ਵੀ. ਨੈਟਵਰਕ ਵਾਲੇ ਅਕਸਰ ਸਾਲ ਵਿਚ ਇਕ ਦੋ ਵਾਰੀ ਰੂਸੀ ਹਮਲੇ ਦੇ ਡਰਾਵੇ ਦੇ ਸੰਭਾਵੀ ਦ੍ਰਿਸ਼ ਵੀ ਪੇਸ਼ ਕਰਦੇ ਰਹੇ ਹਨ। ਇੰਨ੍ਹਾਂ ਰਾਹੀਂ ਰੂਸ ਅਤੇ ਅਮਰੀਕਾ ਦੇ ਮਾਰੂ ਹਥਿਆਰਾਂ ਦੀਆਂ ਮੁਕਾਬਲਤਨ ਗਿਣਤੀਆਂ ਮਿਣਤੀਆਂ ਅਤੇ ਫ਼ੌਜਾਂ, ਟੈਂਕਾਂ, ਡੁਬਕੀਆਂ ਕਿਸ਼ਤੀਆਂ, ਹਵਾਈ ਤੇ ਸਮੁੰਦਰੀ ਬੇੜਿਆਂ, ਵੱਖ ਵੱਖ ਕਿਸਮਾਂ ਦੀਆਂ ਮਿਸਲਾਂ, ਉਨ੍ਹਾਂ ਦੀ ਪਹੁੰਚ, ਰਸਤੇ, ਰਫਤਾਰ ਤੇ ਮਾਰ, ਪ੍ਰਮਾਣੂ ਬੰਬਾਂ ਦੇ ਜਾਨੀ ਤੇ ਮਾਲੀ ਨੁਕਸਾਨ ਸਬੰਧੀ ਅਨੁਮਾਨ ਆਦਿ ਦੇ ਨਕਸ਼ੇ ਤੇ ਕੰਪਿਊਟਰ ਗਰਾਫ਼ ਆਦਿ ਵਿਸਤ੍ਰਿਤ ਵਿਧੀਆਂ ਤੇ ਪਹਿਲੂਆਂ ਤੋਂ ਪੇਸ਼ ਕੀਤੇ ਜਾਂਦੇ ਰਹੇ ਹਨ। ਇਹ ਚਿੱਤਰ ਜਾਂ ਦ੍ਰਿਸ਼ ਉਸ ਵਿਸਥਾਰ ਤੇ ਪ੍ਰਮਾਣੀਕਤਾ ਨਾਲ ਪੇਸ਼ ਕੀਤੇ ਜਾਂਦੇ ਸਨ ਜਿਵੇਂ ਕਿ ਇਹ ਚਿੱਤਰ ਨੇੜੇ ਦੇ ਭਵਿੱਸ਼ ਵਿਚ ਲਗਣ ਵਾਲੇ ਯੁੱਧ ਦੇ ਪੂਰਵ ਚਿੱਤਰ ਹੋਣ।

ਸਾਧਾਰਨ ਅਮਰੀਕਨ ਸ਼ਹਿਰੀ ਦੇ ਹਾਜ਼ਮੇ ਲਈ ਅਤੇ ਉਸ ਨੂੰ ਗੁਮਰਾਹ ਕਰਨ ਦੇ ਆਸ਼ੇ ਨਾਲ ਸਿਆਸਤਦਾਨਾਂ ਤੇ ਖੁਫੀਆਂ ਏਜੰਸੀਆਂ ਵੱਲੋਂ ਵੱਖ ਵੱਖ ਸਮੇਂ ਤੇ ਵੱਖ ਵੱਖ ਤਰ੍ਹਾਂ ਦੀਆਂ ਅੰਤਰ-ਵਿਰੋਧੀ ਰਿਪੋਰਟਾਂ ਇੰਕਸ਼ਾਫ਼ ਦੇ ਤੌਰ ਤੇ ਪੇਸ਼ ਕੀਤੀਆਂ ਜਾਂਦੀਆਂ ਰਹੀਆਂ ਹਨ। ਇਹ ਦੱਸਣ ਲਈ ਕਿ ਅਮਰੀਕਾ ਇਕ ਮਹਾਨ ਕੌਮ ਹੈ, ਇਹ ਕਹਿ ਦਿੱਤਾ ਜਾਂਦਾ ਸੀ ਕਿ ਅਮਰੀਕਾ ਦੀ ਫ਼ੌਜੀ ਤੇ ਆਰਥਿਕ, ਉਦਯੋਗਿਕ, ਵਿਗਿਆਨਕ ਆਦਿ ਦੀ ਸੱਤਾ ਅਤੇ ਪ੍ਰਾਪਤੀਆਂ ਸਾਰੇ ਸੰਸਾਰ ਵਿਚ ਲਾਸਾਨੀ ਹਨ। ਕੁਝ ਮਹੀਨਿਆਂ ਪਿੱਛੋਂ ਫਰਜ਼ੀ ਤੇ ਝੂਠੇ ਸੱਚੇ ਅੰਕੜਿਆਂ ਤੇ ਤੱਥਾਂ ਲੱਦੀਆਂ ਖੁਫੀਆਂ ਰਿਪੋਰਟਾਂ ਰਾਹੀਂ ਸਿੱਧੀ ਸਾਦੀ ਜਨਤਾ ਨੂੰ ਵਰਗਲਾਉਣ ਤੇ ਡੀਫ਼ੈਂਸ ਲਈ ਅੰਧਾ ਧੁੰਦ ਖਰਚੇ ਕਰਨ ਦੇ ਆਸ਼ੇ ਨਾਲ

ਖੋਜ ਰਿਪੋਰਟਾਂ ਰਾਹੀਂ ਇਹ ਇੰਕਸ਼ਾਫ਼ ਕਰ ਦਿੱਤਾ ਜਾਂਦਾ ਸੀ ਕਿ ਰੂਸ ਨੇ ਚੋਰੀ ਛਿਪੇ ਅੰਤਰਰਾਸ਼ਟਰੀ ਇਕਰਾਰ-ਨਾਮਿਆਂ ਨੂੰ ਭੰਗ ਕਰਦਿਆਂ ਫੌਜੀ ਤੇ ਹਥਿਆਰਾਂ ਦੀ ਸੱਤਾ ਬਹੁਤ ਭਾਰੀ ਮਾਤਰਾ ਵਿਚ ਵਧਾ ਲਈ ਹੈ ਅਤੇ ਇਸ ਨਾਲ ਹਥਿਆਰਾਂ ਸਬੰਧੀ ਹਰ ਖੇਤਰ ਵਿਚ ਦੋ ਮਹਾਨ ਤਾਕਤਾਂ ਵਿਚ ਸੰਤੁਲਨ ਵਿਗੜ ਚੁੱਕਿਆ ਹੈ। ਇਸ ਸਥਿਤੀ ਨੂੰ ਠੰਡੀ ਜੰਗ ਦੇ ਵਾਤਾਵਰਣ ਵਿਚ ਹਾਲੀਵੁੱਡ ਦੀ ਫ਼ਿਲਮ ਇੰਡਸਟਰੀ ਨੇ ਅਸਰ ਪਾਉਣ ਵਾਲੀਆਂ ਫ਼ਿਲਮਾਂ ਬਣਾ ਬਣਾ ਹੋਰ ਵੀ ਭਖਾਇਆ। 1987 ਵਿਚ ਅਜਿਹੀ ਹੀ ਫ਼ਿਲਮ – ਅਮਰੀਕਾ – ਬਣਾਈ ਗਈ ਸੀ ਜਿਸ ਬਾਰੇ ਇਹ ਨਿਸਚਿਤ ਕਰਨਾ ਔਖਾ ਸੀ ਕਿ ਦੇਸ਼ ਭਗਤੀ ਦਾ ਜਨੂੰਨੀ ਪਰਵਾਹ ਸੀ ਜਾਂ ਪ੍ਰਾਪੇਗੰਡਾ ਸੀ ਜਾਂ ਸੋਪ ਅਪੇਰਾ ਸੀ ਪਰ ਮੀਡੀਏ ਵਿਚ ਇਸ ਦੀ ਚਰਚਾ ਫਿਲਮ ਦੀ ਨਿੱਜੀ ਅੰਤ੍ਰੀਵ ਵਾਸਤਵਿਕਤਾ ਨਾਲੋਂ ਕਿਤੇ ਵੱਧ ਹੋਈ ਸੀ, ਦਰ ਅਸਲ ਇਸ ਸਾਰੇ ਆਰਕੇਸਟਰੇ ਦੀ ਮੁੱਖ ਧੁਨੀ ਇਕੋ ਹੀ ਰਹੀ ਕਿ ਰੂਸ ਨੇ ਅਚਾਨਕ ਹਮਲਾ ਕਰ ਦੇਣਾ ਹੈ ਅਤੇ ਅਮਰੀਕਾ ਤੇ ਪੱਛਮੀ ਦੇਸ਼ਾਂ ਦੇ ਆਰਥਕ ਸਿਆਸੀ ਢਾਂਚੇ ਤੇ ਖੁਸ਼ਹਾਲੀ ਉਪਰ ਆਪਣਾ ਸਿਧਾਂਤਕ ਨਿਜ਼ਾਮ ਠੋਸ ਦੇਣਾ ਹੈ। ਇਥੋਂ ਤਕ ਕਿ ਲਗਾਤਾਰ ਹਰੇਕ ਸੈਕਰੇਟਰੀ ਆਫ਼ ਸਟੇਟ ਦਾ ਪਹਿਲਾ ਤੇ ਅੰਤਮ ਕੰਮ ਇਹ ਹੀ ਰਹਿ ਗਿਆ ਸੀ ਕਿ ਉਹ ਇਕੋ ਹੀ ਨਾਅਰਾ ਲਾਉਂਦਾ ਫਿਰਿਆ ਜਾਵੇ ਕਿ ਰੂਸ ਹਮਲਾ ਕਰਨ ਵਾਲਾ ਹੈ।

> ' ਪਰ ਅਮਰੀਕਨ ਕੌਮ ਦੀ ਬਦਕਿਸਮਤੀ ਸੀ ਕਿ ਵੀਅਤਨਾਮ ਦੀ ਜੰਗ ਖ਼ਤਮ ਹੋ ਜਾਣ ਤੇ ਵੀ ਮੁਨਾਫ਼ਿਆਂ ਹੱਥੀਂ ਵਿਕੀਆਂ ਸਰਕਾਰਾਂ ਨੇ ਪੂਰਬ ਦੇ ਡਰਾਵੇ ਦਾ ਹਊਆ ਮੁੜ ਸੁਰਜੀਤ ਕਰ ਦਿੱਤਾ '

ਇਥੇ ਕੁਝ ਇਕ ਸਤਰਾਂ ਵਿਚ ਇਹ ਲਿਖਣਾ ਕੁਥਾਵਾਂ ਨਹੀਂ ਹੋਵੇਗਾ ਕਿ ਪਿਛਲੀ ਅੱਧੀ ਸਦੀ ਵਿਚ ਰੂਸ ਦੇ ਪ੍ਰਭਾਵ ਨੂੰ ਰੋਕ ਪਾਣ ਦੇ ਬਹਾਨੇ ਵੀਅਤਨਾਮ ਵਿਚ ਮੁਦਾਖਲਤ ਕਰ ਕੇ ਉਸ ਦੇਸ਼ ਦੀ ਧਰਤੀ ਨੂੰ ਤਿੰਨ ਦਹਾਕਿਆਂ ਲਈ ਹੱਦੋਂ ਵੱਧ ਹੀਣੀ, ਖ਼ੂਨੀ ਤੇ ਖਤਰਨਾਕ ਰਣਭੂਮੀ ਬਣਾਈ ਰੱਖਿਆ ਅਤੇ ਉਸੇ ਧਰਤੀ ਦੇ ਜਾਇਆਂ ਨੂੰ ਦਿਨ ਰਾਤ ਜਹਾਜ਼ਾਂ ਤੇ ਬੰਬਾਂ ਦੀ ਪ੍ਰਛਾਵੇਂ ਥੱਲੇ ਜਿਉਣ ਦੀ ਸਜ਼ਾ ਦੇ ਦਿੱਤੀ। ਇਹ ਸੱਚ ਹੈ ਕਿ ਵੀਅਤਨਾਮ, ਲਾਓਸ ਤੇ ਕੰਬੋਡੀਆ ਦੇ ਵਾਸੀ ਪਹਿਲਾਂ ਵਰਗੀ ਸੁੱਖ, ਸ਼ਾਂਤੀ ਤੇ ਖੁਸ਼ਹਾਲੀ ਮੁੜ ਕੇ ਕਦੇ ਨਹੀਂ ਮਾਣ ਸਕਣਗੇ। ਇਕ ਤੋਂ ਪਿੱਛੋਂ ਦੂਜੇ ਸਤਿਕਾਰਯੋਗ ਅਤੇ ਮਦੱਬਰ ਪ੍ਰਧਾਨ ਜਿਨ੍ਹਾਂ ਵਿਚ ਕੈਨੇਡੀ ਤੇ ਨਿਕਸਨ ਵੀ ਸ਼ਾਮਲ ਹਨ ਨੇ ਉਸ ਇਲਾਕੇ ਦੇ ਦੇਸ਼ਾਂ ਦੇ ਲੋਕਾਂ ਤੇ ਧਰਤੀ ਦਾ ਅਜਿਹਾ ਨਾਸ ਕੀਤਾ ਹੈ ਕਿ ਉਥੇ ਆਉਣ ਵਾਲੀਆਂ ਕਈ ਪੁਸ਼ਤਾਂ ਅਮਰੀਕਾ ਦੇ ਸਮੇਂ ਦੇ ਹਾਕਮਾਂ ਦੇ ਕੀਤੇ ਨੂੰ ਕਦੇ ਵੀ ਨਹੀਂ ਬਖ਼ਸ਼ ਸਕਣਗੀਆਂ।

ਦੂਜੇ ਸੰਸਾਰ ਯੁੱਧ ਪਿੱਛੋਂ ਦੇ ਸਾਲਾਂ ਵਿਚ ਸੱਭ ਤੋਂ ਵੱਧ ਵਿਕਰਾਲ ਤੇ ਪ੍ਰਚੰਡ ਵੀਅਤਨਾਮ ਦੀ ਲੜਾਈ ਅੰਦਰ ਹਜ਼ਾਰਾਂ ਅਮਰੀਕਨਾਂ ਨੂੰ ਵੀ ਅਕਾਰਥ ਬਲੀ ਦੇਣੀ ਪਈ। ਅਮਰੀਕਨ ਸ਼ਹਿਰਾਂ ਤੇ ਘਰਾਂ ਵਿਚ ਇਸ ਅਨਾਵੱਸ਼ਕ ਜੰਗ ਅੰਦਰ ਆਪਣੇ ਪੁੱਤਰਾਂ ਦੀਆਂ ਅਜਾਈਂ ਮੌਤਾਂ ਦੇ ਨਤੀਜੇ ਵਜੋਂ ਅਕੱਥ ਕੁੜੱਤਣ ਭਰ ਗਈ ਸੀ। ਆਮ ਅਮਰੀਕਨ ਸ਼ਹਿਰੀ ਬੇਬੱਸ ਗੁੱਸੇ ਤੇ ਕੁਝ ਨਾ ਕਰ ਸਕਣ ਦੀ ਦਸ਼ਾ ਵਿਚ ਅੰਦਰੋਂ ਅੰਦਰ ਸੜ ਰਿਹਾ ਸੀ। ਕੁਝ ਸੂਝ ਤੇ ਸਮਝ ਵਾਲੇ ਸਿਆਸਤਦਾਨ ਸਾਹਸ ਦੀ ਘਾਟ ਕਾਰਨ ਵਤਨਪ੍ਰਸਤੀ ਦੇ ਅਮੋੜ ਵੇਗ ਵਿਰੁੱਧ ਸਰਕਾਰੀ ਪਾਲਸੀ ਦੀ ਵਿਰੋਧਤਾ ਵੀ ਨਹੀਂ ਸੀ ਕਰਦੇ। ਅੰਦਰੋਂ ਉਹ ਜੁਆਨ ਮੁੰਡਿਆਂ ਦੇ ਅਜਾਈਂ ਲੜਾਈ ਦੇ ਮੂੰਹ ਧੱਕੇ ਜਾਣ ਉੱਤੇ ਦੁਖੀ ਵੀ ਸਨ। ਪਰ ਇਸ ਦਾ ਅਰਥ ਇਹ ਨਹੀਂ ਕਿ ਅਮਰੀਕਾ ਵਿਚ ਇਸੇ ਧਰਤੀ ਦੇ ਸਪੁੱਤਰ ਹੈਨਰੀ ਡੇਵਿਡ ਥੋਰੋ ਦੀ ਆਤਮਾ ਮਰ ਚੁੱਕੀ ਸੀ। ਇਸ ਵਿਅਰਥ ਜੰਗ ਵਿਰੁੱਧ ਜ਼ੋਰਦਾਰ ਰੋਸ ਪ੍ਰਗਟ ਕਰਨ ਦਾ ਬੀੜਾ ਵੀ ਸਮੇਂ ਦੀ ਜੁਆਨ ਪੀੜੀ ਨੇ ਚੁੱਕਿਆ। ਸੱਠਵਿਆਂ ਦੇ ਜੰਗ ਵਿਰੁੱਧ ਅੰਦੋਲਨ ਦਾ ਪ੍ਰਗਟਾਵਾ ਘਰਾਂ, ਗਲੀਆਂ, ਸ਼ਹਿਰਾਂ ਯੂਨੀਵਰਸਿਟੀਆਂ ਦੇ ਕੈਂਪਸਾਂ ਰਾਹੀਂ ਹੁੰਦਾ ਰਿਹਾ। ਪਰ ਅਮਰੀਕਨ ਕੌਮ ਦੀ ਬਦਕਿਸਮਤੀ ਸੀ ਕਿ ਵੀਅਤਨਾਮ ਦੀ ਜੰਗ ਖ਼ਤਮ ਹੋ ਜਾਣ ਤੇ ਵੀ ਮੁਨਾਫ਼ਿਆਂ ਹੱਥੀਂ ਵਿਕੀਆਂ ਸਰਕਾਰਾਂ ਨੇ ਪੂਰਬ ਦੇ ਡਰਾਵੇ ਦਾ ਹਊਆ ਮੁੜ ਸੁਰਜੀਤ ਕਰ ਦਿੱਤਾ ਤੇ ਇਸ ਨਾਂ ਥੱਲੇ ਕਦੇ ਚਿੱਲੀ, ਕਦੇ ਲਿਬਯਾ ਕਦੇ ਪਾਨਾਮਾ, ਕਦੇ ਨਿਕਾਰਗੁਆ ਦੇ ਨਿਹੱਤੇ ਲੋਕਾਂ ਦੀਆਂ ਲੋਕ ਰਾਜੀ ਆਸ਼ਾਵਾਂ ਤੇ ਆਵਾਜ਼ਾਂ ਨੂੰ ਗੋਲੀਆਂ ਨਾਲ ਚੁੱਪ ਕਰਾਉਣ ਦਾ ਸਿਲਸਲਾ ਜਾਰੀ ਰਿਹਾ ਹੈ।

ਜਨਸਾਧਾਰਨ ਹੁਣ ਤਕ ਇਸੇ ਭੁਲੇਖੇ ਦੇ ਪਰਛਾਵੇਂ ਥੱਲੇ ਪਲਦਾ ਰਿਹਾ ਹੈ ਕਿ ਲੜਾਈਆਂ ਆਪਣੇ ਦੇਸ਼ ਦੀ ਰੱਖਿਆ ਲਈ ਦੁਸ਼ਮਣ ਵਿਰੁੱਧ ਲੜੀਆਂ ਜਾਂਦੀਆਂ ਹਨ ਅਤੇ ਵੱਖ ਵੱਖ ਦੇਸ਼ਾਂ ਦੇ ਲੱਖਾਂ ਜੁਆਨ ਅਤੇ ਅਨਜਾਣ ਸ਼ਹਿਰੀ ਝੰਡੇ ਤੇ ਕੌਮ ਪ੍ਰਸਤੀ ਦੇ ਨਿਰਆਰਥਕ ਪ੍ਰਤੀਕ ਦੀ ਬਲੀ ਚੜ੍ਹਦੇ ਰਹੇ ਹਨ ਪਰ ਅਸਲ ਵਿਚ ਇਨ੍ਹਾਂ ਲੜਾਈਆਂ ਦਾ ਆਧਾਰ ਵਿਚਾਰਧਾਰਾ ਨਾਲੋਂ ਵੱਧ ਆਰਥਕ ਅਪਹਰਣ ਤੇ ਲੁੱਟ ਮਾਰ ਰਿਹਾ ਹੈ। 1945 ਤੋਂ ਪਿੱਛੋਂ ਦੀਆਂ ਅੰਤ੍ਰਰਾਸ਼ਟਰੀ ਭੰਨਾਂ ਤੋੜਾਂ ਤੇ ਸਿਆਸੀ ਤੇ ਆਰਥਿਕ ਗਤੀਆਂ ਵਿਧੀਆਂ ਦਾ ਅਧਿਅਨ ਕੀਤਾ ਜਾਏ ਤਾਂ ਨਿਰਸੰਦੇਹ ਇਹ ਸਪੱਸ਼ਟ ਹੁੰਦਾ ਹੈ ਕਿ ਲੜਾਈਆਂ ਨਾ ਲੋਕ ਰਾਜ ਦੀ ਖਾਤਰ ਨਾ ਹੀ ਕਮਿਊਨਿਜ਼ਮ ਵਿਰੁੱਧ ਤੇ ਨਾ ਹੀ ਲੋਕ ਭਲਾਈ ਲਈ ਲੜੀਆਂ ਗਈਆਂ ਹਨ। ਇਹ ਤਾਂ ਸਗੋਂ ਸਿਆਸੀ ਤੇ ਆਰਥਿਕ ਲੁੱਟ ਘਸੁੱਟ ਦੇ ਨਿਸ਼ਾਨੇ ਨਾਲ ਲੜੀਆਂ ਗਈਆਂ ਹਨ। ਇਹ ਵੱਖਰੀ ਗੱਲ ਹੈ ਕਿ ਕਦੇ ਕਦੇ ਬਹਾਨਾ ਡਰੱਗਜ਼ ਜਾਂ ਡਿਕਟੇਟਰ ਦਾ ਧਰ ਲਿਆ ਜਾਂਦਾ ਹੈ ਪਰ ਬੁਨਿਆਦੀ ਤੌਰ ਤੇ ਉਕਤ ਵਰਣਤ ਮੰਤਵਾਂ ਲਈ ਹੀ ਕਰੋੜਾਂ ਜੀਵਾਂ ਨੂੰ ਜੰਗ ਦੀ ਭੱਖਦੀ ਭੱਠੀ ਵਿਚ ਝੋਕਿਆ ਜਾਂਦਾ ਰਿਹਾ ਹੈ। ਪਿਛਲੇ ਕੁਝ ਸਾਲਾਂ ਵਿਚ ਪਹਿਲੀ ਰੂਸੀ ਤਾਕਤ ਤੇ ਇਸ ਦਾ ਡਰਾਵਾ ਅਲੋਪ ਹੋ ਗਿਆ ਹੈ ਪਰ ਵਿਵਾਦ ਮੁਕਤ ਸੱਚ ਇਹ ਹੈ ਕਿ ਹੋਂਦ ਵਿਚ ਆਏ ਨਵੇਂ ਸੰਸਾਰਕ ਢਾਂਚੇ ਦੇ ਦ੍ਰਿਸ਼-ਦਾਇਰੇ ਅੰਦਰ ਕੇਵਲ ਇਕੋ ਇਕ ਨਿਰਵਿਰੋਧ ਤੇ ਪ੍ਰਸ਼ਨਾਤੀਤ ਤਾਕਤ ਅਮਰੀਕਾ ਹੀ ਰਹਿ ਗਈ ਹੈ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਸ ਪ੍ਰੀਵਰਤਨ ਦੇ ਪ੍ਰਤਿਕਰਮ ਵਜੋਂ ਵੱਖ ਵੱਖ ਕੌਮਾਂ ਦੇ ਅਸੰਤੁਲਨ ਵਿਚ ਹੁਣ ਅਸਲੀ ਤੌਰ ਤੇ ਘਾਟੇ ਦੀ ਥਾਂ ਵਾਧਾ ਹੋਇਆ ਹੈ। ਜਿਵੇਂ ਇਸ ਮਹਾਨ ਤੇ ਪ੍ਰਬਲ ਤਾਕਤ ਨੇ ਪਿਛਲੇ ਸਾਲਾਂ ਦੌਰਾਨ ਆਪਣੇ ਅਮੋੜ ਤੇ ਅਥਾਹ ਬਲ ਦਾ ਪ੍ਰਦਰਸ਼ਨ ਕੀਤਾ ਹੈ ਅਤੇ ਜਿਸ ਦੀ ਪੁਸ਼ਟੀ ਦੇ ਸੰਕੇਤ ਕੁਝ ਛੋਟੇ ਛੋਟੇ ਅਸੁਰੱਖਿਅਤ ਦੇਸ਼ਾਂ ਤੇ ਟਾਪੂਆਂ ਉਤੇ ਅੰਤ੍ਰਰਾਸ਼ਟਰੀ ਰਹੁ-ਰੀਤੀਆਂ ਨੂੰ ਵਿਸਾਰ ਕੇ ਉਨ੍ਹਾਂ ਦੀ ਰਾਜ ਸਰਬ-ਸਮਰੱਥਾ ਨੂੰ ਲਤਾੜ ਕੇ, ਉਥੋਂ ਦੀ ਪਹਿਲਾਂ ਹੀ ਹਰ ਪੱਖੋਂ ਸੱਤਾਹੀਨ ਸਥਿਤੀ ਨੂੰ ਬੇਤਰਸੀ ਨਾਲ ਅਤੇ ਬਿਨਾਂ ਸੱਭਿਆ ਰਹੁ ਰੀਤੀਆਂ ਦੇ ਲਿਹਾਜ਼ ਤੋਂ ਕੁਚਲ ਕੇ ਆਪਣੇ ਤੰਗ ਸਿਆਸੀ-ਆਰਥਿਕ ਸੁਆਰਥਾਂ ਦੀ ਪੂਰਤੀ ਕੀਤੀ ਹੈ ਉਸ ਤੋਂ ਡਰ ਇਹ ਲਗਦਾ ਹੈ ਕਿ ਬਾਕੀ ਦੇ ਕਮਜ਼ੋਰ ਦੇਸ਼ Russians are coming ਦੀ ਥਾਂ Yankees are coming ਕਹਿਣ ਲਈ ਮਜਬੂਰ ਨਾ ਹੋ ਜਾਣ।

---

### ਹਵਾਲੇ

[1] ਨੌਮ ਚਾਮਸਕੀ ਬਾਸਟਨ ਵਿਚ ਸਥਿਤ ਮੈਸਾਚੀਉਟਸ ਇੰਸਟੀਚਿਊਟ ਆਫ ਟੇਕਨਾਲੋਜੀ ਵਿਚ ਭਾਸ਼ਾ ਵਿਗਿਆਨ ਅਤੇ ਫਿਲਾਸਫੀ ਦਾ ਪ੍ਰੋਫੈਸਰ ਹੈ। ਉਸ ਦਾ ਸਥਾਨ ਸੰਸਾਰ ਅੰਦਰ ਸਟਰਕਚਰਲ ਲਿੰਗੁਇਸਟਿਕਸ ਦੇ ਮੂਹਰਲੀ ਕਤਾਰ ਦੇ ਵਿਦਵਾਨਾਂ ਵਿਚ ਹੈ। ਪੰਜ ਸਾਲ ਪਹਿਲਾਂ ਉਸ ਨੂੰ ਵਿਗਿਆਨਕ ਪ੍ਰਾਪਤੀਆਂ ਦੇ ਆਧਾਰ ਤੇ 380 ਹਜ਼ਾਰ ਡਾਲਰ ਦਾ ਨੋਬਲ ਪਰਾਈਜ਼ ਦੀ ਤੁਲਨਾ ਦਾ ਜਾਪਾਨ ਵਲੋਂ ਕਿਆਲਟੋ ਪੁਰਸਕਾਰ ਭੇਟਾ ਕੀਤਾ ਗਿਅ ਸੀ। ਉਸਦੀਆਂ ਲਿਖਤਾਂ ਦੀ ਮੌਜੂਦਾ ਪੁਸਤਕ ਸੂਚੀ ਵਿਚ ਸਿਆਸੀ ਤੇ ਭਾਸ਼ਾ ਵਿਗਿਆਨ ਵਿਸ਼ਿਆਂ ਉੱਤੇ ਲੱਗ ਭੱਗ 30 ਪੁਸਤਕਾਂ ਤੇ 700 ਲੇਖ ਸ਼ਾਮਲ ਹਨ। ਇਨ੍ਹਾਂ ਖੇਤਰਾਂ ਅੰਦਰ ਉਸ ਦੀਆਂ

ਪ੍ਰਾਪਤੀਆਂ ਨੂੰ ਮਾਨਤਾ ਵਜੋਂ ਉਹ ਸੰਸਾਰ ਦੀਆਂ ਵੱਖ ਵੱਖ ਯੂਨੀਵਰਸਿਟੀਆਂ ਵਲੋਂ ਦਿੱਤੀਆਂ 8 ਆਨਰੇਰੀ ਡਿਗਰੀਆਂ ਦਾ ਪ੍ਰਾਪਤ ਕਰਤਾ ਵੀ ਹੈ। ਉਸ ਨੇ ਮਾਸ ਮੀਡੀਏ, ਪ੍ਰਾਪੇਗੰਡੇ ਤੇ ਲੋਕ ਰਾਜ ਦੇ ਵਿਸ਼ਿਆਂ ਬਾਰੇ ਡੂੰਘੀ ਵਿਦਵਤਾ ਵਿਸਥਾਰ ਪਰ ਸਰਲਤਾ ਨਾਲ ਲਿਖਿਆ ਹੈ। ਪੰਜ ਸਾਲ ਪਹਿਲਾਂ ਐਡਵਰਡ ਹਰਮਨ ਦੇ ਸਹਿਯੋਗ ਨਾਲ ਇਕ ਪੁਸਤਕ ਮੈਨੂਫੈਕਚਰਿੰਗ ਕਨਸੈਂਟ ਮਾਸ ਮੀਡੀਏ ਦੀ ਸਿਆਸੀ ਆਰਥਿਕਤਾ ਬਾਰੇ ਲਿਖੀ ਹੈ ਜੋ ਮੀਡੀਏ ਸੰਬੰਧੀ ਸੂਝ ਰੱਖਣ ਵਾਲਿਆਂ ਲਈ ਇਕ ਬਹੁਮੁੱਲੇ ਗ੍ਰੰਥ ਦੀ ਪਦਵੀ ਰੱਖਦੀ ਹੈ। ਉਸ ਨੇ ਅਮਰੀਕਾ ਦੀ ਵਿਦੇਸ਼ੀ ਪਾਲਸੀ ਅਤੇ ਸਿਆਸੀ ਅਲੋਚਨਾ ਬਾਰੇ ਕਾਫੀ ਲਿਖਿਆ ਹੈ ਅਤੇ ਵਿਸ਼ੇਸ਼ ਕਰਕੇ ਅੰਤਰਾਸ਼ਟਰੀ ਮਾਮਲਿਆਂ ਵਿਚ ਅਮਰੀਕਾ ਦੇ ਸਥਾਨ ਦੇ ਵਿਸ਼ੇ ਉੱਤੇ ਉਸਦਾ ਸਥਾਨ ਨਿਵੇਕਲਾ ਅਤੇ ਅਦੁੱਤੀ ਹੈ।

[2] Mccarthyism – ਜੋਸੇਫ਼ ਮੈਕਾਰਥੀ ਵਿਸਕੌਨਸਨ ਸਟੇਟ ਤੋਂ ਇਕ ਵਿਵਾਦਗ੍ਰਸਤ ਸੈਨੇਟਰ ਸੀ ਜਿਸ ਨੇ 1950–1958 ਤਕ ਕਮਿਊਨਿਜ਼ਮ ਵਿਰੋਧ ਜਹਾਦ ਖੜਾ ਕਰੀ ਰੱਖਿਆ ਸੀ। 1950 ਵਿਚ ਸੈਨੇਟ ਅੰਦਰ ਆਮ ਭਾਸ਼ਨ ਦਿੰਦਿਆਂ ਉਸ ਨੇ ਆਪਣਾ ਇਤਿਹਾਸਕ ਦੂਸ਼ਨ ਪੇਸ਼ ਕੀਤਾ ਤੇ ਇਕ ਸੂਚੀ ਹਵਾ ਵਿਚ ਝੁਲਾਉਂਦਿਆਂ ਦੱਸਿਆ ਕਿ ਇਸ ਸੂਚੀ ਵਿਚ 205 ਵਿਅਕਤੀਆਂ ਦੇ ਨਾਂ ਹਨ ਜੋ ਐਫ ਬੀ ਆਈ ਦੀਆਂ ਵੱਖ ਵੱਖ ਉਚ ਪਦਵੀਆਂ ਉਤੇ ਕੰਮ ਕਰਦੇ ਹਨ ਅਤੇ ਜੋ ਰੂਸ ਦੇ ਜਸੂਸ ਹਨ। ਹਾਲਾਂਕਿ ਉਸ ਸੂਚੀ ਵਿਚੋਂ ਬਹੁਤੇ ਸਾਰੇ ਐਫ ਬੀ ਆਈ ਛੱਡ ਕੇ ਬਾਹਰ ਚਲੇ ਗਏ ਹੋਏ ਸਨ। ਟੇਲੀਵੀਯਨ ਉਤੇ ਹਾਊਸ ਦੀਆਂ ਸੁਣਵਾਈ ਕਾਰਵਾਈਆਂ 22 ਅਪਰੈਲ ਨੂੰ ਸ਼ੁਰੂ ਹੋਈਆਂ। ਫਿਰ ਕੀ ਸੀ ਹਰੇਕ ਲਈ ਖੁੱਲੀ ਛੁੱਟੀ ਹੋ ਗਈ। ਕਿਸੇ ਵੇਲੇ ਰਾਤ ਜਾਂ ਦਿਨ ਤੁਹਾਡੇ ਦਰਵਾਜ਼ੇ ਤੇ ਦਸਤਕ ਹੁੰਦੀ ਸੀ, ਸੰਮਨ ਹਵਾਲੇ ਕਰ ਕੇ ਸੁਣਵਾਈ ਵਾਲੇ ਕਮਰੇ ਦਾ ਪਤਾ ਦਸ ਦਿੱਤਾ ਜਾਂਦਾ ਸੀ। ਇਸ ਲਪੇਟ ਵਿਚ ਦੂਜੇ ਸੰਸਾਰ ਯੁਧ ਉਪ੍ਰੰਤ ਯਾਲਟਾ ਵਿਖੇ ਹੋਈ ਕਾਨਫਰੰਸ ਵਿਚ ਰੂਜ਼ਵੇਲਟ ਦੇ ਇਤਬਾਰਯੋਗ ਨੁਮਾਇੰਦੇ ਹਿਸ ਜਿਸ ਨੂੰ ਵਾਸ਼ਿੰਗਟਨ ਵਿਚ ਬਹੁਤ ਸਤਿਕਾਰ ਤੇ ਮਾਨਤਾ ਪ੍ਰਾਪਤ ਸੀ ਉਤੇ ਵੀ ਬੇਬੁਨਿਆਦ ਇਲਜ਼ਾਮ ਲੱਗ ਗਿਆ, ਉਸ ਨੂੰ ਸਰਕਾਰੀ ਤੌਰ ਤੇ ਬਲੈਕ ਲਿਸਟ ਕਰ ਦਿੱਤਾ ਗਿਆ। ਹਿਸ ਦੇ ਬੇਗੁਨਾਹ ਹੋਣ ਦੀ ਪੁਸ਼ਟੀ ਪਿਛਲੇ ਸਾਲ 1992 ਵਿਚ ਰੂਸ ਦੇ ਮਿਲਟਿਰੀ ਇਨਟੈਲੀਜੇਂਸ ਆਰਕਾਈਵਜ਼ ਦੇ ਇਨਚਾਰਜ ਜੇਨਰਲ ਦੇ ਇੰਕਸ਼ਾਫ਼ ਤੋਂ ਵੀ ਹੁੰਦੀ ਹੈ ਜਿਸ ਰਾਹੀਂ ਯਕੀਨੀ ਤੇ ਅੰਤਮ ਤੌਰ ਤੇ ਮੰਨਿਆ ਹੈ ਕਿ ਹਿੱਸ ਵਿਰੁਧ ਕੋਈ ਵੀ ਸਬੂਤ ਨਹੀਂ ਮਿਲਦਾ ਸਗੋਂ ਉਹ ਤਾਂ ਕੇਵਲ ਠੰਡੀ ਜੰਗ ਦਾ ਸ਼ਿਕਾਰ ਹੋਇਆ ਸੀ। ਇਸ ਹਾਊਸ ਸੁਣਵਾਈ ਕਮੇਟੀ ਦੀਆਂ ਮੀਟਗਾਂ ਵਿਚ ਮੈਕਾਰਥੀ ਦੇ ਇਤਿਹਾਸਕ ਸ਼ਬਦ ਸਨ – ਜੇ ਸਟੇਟ ਡਿਪਾਰਟਮੈਂਟ ਵਿਚ ਇਕ ਜਾਸੂਸ ਹੈ ਤਾਂ ਉਹ ਕਈਆਂ ਜਾਸੂਸਾਂ ਬਰਾਬਰ ਹੈ – ਜਾਂ ਯਾਲਾ ਕਾਨਫਰੰਸ ਵਿਚ ਇਕ ਕਮਿਊਨਿਸਟ ਸੀ ਤਾਂ ਉਹ ਕਈਆਂ ਬਰਾਬਰ ਸੀ। ਦਿਲਚਸਪੀ ਵਾਲਾ ਨੁਕਤਾ ਇਹ ਹੈ ਕਿ ਭੂਤਪੂਰਵ ਪ੍ਰਧਾਨ ਰਿਚਰਡ ਨਿਕਸਨ ਉਕਤ ਸੁਣ ਵਾਈ ਕਮੇਟੀ ਦੀ ਮੀਟਗਾਂ ਦੀ ਪ੍ਰਧਾਨਗੀ ਦਾ ਫ਼ਰਜ਼ ਵੀ ਨਿਭਾ ਰਿਹਾ ਸੀ। ਸ਼ਾਇਦ ਜੇ ਹਾਊਸ ਮੀਟਗਾਂ ਨਾਂ ਹੁੰਦੀਆਂ ਤਾਂ ਨਿਕਸਨ ਵੀ ਅਮਰੀਕਾ ਦਾ ਪ੍ਰਧਾਨ ਨਾਂ ਹੁੰਦਾ ਅਤੇ ਸ਼ਾਇਦ ਇਤਿਹਾਸ ਵੀ ਹੋਰ ਸ਼ਬਦਾਂ ਵਿਚ ਲਿਖਿਆ ਜਾਂਦਾ।

[3] ਉਸ ਸਮੇਂ ਦੀ ਗਵਾਹੀ ਦਾ ਇਕ ਜਿਉਂਦਾ ਜਾਗਦਾ ਸਬੂਤ ਹੈ ਰਿਟਾਇਰਡ ਜਾਹਨ ਮੈਲਬੀ ਜੋ ਹੁਣ ਗੁਐਲਫ਼ ਓਨਟਾਰੀਓ ਵਿਚ ਰਹਿੰਦਾ ਹੈ। ਉਸ ਨੂੰ ਵੀ ਮੈਕਾਰਥੀ ਦੇ witch hunting ਚੁੜੇਲਾਂ ਦਾ ਸ਼ਿਕਾਰ ਕਰਨ ਵਾਲੇ ਕਲੰਕਤ ਤਮਾਸ਼ੇ ਵਿਚ ਨੌਕਰੀ ਤੋਂ ਛੁੱਟੀ ਹੋ ਗਈ ਸੀ ਤੇ ਅਮਰੀਕਾ ਛੱਡ ਕੇ ਕੈਨੇਡਾ ਆ ਕੇ ਰਹਿਣਾ ਪਿਆ ਸੀ।

[4] ਸਾਲੇਮ ਮੈਸਾਚਿਊਟਸ ਵਿਚ, ਬਾਸਟਨ ਤੋਂ ਕੋਈ 15 ਮੀਲ ਦੀ ਵਿੱਥ ਤੇ, ਇਕ ਕਸਬਾ ਹੈ ਜਿਸ ਅੰਦਰ 19 ਔਰਤਾਂ ਨੂੰ ਭੁਲੇਖੇ ਤੇ ਭਰਮ ਭਰੇ ਧਾਰਮਿਕ ਆਗੂਆਂ ਵੱਲੋਂ ਚੁੜੇਲਾਂ ਕਰਾਰ ਦੇ ਕੇ ਫ਼ਾਂਸੀ ਲਾ ਦਿੱਤਾ ਗਿਆ ਸੀ। ਅੰਗਰੇਜ਼ੀ ਵਿਚ witch hunting ਦਾ ਮੁਹਾਵਰਾ ਏਥੋਂ ਹੀ ਪ੍ਰਚੱਲਤ ਹੋਇਆ ਸੀ।

○○●●○○●●○○

## ਰੀਵੀਊ ਹਿੱਤ ਆਈਆਂ ਪੁਸਤਕਾਂ

ਇਸ ਵਾਰ ਸਾਡੇ ਕੋਲ ਹੇਠ ਲਿਖੀਆਂ ਪੁਸਤਕਾਂ ਪਹੁੰਚੀਆਂ ਹਨ:

| ਕਿਤਾਬ | ਲੇਖਕ |
|---|---|
| 1. ਪਿੱਪਲ ਪੱਤੇ | ਸੁਸ਼ੀਲ ਕੌਰ |
| 2. ਕੁੱਝ ਦੇਖੀਆਂ ਕੁੱਝ ਬੀਤੀਆਂ | ਸੁਸ਼ੀਲ ਕੌਰ |
| 3. ਯਾਦਾਂ | ਡਾ: ਪ੍ਰੀਤਮ ਸਿੰਘ ਖਾਨਖਾਨਾ |

ਸਫ਼ਾ 20 ਦੀ ਬਾਕੀ

ਅੰਦਰ ਹੀ ਪਿਆ ਰਹਿੰਦਾ। ਮਾਂ ਪਿਉ ਤੇ ਹੋਰ ਰਿਸ਼ਤੇਦਾਰਾਂ ਦੇ ਵਤੀਰੇ ਨਾਲ ਦਿਲ ਨੂੰ ਲੱਗੀ ਠੇਸ ਮੈਨੂੰ ਹਰ ਵੇਲੇ ਤੜਫਾਉਂਦੀ ਰਹਿੰਦੀ। ਕਦੀ ਕਦੀ ਮੈਂ ਆਪਣੇ ਆਪ ਨੂੰ ਕੋਸਣ ਲੱਗ ਪੈਂਦਾ ਕਿ ਮੈਨੂੰ ਕੀ ਲੋੜ ਸੀ ਸੁਰੁਚੀ ਦਾ ਸਹਾਰਾ ਬਣਨ ਦੀ। ਤੇ ਫਿਰ ਮੈਂ ਸੋਚਦਾ ਕਿ ਜੇਕਰ ਮੈਂ ਇਹ ਵਿਆਹ ਕਰਨਾ ਹੀ ਸੀ ਤਾਂ ਏਨੀ ਕਾਹਲ ਕਰਨ ਦੀ ਕੀ ਲੋੜ ਸੀ? ਘਰ ਵਾਲਿਆਂ ਦਾ ਹਿਰਖ ਠੀਕ ਹੀ ਤਾਂ ਸੀ। ਇਸ ਤਰ੍ਹਾਂ ਮਨ ਦੀਆਂ ਉਲਝਣਾਂ ਵਧਦੀਆਂ ਹੀ ਗਈਆਂ। ਮੇਰੀ ਭੁੱਖ ਨੀਂਦਰ ਹਰਾਮ ਹੋ ਗਈ। ਸੁਰੁਚੀ ਦੇ ਪਿਆਰ ਤੇ ਨਸੀਹਤਾਂ ਨਾਲ ਕੁਝ ਦੇਰ ਲਈ ਮਨ ਟਿਕਾਣੇ ਆ ਜਾਂਦਾ ਪਰ ਫਿਰ ਉਨ੍ਹਾਂ ਹੀ ਵਹਿਣਾਂ ਵਿਚ ਵਹਿ ਤੁਰਦਾ। ਮੇਰਾ ਦਿਲ ਕਿਸੇ ਨੂੰ ਮਿਲਣ ਜਾਂ ਕਿਸੇ ਨਾਲ ਗੱਲ ਕਰਨ ਨੂੰ ਨਾ ਕਰਦਾ। ਜਦੋਂ ਕਦੀ ਮੈਂ ਕੁਆਰਟਰਾਂ ਦੇ ਵਿਹੜਿਆਂ ਵਿਚ ਇਕੱਠੇ ਹੋ ਕੇ ਬੈਠੇ ਹਵਾਈ–ਸੈਨਿਕਾਂ ਜਾਂ ਉਨ੍ਹਾਂ ਦੀਆਂ ਤ੍ਰੀਮਤਾਂ ਨੂੰ ਗੱਲਾਂ ਕਰਦਿਆਂ ਵੇਖਦਾ ਤਾਂ ਮੈਨੂੰ ਇੰਜ ਲਗਦਾ ਜਿਵੇਂ ਉਹ ਮੇਰੇ ਬਾਰੇ ਹੀ ਗੱਲਾਂ ਕਰ ਰਹੇ ਹੋਣ। ਮੇਰੀ ਹਾਲਤ ਵੇਖਕੇ ਸੁਰੁਚੀ ਚਿੰਤਾ ਵਿਚ ਡੁੱਬੀ ਰਹਿੰਦੀ।

ਇਕ ਦਿਨ ਆਪਣੇ ਪਿਆਰ ਦਾ ਵਾਸਤਾ ਪਾ ਕੇ ਸੁਰੁਚੀ ਮੈਨੂੰ ਡਾਕਟਰ ਦੇ ਲੈ ਗਈ। 'ਇਨ੍ਹਾਂ ਨੂੰ ਡੀਪਰੈਸ਼ਨ ਹੈ। ਦੁਆਈ ਲੰਮੀ ਖਾਣੀ ਪਵੇਗੀ, ਠੀਕ ਹੋ ਜਾਣਗੇ।' ਚੈੱਕ–ਅਪ ਕਰਨ ਬਾਅਦ ਡਾਕਟਰ ਨੇ ਸੁਰੁਚੀ ਨੂੰ ਦਸਿਆ ਸੀ।

ਸੁਰੁਚੀ ਦੀ ਪੈਰਵੀ ਤੇ ਦੁਆਈਆਂ ਦੇ ਅਸਰ ਨਾਲ ਮੇਰੀ ਸਿਹਤ ਠੀਕ ਹੋਣ ਲੱਗ ਪਈ। ਆਪਣੇ ਕਾਹਲੇ ਕਾਹਲੇ ਪੈਂਦੇ ਮਨ ਵਿਚ ਮੈਂ ਸੰਤੁਲਨ ਦੀ ਆਮਦ ਮਹਿਸੂਸ ਕਰਨ ਲੱਗਾ। ਮੇਰੇ ਸੋਚਣ ਢੰਗ ਵਿਚ ਤਬਦੀਲੀ ਆਉਣੀ ਸ਼ੁਰੂ ਹੋ ਗਈ। ਅਸੀਂ ਦੋਵੇਂ ਸ਼ਾਮ ਨੂੰ ਸੈਰ ਕਰਨ ਜਾਂਦੇ।

ਛੁਟੀ ਖਤਮ ਹੋਣ ਉਪ੍ਰੰਤ ਮੈਂ ਬਾਕਾਇਦਾ ਡਿਊਟੀ ਤੇ ਜਾਣ ਲੱਗ ਪਿਆ ਸਾਂ ਤੇ ਮੁੜ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। ਚਿੱਤਰਕਾਰੀ ਵਿਚ ਨਵੇਂ ਝੁਕਾਅ ਗ੍ਰਹਿਣ ਕਰਨ ਲਈ ਸੁਰੁਚੀ ਨੇ ਇਕ ਨਵੇਂ ਜੋਸ਼ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਇਕ ਦੂਜੇ ਦੀਆਂ ਰਚਨਾਵਾਂ ਬਾਰੇ ਅਸੀਂ ਡੂੰਘੀਆਂ ਵਿਚਾਰਾਂ ਕਰਦੇ।

ਸੁਮੀਤ! ਮੇਰੀਆਂ ਕਵਿਤਾਵਾਂ ਦੀ ਪਲੇਠੀ ਪੁਸਤਕ ਛਪਣ ਲਈ ਤਿਆਰ ਹੈ, ਜਿਸਦਾ ਟਾਈਟਲ ਸੁਰੁਚੀ ਨੇ ਬਣਾਇਐ। ਇਹ ਪੁਸਤਕ ਤੈਨੂੰ ਸਮੱਰਪਿਤ ਹੋਵੇਗੀ। ਇਸ ਵਿਚ ਤੇਰਾ ਤੇ ਹੋਰ ਅਨੇਕ ਸੈਨਿਕਾਂ ਅਤੇ ਉਨ੍ਹ ਦੀ ਉਡਾਈ ਗਈ ਬੋਟੀ ਬੋਟੀ ਦਾ ਜ਼ਿਕਰ ਹੈ। ਕਦੀ ਕਦੀ ਮਨ 'ਚ ਇਹ ਵੀ ਆਉਂਦਾ ਹੈ ਕਿ ਮੈਂ ਇਹ ਨੌਕਰੀ ਛੱਡ ਦੇਵਾਂ ਅਤੇ ਫਿਰ ਸੁਰੁਚੀ ਤੇ ਮੈਂ ਇਕ ਕਲਾ ਕੇਂਦਰ ਖੋਲ੍ਹੀਏ।

ਸੁਮੀਤ! ਦੋ ਘੰਟੇ ਦੀ ਰੈਸਟ ਖਤਮ ਹੋ ਚੁੱਕੀ ਹੈ। ਸਾਰੇ ਸਾਥੀ ਆ ਪਹੁੰਚੇ ਹਨ। ਬੰਬ ਲੋਡਿੰਗ ਤੇ ਜਹਾਜ਼ ਦੀ ਹੋਰ ਚੈਕਿੰਗ ਕਰਕੇ ਜਹਾਜ਼ ਤਿਆਰ ਕਰ ਦਿੱਤਾ ਗਿਆ ਹੈ। ਪਾਇਲਟ ਲੈ ਕੇ ਉਡ ਗਿਆ ਹੈ। ਗੂੰਜਾਂ ਪਾਉਂਦੇ, ਧਰਤ ਹਿਲਾਉਂਦੇ ਜਹਾਜ਼ਾਂ ਨੂੰ ਦੇਖਕੇ ਮੇਰਾ ਦਿਲ ਕੰਬ ਜਿਹਾ ਗਿਆ ਹੈ।

ਸੁਮੀਤ! ਜੰਗੀ ਕਲਾਬਾਜ਼ੀਆਂ ਖੇਡ ਰਹੇ ਜਹਾਜ਼ਾਂ ਦੇ ਪਰਛਾਵੇਂ ਮੈਨੂੰ ਗਿਰਝਾਂ ਦੇ ਪ੍ਰਛਾਵਿਆਂ ਦਾ ਭੁਲੇਖਾ ਪਾ ਰਹੇ ਹਨ ਤੇ ਮੇਰੀਆਂ ਅੱਖਾਂ ਸਾਹਵੇਂ ਤੇਰੀ ਬੋਟੀ ਬੋਟੀ ਹੋਈ ਜ਼ਿੰਦ ਘੁੰਮ ਗਈ ਹੈ। ਨਜ਼ਰਾਂ ਘੁਮਾਕੇ ਮੈਂ ਹੋਰ ਪਾਸੇ ਵੇਖਦਾ ਹਾਂ। ਪਰ ਸਾਰੇ ਪਾਸੇ ਮੈਨੂੰ ਲਾਸ਼ਾਂ ਹੀ ਲਾਸ਼ਾਂ ਦਿਖਾਈ ਦੇ ਰਹੀਆਂ ਹਨ। ਗਿਰਝਾਂ ਦੇ ਸੰਘਣੇ ਹੁੰਦੇ ਜਾ ਰਹੇ ਪਰਛਾਵਿਆਂ ਨਾਲ ਚਾਰ ਚੁਫੇਰੇ ਹਨ੍ਹੇਰਾ ਪਸਰ ਰਿਹਾ ਹੈ। ਇੰਟਰਕਾਮ ਤੇ ਕੋਈ ਮੈਸੇਜ ਆ ਰਿਹਾ ਹੈ। ਮੈਂ ਦੌੜਕੇ ਸੁਣਦਾ ਹਾਂ। 'ਉਪਰੋਂ' ਹੁਕਮ ਆਇਐ, ਸਾਨੂੰ ਹਨੇਰਾ ਢੋਣ ਲਈ ਕਿਹਾ ਗਿਆ ਹੈ।

○○●●○○●●○○

# ਦੇਸ ਤੋਂ ਚਿੱਠੀ

ਪਹਿਲਾ ਸਮਾਚਾਰ ਇਹ ਹੈ ਕਿ ਦੇਸ ਪੰਜਾਬ 'ਚ 'ਸੜਕਾਂ ਦਾ ਅਮਨ' ਹੈ ਪਰ ਲੋਕਾਂ ਦੇ ਦਿਲਾਂ ਅੰਦਰ ਜ਼ਖਮ ਹਨ। ਵਿਸ਼ਾਦ ਤੇ ਨਿਰਾਸ਼ਾ ਹੈ। ਪੁਲਿਸ ਜਿਸ ਨੂੰ ਚਾਹੇ ਚੁੱਕ ਲੈ ਜਾਂਦੀ ਹੈ। ਪੰਜਾਬ ਦੇ ਸ਼ਹਿਰਾਂ 'ਚ ਰਹਿ ਰਹੀ ਪੰਜਾਬ-ਦੋਖੀ ਪੰਜਾਬੀ ਵੱਸੋਂ ਰਤਾ ਵੱਧ ਖੁਸ਼ ਹੈ। ਜਲੰਧਰ ਦੀਆਂ ਅਖਬਾਰਾਂ ਪੁਲਿਸ ਮੁਖੀ ਕਰਮਪਾਲ ਸਿੰਘ ਗਿੱਲ ਦੇ ਨਾਂ ਦਾ ਡੰਕਾ ਵਜਾ ਰਹੀਆਂ ਹਨ। ਕਾਂਗਰਸੀ ਥਾਂ ਥਾਂ ਇਕ ਤੂਤਨੀ ਲੋਕਾਂ 'ਚ ਵੰਡਦੇ ਹਨ ਜਿਸ ਨੂੰ ਵਜਾਣ ਨਾਲ ਆਵਾਜ਼ ਨਿਕਲਦੀ ਹੈ: ਸ਼ੇਰੇ-ਪੰਜਾਬ ਬੇਅੰਤ ਸਿੰਘ। 'ਟ੍ਰਿਬਿਊਨ' ਦੇ ਮੁੱਖ ਸੰਪਾਦਕ ਵੀ ਐਨ. ਨਾਰਾਇਣ ਦਾ ਕਥਨ ਹੈ ਕਿ ਸਫਲਤਾ ਪੁਲਿਸ ਮੁਖੀ ਤੇ ਮੁੱਖ ਮੰਤਰੀ ਦੇ ਸਿਰ ਨੂੰ ਚੜ੍ਹ ਗਈ ਹੈ। ਕਾਨੂੰਨੀ ਢੰਗ ਨਾਲ ਪੁਲਿਸ ਨੂੰ ਉਹ ਅਧਿਕਾਰ ਦੇ ਰੱਖੇ ਹਨ ਜੋ ਵਰ੍ਹਿਆਂ ਤੋਂ ਗੈਰ-ਕਾਨੂੰਨੀ ਢੰਗ ਨਾਲ ਖਾੜਕੂਆਂ ਨੇ ਖਿੱਚ ਰੱਖੇ ਸਨ। ਪਿੰਡਾਂ ਵਿਚ ਪੁਲਿਸ ਵਿਰੁੱਧ 'ਠੀਕਰੀ ਪਹਿਰਾ' ਦਿੱਤੇ ਜਾਣ ਦੀਆਂ ਖਬਰਾਂ ਅਖਬਾਰਾਂ ਵਿਚ ਛੱਪ ਰਹੀਆਂ ਹਨ। ਇਹ ਸਥਿਤੀ ਦੀ ਇਕ ਪਰਤ ਹੈ।

> "ਧਿਆਨ ਨਾਲ ਦੇਖਿਆਂ ਪੰਜਾਬ ਦਾ ਅਸਲ ਮਸਲਾ ਖਾਲਿਸਤਾਨ ਨਹੀਂ। ਇਹ ਵੱਖਵਾਦ ਜਾਂ ਕੌਮਵਾਦ ਵੀ ਨਹੀਂ। ਅਸਲ ਮਸਲਾ ਪੰਜਾਬੀ ਬੰਦੇ ਦਾ ਨਿਘਾਰ ਹੈ।"

ਦੂਜੀ ਪਰਤ ਇਹ ਹੈ ਕਿ ਪਿੰਡਾਂ 'ਚ ਲੋਕਾਈ ਅਜੇ ਵੀ ਜੱਟਵਾਦੀ ਹਉਮੈ ਅਤੇ ਬਦਲੇ ਦੀ ਸਿਆਸਤ ਤੋਂ ਉੱਪਰ ਨਹੀਂ ਉਠ ਰਹੀ। ਪੰਜਾਬ ਵਿਚ ਹਜ਼ਾਰਾਂ ਲੋਕ ਰਾਤ ਬਰਾਤੇ ਦੇ ਯੁੱਧ ਦਾ ਸ਼ਿਕਾਰ ਹੋਏ। ਪੰਜਾਬੀ ਪੇਂਡੂ ਬੰਦਾ ਅੱਜ ਹਾਸ਼ੀਆਬਧ ਹੋਈ ਬੈਠਾ ਹੈ। ਗਿਆਨ ਤੇ ਸੋਝੀ ਦੇ ਵਸੀਲੇ ਹੈ ਨਹੀਂ। ਮੁੰਡੇ ਨਕਲ ਮਾਰ ਕੇ ਇਮਤਿਹਾਨਾਂ 'ਚ ਪਾਸ ਹੁੰਦੇ ਹਨ। ਬੰਦੂਕ ਤੇ ਬੜ੍ਹਕ ਦੇ ਸਹਾਰੇ ਅੱਜ ਦੇ ਯੁਗ 'ਚ ਕੀ ਕੀਤਾ ਜਾ ਸਕਦੈ? ਖਾੜਕੂ ਤੇ ਪੁਲਿਸ ਇਕੋ ਹੀ ਸਮਾਜਕ ਪਿਛੋਕੜ 'ਚੋਂ ਹਨ। ਘਰ 'ਚ ਜੇ ਇਕ ਮੁੰਡਾ ਪੁਲਿਸ 'ਚ ਭਰਤੀ ਹੋ ਗਿਆ ਤਾਂ ਦੂਜੇ ਦਾ ਜੇ ਬਸ-ਕੰਡਕਟਰੀ ਜਾਂ ਡਰਾਈਵਰੀ ਕਰਨ 'ਤੇ ਦਿਲ ਨਹੀਂ, ਜੇ ਵਲਾਇਤ, ਕੈਨੇਡਾ, ਅਮਰੀਕਾ ਜਾਣ ਦਾ ਵਸੀਲਾ ਨਹੀਂ ਤਾਂ ਉਹ ਟੇਢੇ ਪਾਸੇ ਪੈ ਗਿਆ। ਖਾੜਕੂ ਬਣ ਗਿਆ।

> "ਦਿਸ਼ਾਹੀਣ ਸੂਰਮਗਤੀ ਨੇ ਪੰਜਾਬ ਨੂੰ ਘਲੂਘਾਰਿਆਂ ਦਾ ਅਖਾੜਾ ਬਣਾ ਦਿੱਤਾ ਹੈ।"

ਪ੍ਰਸਿੱਧ ਵਿਦਵਾਨ ਪ੍ਰੋਫੈਸਰ ਕਿਸ਼ਨ ਸਿੰਘ ਦਾ ਵਿਚਾਰ ਹੈ, "ਪੰਜਾਬ ਦਾ ਅਸਲ ਸਵਾਲ ਤਾਂ ਟੁੱਕ ਦਾ ਹੈ, ਰੋਟੀ ਦਾ, ਜ਼ਮੀਨ ਵੱਧਣੀ ਨਹੀਂ, ਉਨੀ ਹੀ ਰਹਿਣੀ ਹੈ। ਆਰਥਿਕਤਾ ਲਈ ਜ਼ਰੂਰੀ ਹੈ ਪਾਣੀ, ਬਿਜਲੀ ਤੇ ਉਦਯੋਗ। ਪਾਣੀ ਨਾ ਮਿਲਿਆ ਤਾਂ ਪੰਜਾਬ ਰੇਗਿਸਤਾਨ ਬਣ ਜਾਵੇਗਾ। ਇਸੇ ਤਰ੍ਹਾਂ ਪੰਜਾਬ ਵਿਚ ਵੱਡੇ ਪੈਮਾਨੇ 'ਤੇ ਇੰਡਸਟਰੀ ਦੀ ਲੋੜ ਹੈ। ਕੇਂਦਰ ਪੰਜਾਬ ਦੀ ਇਕਾਨਮੀ ਨੂੰ ਆਪਣੇ ਹੱਥਾਂ ਵਿਚ ਰੱਖ ਕੇ ਆਪਣੀ ਅਜਾਰੇਦਾਰੀ ਕਾਇਮ ਰੱਖਣਾ ਚਾਹੁੰਦਾ ਹੈ। ਅਕਾਲੀ ਨੇਤਾ ਇਕਾਨਮੀ ਦੇ ਮਸਲੇ ਨੂੰ ਧਾਰਮਿਕ ਰੰਗਣ 'ਚ ਪੇਸ਼ ਕਰ ਰਹੇ ਹਨ। ਉਹ ਪੰਜਾਬ ਦੇ ਮਸਲੇ ਨੂੰ ਉਸ ਢੰਗ ਨਾਲ ਪੇਸ਼ ਨਹੀਂ ਕਰ ਸਕੇ ਜਿਵੇਂ ਇਹ ਹੋਣੇ ਚਾਹੀਦੇ ਹਨ।" ਅੱਜ ਤੋਂ ਕੋਈ ਦੱਸ ਸਾਲ ਪਹਿਲਾਂ ਹਿੰਦੀ ਦੀ ਪ੍ਰਸਿੱਧ ਲੇਖਿਕਾ ਕ੍ਰਿਸ਼ਣਾ ਸੋਬਤੀ ਨੇ ਲਿਖਿਆ ਸੀ, "ਪੰਜਾਬ ਅਤੇ ਸਿੱਖਾਂ ਦੀਆਂ ਸਿਆਸੀ ਉਮੰਗਾਂ ਨੂੰ ਦਬਾਇਆ ਨਹੀਂ ਜਾ ਸਕਦਾ। ਪੰਜਾਬ ਬਾਰੇ ਫੈਸਲਾ ਨਾ ਕਰਨਾ ਬੜੀ ਭਾਰੀ ਗਲਤੀ ਹੈ ਤੇ ਸਿਆਸੀ ਹਿਮਾਕਤ ਵੀ।" ਉਦੋਂ ਹੀ ਨਿਰਮਲ ਵਰਮਾ ਨੇ ਕਿਹਾ, " ਅਪਣੀ ਪਛਾਣ ਦੀ ਖਾਤਰ ਜੱਦੋਜਹਿਦ ਸਹੀ ਗੱਲ ਹੈ ਪਰ ਇਸ ਨੂੰ ਸਮੁੱਚੇ ਇਤਿਹਾਸਕ ਪ੍ਰਸਪੇਕਟਿਵ ਤੋਂ ਤੋੜ ਕੇ ਦੇਖਣ ਨਾਲ ਉਹ ਤਵਾਜ਼ਨ ਵਿਗੜ ਜਾਵੇਗਾ ਜਿਸ ਰਾਹੀਂ ਇਕ ਸਾਂਝੀ ਪੱਛਾਣ ਵੀ ਕਾਇਮ ਰਖ ਸਕਦੇ ਹਾਂ। ਇਵੇਂ ਜਿਹੜੇ ਸਿਰਫ ਸਾਂਝੀ ਪੱਛਾਣ 'ਤੇ ਜ਼ੋਰ ਦੇਂਦੇ ਹਨ ਤੇ ਪੰਜਾਬ ਦੇ ਲੋਕਾਂ ਦੀ ਆਪਣੀ ਪਛਾਣ ਤੇ ਉਨ੍ਹਾਂ ਦੀਆਂ ਇਤਿਹਾਸਕ ਸਿਮ੍ਰਿਤੀਆਂ ਦੀ ਕਦਰ ਨਹੀਂ ਕਰਦੇ ਉਹ ਵੀ ਉਸੇ ਤਰ੍ਹਾਂ ਦਾ ਵਿਗਾੜ ਪੈਦਾ ਕਰ ਰਹੇ ਹਨ ਜਿਸ ਤਰ੍ਹਾਂ ਦਾ ਨਿਰੋਲ ਵੱਖਵਾਦੀ ਉਮੰਗਾਂ ਰੱਖਣ ਵਾਲੇ।"

ਇਨ੍ਹਾਂ ਕਥਨਾਂ ਦੇ ਦਸ ਸਾਲਾਂ ਬਾਦ ਅੱਜ ਵੀ ਪਰਨਾਲਾ ਪਹਿਲੀ ਥਾਂ ਹੀ ਹੈ। ਪ੍ਰਤੀਤ ਹੋ ਰਿਹੇ ਕਿ ਪੰਜਾਬ ਇਕ ਗਹਿਰੀ ਸਾਜਿਸ਼ ਦਾ ਸ਼ਿਕਾਰ ਹੈ। ਇਸ ਸਾਜਿਸ਼ ਵਿਚ ਸ਼ਾਮਲ ਪੰਜਾਬੀ ਬੰਦਾ ਆਪ ਹੈ। ਪੰਜਾਬੀ ਭਾਸ਼ਾ ਦਾ ਵਿਰੋਧ ਕਰਨ ਵਾਲੇ ਅਜੇ ਵੀ ਆਪਣਾ ਕੰਮ ਕਰੀ ਜਾ ਰਹੇ ਹਨ। ਹਰਿਆਣਾ ਪਹਿਲਾਂ ਪੰਜਾਬ ਵਿਚ ਸੀ ਤੇ ਉਥੇ ਪੰਜਾਬੀ ਬੋਲਦੇ ਲੋਕ ਤੀਹ ਪੈਂਤੀ ਪ੍ਰਤਿਸ਼ਤ ਤੋਂ ਵੱਧ ਹਨ। ਕੀ ਦਸ ਸਕਦੇ ਹੋ ਕਿ ਉਥੇ ਦੂਸਰੀ ਸਰਕਾਰੀ ਭਾਸ਼ਾ ਕਿਹੜੀ ਹੈ? ਇਹ ਭਾਸ਼ਾ ਤੇਲੁਗੂ ਹੈ ਜੋ ਦੱਖਣ ਭਾਰਤ ਦੇ ਆਂਧਰਾ ਪ੍ਰਦੇਸ਼ 'ਚ ਬੋਲੀ ਜਾਂਦੀ ਹੈ। ਪੰਜਾਬੀ ਨੂੰ ਪੰਜਾਬ ਵਿਚ ਵੀ ਪੂਰੀ ਤਰ੍ਹਾਂ ਲਾਗੂ ਕਰਨ ਲਈ ਲੇਖਕਾਂ ਵਲੋਂ ਜੱਦੋਜਹਿਦ ਜਾਰੀ ਹੈ। ਪਿੱਛੇ ਜਿਹੇ ਚੰਡੀਗੜ੍ਹ ਵਿਚ ਇਸ ਮੁੱਦੇ ਲਈ ਕੁਝ ਪੰਜਾਬੀ ਲੇਖਕਾਂ ਨੇ ਗ੍ਰਿਫਤਾਰੀਆਂ ਦਿੱਤੀਆਂ। ਚੰਡੀਗੜ੍ਹ ਦੀ ਹਿੰਦੂ ਵਸੋਂ ਪੰਜਾਬੀ ਹੋ ਕੇ ਟਿਲ ਦਾ ਜ਼ੋਰ ਲਗਾ ਰਹੀ ਹੈ ਕਿ ਚੰਡੀਗੜ੍ਹ ਪੰਜਾਬ ਵਿਚ ਨਹੀਂ ਜਾਣਾ ਚਾਹੀਦਾ, ਜ਼ਿਆਦਾ ਇਸ ਕਰਕੇ ਕਿ ਉਨ੍ਹਾਂ ਦੇ ਬੱਚਿਆਂ ਨੂੰ ਪੰਜਾਬੀ ਪੜ੍ਹਨੀ ਪਵੇਗੀ। ਭਾਸ਼ਾ ਦੀ ਸਿਆਸਤ ਤਾਕਤ ਦਾ ਬਹੁਤ ਤਿੱਖਾ ਹਥਿਆਰ ਹੁੰਦਾ ਹੈ। ਭਾਸ਼ਾ ਰਾਹੀਂ ਲੋਕਾਂ ਦੇ ਰਹਿਣ ਸਹਿਣ ਤੇ ਸਭਿਆਚਾਰ 'ਤੇ ਹੈਜਮਨੀ ਕਾਇਮ ਕੀਤੀ ਜਾ ਸਕਦੀ ਹੈ। ਭਾਸ਼ਾ ਨੂੰ ਨਕਾਰ ਕੇ ਉਸ ਨਾਲ ਜੁੜੇ ਲੋਕਾਂ ਨੂੰ ਨਕਾਰਿਆ ਜਾ ਸਕਦਾ ਹੈ, ਉਨ੍ਹਾਂ ਨੂੰ ਜ਼ਲੀਲ ਕੀਤਾ ਜਾ ਸਕਦਾ ਹੈ।

ਚੰਡੀਗੜ੍ਹ ਉਤੇ ਅਸਲ ਕਬਜ਼ਾ ਤੇ ਗਲਬਾ ਕੁਲੀਨਾਂ ਤੇ ਉਨ੍ਹਾਂ ਦੇ ਸਾਂਝੀਦਾਰ ਮੱਧਲਿਆਂ (ਮਿਡਲ ਕਲਾਸ) ਦਾ ਹੈ। ਇਹ ਜਮਾਤ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨਾਲ ਜੁੜੇ ਬੰਦੇ ਨੂੰ ਜ਼ਲੀਲ ਕਰਨਾ ਚਾਹੁੰਦੀ ਹੈ। ਇਹ ਲੋਕ ਚਾਹੁੰਦੇ ਹਨ ਕਿ ਇਸ ਬੰਦੇ ਦੀ ਮਾਨਸਿਕਤਾ ਨੂੰ ਹਲਕ ਹੋਇਆ ਰਵ੍ਹੇ। ਇਹ ਬੰਦਾ ਸ਼ਹਿਰ ਅੰਦਰ ਦਾਖਲ ਹੁੰਦਿਆਂ ਹੀ ਆਪਣੇ ਆਪ ਨੂੰ ਹੀਣਾ ਮਹਿਸੂਸ ਕਰੇ। ਹੀਣਾ ਮਹਿਸੂਸ ਕਰੇ ਤੇ ਗੁੱਸੇ ਨਫਰਤ 'ਚ ਆ ਕੇ ਬੰਦੂਕ ਚੁੱਕ ਲਵੇ। ਤਦ ਫਿਰ ਕੋਈ ਕੇ. ਪੀ. ਐਸ. ਗਿੱਲ ਉਸ ਨੂੰ ਪਸਤ ਕਰ ਦੇਵੇ। ਅਫਸਰਸ਼ਾਹੀ ਤੇ ਸੱਜਰੇ ਅਮੀਰ ਤੇ ਕੁਲੀਨਾਂ ਨੇ ਚੰਡੀਗੜ੍ਹ ਦਾ ਹੁਲੀਆ ਪੰਜਾਬ ਅਤੇ ਪੰਜਾਬੀ ਵਿਰੋਧੀ ਕਰ ਦਿੱਤਾ ਹੈ। ਇਹ ਲੋਕ ਕੇਂਦਰੀ ਸਿਆਸਤ ਦੇ ਮੁਹਰੇ ਬਣੇ ਬੈਠੇ ਹਨ। ਕੇਂਦਰੀ ਸਿਆਸਤ ਇਨ੍ਹਾਂ ਨੂੰ ਨਾਰਾਜ਼ ਨਹੀਂ ਕਰ ਸਕਦੀ। ਇਹ ਲੋਕ ਪੰਜਾਬ ਯੂਨੀਵਰਸਟੀ, ਪੀ. ਜੀ. ਆਈ. ਹਸਪਤਾਲ, ਇੰਜੀਨੀਅਰਿੰਗ

ਕਾਲਜ, ਟੈਕਨੀਕਲ ਟੀਚਰਜ਼ ਟਰੇਨਿੰਗ ਇੰਸਟੀਚਿਊਟ, ਅਨੇਕਾਂ ਹੋਰ ਕਾਲਜ ਤੇ ਸੰਸਥਾਵਾਂ ਉਤੇ ਕਿਸੇ ਨਾ ਕਿਸੇ ਰੂਪ ਵਿਚ ਕਾਬਜ਼ ਹਨ। ਭਾਵੇਂ ਚੰਡੀਗੜ੍ਹ ਦੇ ਪੰਜਾਬ ਵਿਚ ਜਾਣ ਨਾਲ ਇਹ ਸੰਸਥਾਵਾਂ ਇਥੇ ਹੀ ਰਹਿਣਗੀਆਂ ਪਰ ਪੰਜਾਬ ਨੂੰ ਇਹ ਹੱਕ ਲੈਣ ਨਹੀਂ ਦੇਣਾ ਕਿਉਂਕਿ ਇਸ ਤਰ੍ਹਾਂ ਇਨ੍ਹਾਂ ਸੰਸਥਾਵਾਂ ਵਿਚ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀ ਗੱਲ ਚਲੇਗੀ। ਇਨ੍ਹਾਂ ਦਾ ਢਾਂਚਾ ਪੰਜਾਬ-ਪੱਖੀ ਹੋ ਜਾਵੇਗਾ। ਤੱਦ ਪਿੰਡਾਂ ਤੋਂ ਬਹੁਤੇ ਲੋਕ ਇਨ੍ਹਾਂ ਵਿਚ ਦਾਖਲਾ ਲੈ ਸਕਣਗੇ। ਤਦ ਹੈਜਮਨੀ (ਗਲਬਾ) ਕੁਲੀਨਾਂ ਕੋਲੋਂ ਖੁਸ ਜਾਵੇਗੀ। ਆਮ ਪੰਜਾਬੀ ਬੰਦਾ ਤਕੜਾ ਤੇ ਸੂਝਵਾਨ ਹੋ ਜਾਵੇਗਾ। ਤਦ ਉਹ ਬੰਦੂਕ ਦੀ ਗੱਲ ਨਹੀਂ ਕਰੇਗਾ। ਗਿਆਨ, ਵਿਗਿਆਨ ਅਤੇ ਭਵਿੱਖ ਦੀ ਗੱਲ ਕਰੇਗਾ। ਪਰ ਅਜਿਹਾ ਹੋਣ ਨਹੀਂ ਦੇਣਾ। ਅਜਿਹਾ ਹੋਣ ਨਾਲ ਚੰਡੀਗੜ੍ਹ ਖਾਲਿਸਤਾਨ ਵਿਚ ਚਲਾ ਜਾਵੇਗਾ। ਇਸਦਾ ਪੰਜਾਬ 'ਚ ਜਾਣਾ ਖਾਲਿਸਤਾਨ 'ਚ ਜਾਣਾ ਹੀ ਹੈ। ਇਹ ਸਾਰੀ ਸੋਚ ਫਿਰਕੂ ਜ਼ਹਿਨੀਅਤ ਦੀ ਹੈ। ਦੇਸ਼ ਵਿਚ ਜੇ ਫਿਰਕੂ ਜ਼ਹਿਨੀਅਤ ਅੰਗ੍ਰੇਜ਼ੀ ਬੋਲਣ ਲਗ ਪਵੇ ਤਾਂ ਇਹੀ ਮਹਿਸੂਸ ਹੁੰਦਾ ਹੈ ਕਿ ਇਹ ਫਿਰਕੂ ਨਹੀਂ ਰਹੀ, ਸੈਕੂਲਰ ਤੇ ਮਾਡਰਨ ਹੈ।

ਧਿਆਨ ਨਾਲ ਦੇਖਿਆਂ ਪੰਜਾਬ ਦਾ ਅਸਲ ਮਸਲਾ ਖਾਲਿਸਤਾਨ ਨਹੀਂ। ਇਹ ਵੱਖਵਾਦ ਜਾਂ ਕੌਮਵਾਦ ਵੀ ਨਹੀਂ। ਅਸਲ ਮਸਲਾ ਪੰਜਾਬੀ ਬੰਦੇ ਦਾ ਨਿਘਾਰ ਹੈ। ਇਸ ਬੰਦੇ ਦੇ ਇਕ ਨਹੀਂ ਅਨੇਕਾਂ ਰੂਪ ਹਨ। ਦਿਸ਼ਾਹੀਣ ਸੂਰਮਗਤੀ ਨੇ ਪੰਜਾਬ ਨੂੰ ਘਲੂਘਾਰਿਆਂ ਦਾ ਅਖਾੜਾ ਬਣਾ ਦਿੱਤਾ ਹੈ। ਆਪਣੀ ਭਾਸ਼ਾ ਤੇ ਸ਼ਬਦਾਂ ਦੀ ਕਾਇਨਾਤ ਤੋਂ ਦੂਰੀ ਨੇ ਉਸ ਨੂੰ ਸਭਿਆਚਾਰਕ ਯਤੀਮ ਪ੍ਰਗਟ ਕੀਤਾ ਹੈ। ਇਹੀ ਬੰਦਾ ਹਉਮੈ ਦਾ ਸ਼ਿਕਾਰ ਹੈ। ਇਕਮੁੱਠ ਹੋ ਕੇ ਆਪਣੀ ਕੌਮੀਅਤ ਅਤੇ ਆਪਣੇ ਸੁਪਨਿਆਂ ਦੀ ਖਾਤਰ ਲੜਨ ਲਈ ਤਿਆਰ ਨਹੀਂ। ਇਸ ਨੇ ਆਪਣੇ ਦਰਵੇਸ਼ੀ ਕਵੀ ਭੁਲਾ ਦਿੱਤੇ ਹਨ। (ਅਕਾਲੀ ਨੇਤਾ ਬਲਵੰਤ ਸਿੰਘ, ਜੋ ਬਾਦ ਵਿਚ ਖਾੜਕੂਆਂ ਵੱਲੋਂ ਖਤਮ ਕਰ ਦਿੱਤਾ ਗਿਆ, ਪਾਸ਼ ਦੇ ਕਤਲ ਹੋਣ 'ਤੇ ਇਕ ਦੂਜੇ ਅਕਾਲੀ ਨੇਤਾ ਨੂੰ ਪੁੱਛਣ ਲੱਗਾ, 'ਇਹ ਪਾਸ਼ ਕੌਣ ਸੀ?' ਜਦ ਕਿ ਇਹ ਨੇਤਾ ਆਪ ਪਾਸ਼ ਦੇ ਇਲਾਕੇ ਕਪੂਰਥਲੇ ਤੋਂ ਸੀ।) ਇਹ ਬੰਦਾ ਰਾਜ-ਸੱਤਾ ਵਿਰੁੱਧ ਬਗਾਵਤ ਕਰਦਾ ਹੈ ਤੇ ਅੱਖ ਦੇ ਫੋਰ ਵਿਚ ਉਸੇ ਰਾਜਸੱਤਾ ਨਾਲ ਮਿਲ ਵੀ ਜਾਂਦਾ ਹੈ। ਪੰਜਾਬ ਵਿਚ ਕੋਈ ਅਕਾਲੀ ਨੇਤਾ ਐਸਾ ਨਹੀਂ ਜੋ ਕੇਂਦਰੀ ਸਰਕਾਰ ਦੇ ਵਿਰੁੱਧ ਨਾ ਬੋਲਦਾ ਹੋਵੇ ਅਤੇ ਕੋਈ ਅਜਿਹਾ ਨਹੀਂ ਜਿਸ ਉਤੇ ਸਰਕਾਰ ਨਾਲ ਖੁਫੀਆ ਤੌਰ 'ਤੇ ਮਿਲੇ ਹੋਣ ਦਾ ਝੂਠਾ ਜਾਂ ਸੱਚਾ ਦੋਸ਼ ਨਾ ਲੱਗਾ ਹੋਵੇ। ਅਜਿਹੀ ਸਥਿਤੀ ਵਿਚ ਦਹਿਸ਼ਤਗਰਦੀ ਕੇਂਦਰੀ ਸਿਆਸਤ ਨੂੰ ਸਭ ਤੋਂ ਵੱਧ ਰਾਸ ਆਉਂਦੀ ਰਹੀ ਹੈ। ਦੇਸ਼ ਤੇ ਵਿਦੇਸ਼, ਖਾਲਿਸਤਾਨ ਦੇ ਹੱਕ ਵਿਚ ਬੋਲਣਾ ਇੰਡਸਟਰੀ ਬਣ ਗਿਆ ਹੈ ਅਤੇ ਇਸ ਦਾ ਵਿਰੋਧ ਕਰਨਾ ਵੀ ਵੱਡਾ ਧੰਦਾ ਬਣਿਆ ਰਿਹਾ ਹੈ। ਦਾਨਸ਼ਵਰ ਇਥੇ ਕਹਿੰਦੇ ਰਹੇ ਕਿ ਖਾੜਕੂ ਲਹਿਰ ਨੂੰ ਨਾ ਕੇ.ਪੀ.ਐਸ. ਗਿੱਲ ਅਤੇ ਨਾ ਹੀ ਬੇਅੰਤ ਸਿੰਘ ਨੇ ਢਾਅ ਲਾਈ ਹੈ। ਇਹ ਲਹਿਰ ਆਪਣੇ ਹੰਕਾਰ, ਦਿਸ਼ਾਹੀਣਤਾ, ਹਿੰਸਾ ਦੀ ਸ਼ਿਕਾਰ ਖੁਦ ਹੋਈ ਹੈ। ਇਸ ਲਹਿਰ ਨੇ ਖੁਦਕੁਸ਼ੀ ਕੀਤੀ ਹੈ।

> " (ਪੰਜਾਬੀ) ਬੰਦਾ ਰਾਜ-ਸੱਤਾ ਵਿਰੁੱਧ ਬਗਾਵਤ ਕਰਦਾ ਹੈ ਤੇ ਅੱਖ ਦੇ ਫੋਰ ਵਿਚ ਉਸੇ ਰਾਜਸੱਤਾ ਨਾਲ ਮਿਲ ਵੀ ਜਾਂਦਾ ਹੈ। "

ਅਜਿਹਾ ਸਭ ਕੁੱਝ ਤਦ ਹੁੰਦਾ ਹੈ ਜਦੋਂ ਮਨੁੱਖ ਆਪਣੀ ਸਮਰਥਾ ਨੂੰ ਦੇਖ ਨਾ ਸਕੇ, ਜਦੋਂ ਵਿਵੇਕ ਤੇ ਸੰਵਾਦ ਦੀ ਸੰਭਾਵਨਾ ਖਤਮ ਹੋ ਜਾਵੇ ਤੇ ਜਦੋਂ ਉਹ ਆਪਣੀ ਪੜਚੋਲ ਆਪ ਨਾ ਕਰ ਸਕੇ। ਪੰਜਾਬ ਵਿਚ ਸਦੀਵੀ ਅਮਨ ਤੇ ਨਵੇਂ ਪੰਜਾਬੀ ਬੰਦੇ ਦੀ ਸੰਭਾਵਨਾ ਦਾ ਕਲਪ ਬੇਸ਼ਕ ਕੀਤਾ ਜਾ ਸਕਦਾ ਹੈ ਪਰ ਸਥਿਤੀ ਦਾ ਅਸਲ (ਗ੍ਰਾਉਂਡ-ਰਿਐਲਿਟੀ) ਅਜੇ ਇਸ ਕਲਪ ਦੇ ਉਲਟ ਹੈ।

***********

ਸਾਹਿਤਕ ਖੇਤਰ ਵਿਚ ਇਸ ਦੌਰਾਨ ਦੋ ਉਦਾਸ ਕਰਨ ਵਾਲੀਆਂ ਘਟਨਾਵਾਂ ਵਾਪਰੀਆਂ ਹਨ। ਕਵੀ ਤਾਰਾ ਸਿੰਘ ਤੇ ਕਹਾਣੀਕਾਰ ਸੁਜਾਨ ਸਿੰਘ ਚਲਾਣਾ ਕਰ ਗਏ ਹਨ। ਦੋਵੇਂ ਲੇਖਕ ਨਿਚਲੀ ਜਮਾਤ ਤੋਂ ਹੋਣ ਕਰਕੇ ਆਮ ਮਨੁੱਖ ਦੀ ਸੂਰਮਗਤੀ ਦਾ ਪ੍ਰਤੀਕ ਸਨ। ਦੋਨਾਂ ਦੀ ਦੇਣ ਅਦੁੱਤੀ ਹੈ। ਤਾਰਾ ਸਿੰਘ ਦੀ ਆਯੂ ਵੀ ਕੋਈ ਜ਼ਿਆਦਾ ਨਹੀਂ ਸੀ। ਮਾਇਕ ਤੰਗੀ ਬਚਪਨ ਤੋਂ ਹੀ ਦੋਨਾਂ ਦੇ ਅੰਗ ਸੰਗ ਰਹੀ। ਸੁਜਾਨ ਸਿੰਘ ਦਾ ਰੁਤਬਾ ਪੰਜਾਬੀ ਕਹਾਣੀ ਦੇ ਮੋਢੀਆਂ ਦਾ ਹੈ। ਤਾਰਾ ਸਿੰਘ ਇਕ ਬਹੁਤ ਹੀ ਜ਼ਹੀਨ ਤੇ ਬੁਲੰਦ ਸ਼ਾਇਰ ਸੀ ਉਹ ਚਾਲ੍ਹੀ ਸਾਲਾਂ ਤੋਂ ਦਿੱਲੀ 'ਚ ਰਹਿ ਰਿਹਾ ਸੀ। ਸ਼ੁਰੂ ਵਿਚ ਉਹ ਦਿਨ ਭਰ ਤੱਖਾਣਾਂ ਕੰਮ ਕਰਦਾ ਤੇ ਸ਼ਾਮ ਨੂੰ ਆਪਣੀ ਅਤਿ ਸੂਖਮ ਤੇ ਗਹਿਰੀ ਸੋਚ ਵਾਲੀ ਕਵਿਤਾ ਰਾਹੀਂ ਦੋਸਤਾਂ ਨੂੰ ਹੈਰਾਨ ਕਰ ਦੇਂਦਾ। ਤਾਰਾ ਸਿੰਘ ਦਾ ਚਿਹਰਾ ਅਖਰੋਟ ਵਾਂਗ ਮਜ਼ਬੂਤ ਤੇ ਹਿਰਦਾ ਕਵੀਆਂ ਵਾਂਗ ਸ਼ਾਂਤ ਸੀ। ਉਹ ਆਪਣੀ 'ਵਿੱਟ' ਦਾ ਸੌਦਾਗਰ ਸੀ, ਉਸ ਪਾਸ ਬੇਸ਼ੁਮਾਰ ਲਤੀਫ਼ੇ ਹੁੰਦੇ। ਪਿਛਲੇ ਵਰ੍ਹੇ ਟਰਾਂਟੋ ਤੋਂ ਇਕਬਾਲ ਮਾਹਲ ਦਿੱਲੀ ਆਇਆ। ਉਸ ਨੇ ਦਿੱਲੀ ਦੇ ਲੋਧੀ ਗਾਰਡਨ ਵਿਚ ਤਾਰਾ ਸਿੰਘ ਨਾਲ ਭੇਟ ਵਾਰਤਾ ਰਿਕਾਰਡ ਕੀਤੀ, ਜੋ ਕਵੀ ਦੀ ਆਖਰੀ ਰਿਕਾਰਡਿੰਗ ਹੈ।

ਤਾਰਾ ਸਿੰਘ ਕੋਲ ਸੱਚ ਦਾ ਜ਼ਹਿਰ ਸੀ ਤੇ ਉਹ ਇਸ ਬਾਰੇ ਚੇਤੰਨ ਵੀ ਸੀ। ਇਸ ਸਬੰਧੀ ਕਵੀ ਦੀ ਕਵਿਤਾ 'ਚੋਂ ਕੁਝ ਸਤਰਾਂ ਦੇ ਕੇ ਮੈਂ ਚਿੱਠੀ ਖਤਮ ਕਰਦਾ ਹਾਂ:

ਤੁਸੀਂ ਪੁੱਛਦੇ ਹੋ ਮੈਨੂੰ-  
ਜੀਭ ਤੇਰੀ ਮਹਿਫ਼ਲਾਂ ਵਿਚ  
ਸੱਚ ਦਾ ਕਿਉਂ ਜ਼ਹਿਰ ਵੰਡਦੀ ਹੈ?  
ਕਿਉਂ ਆਪਣੇ, ਪਰਾਏ-  
ਸੱਭ ਨੂੰ ਸੱਚ ਦੀ ਤਪਸ਼ ਦੇ ਕੇ ਝੁਲਸਦਾ ਫਿਰਦੈਂ  
ਇਵਜ਼ ਵਿਚ ਤੂੰ ਕਿਉਂ ਵਿਹਾਜੇਂ ਤੜਫਦੇ ਰੋਂਦੇ ਸ਼ਬਦ?  
ਕਿਉਂ ਨਹੀਂ, ਦੱਸ-  
ਸਾਂਭ ਕੇ ਰੱਖਦਾ ਤੂੰ ਨੰਗੇ ਸੱਚ ਦੀ ਝਿਲਮਿਲ ਕਟਾਰਾਂ  
ਤੇਰੇ ਧੀਰਜ ਨੂੰ ਕੀ ਹੋਇਆ?

ਮੈਂ ਕਹਿੰਦਾ ਹਾਂ-  
ਬੜੀ ਕਾਹਲੀ ਹੈ ਮੈਨੂੰ  
ਮੈਂ ਮਰ ਜਾਣਾ ਜੁ ਹੋਇਆ। ❑

**ਗੁਰਬਚਨ**, ਚੰਡੀਗੜ੍ਹ

## ਪਰਦਾ ਜੋ ਉੱਠ ਗਿਆ

ਸੁਖਵੰਤ ਹੁੰਦਲ

# ਅਬਾਦੀ ਤੇ ਪੌਣਪਾਣੀ

ਅੱਜ ਦੁਨੀਆਂ ਦੇ ਪੌਣਪਾਣੀ ਬਾਰੇ ਸੰਸਾਰ ਪੱਧਰ ਤੇ ਵਿਚਾਰ ਚਰਚਾ ਚੱਲ ਰਹੀ ਹੈ। ਵੱਖ ਵੱਖ ਮਾਹਿਰਾਂ ਤੇ ਸਿਆਣਿਆਂ ਵਲੋਂ ਖਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਕਿ ਜੇ ਪੌਣਪਾਣੀ ਨੂੰ ਨੁਕਸਾਨ ਪਹੁੰਚਾਣ ਦੀ ਦਰ ਇਹ ਹੀ ਰਹੀ ਤਾਂ ਬਹੁਤ ਛੇਤੀਂ ਹੀ ਧਰਤੀ ਤੇ ਵੱਸ ਰਹੇ ਜੀਵਨ ਨੂੰ ਗੰਭੀਰ ਮੁੱਸ਼ਕਿਲਾਂ ਦਾ ਸਾਹਮਣਾ ਕਰਨਾ ਪਏਗਾ। ਹੋ ਸਕਦਾ ਹੈ ਧਰਤੀ ਤੇ ਵੱਸ ਰਹੇ ਜੀਵਨ ਦਾ ਕਾਇਮ ਰਹਿਣਾਂ ਹੀ ਅਸੰਭਵ ਹੋ ਜਾਵੇ।

ਅਜਿਹੇ ਗੰਭੀਰ ਸਿੱਟਿਆਂ ਨੂੰ ਦੇਖਦਿਆਂ ਹੋਇਆਂ ਮਾਹਿਰਾਂ, ਸਿਆਣਿਆਂ ਤੇ ਵਿਗਿਆਨੀਆਂ ਵੱਲੋਂ ਸੰਸਾਰ ਦੇ ਪੌਣਪਾਣੀ ਨੂੰ ਨੁਕਸਾਨ ਪੁੱਜਣ ਦੇ ਵੱਖ ਵੱਖ ਕਾਰਨ ਸੁਝਾਏ ਜਾ ਰਹੇ ਹਨ। ਇਹਨਾਂ ਕਾਰਨਾਂ ਵਿਚੋਂ ਇਕ ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਅੱਜ ਸੰਸਾਰ ਦੇ ਪੌਣਪਾਣੀ ਨੂੰ ਨੁਕਸਾਨ ਪਹੁੰਚਾਣ ਦਾ ਸੱਭ ਤੋਂ ਪ੍ਰਮੁੱਖ ਕਾਰਨ ਸੰਸਾਰ ਦੀ ਵੱਧ ਰਹੀ ਅਬਾਦੀ ਹੈ। ਅਬਾਦੀ ਕਾਰਨ ਪੌਣਪਾਣੀ ਨੂੰ ਨੁਕਸਾਨ ਪਹੁੰਚਣ ਦਾ ਇਹ ਮੱਤ ਸੰਸਾਰ ਪੱਧਰ ਤੇ ਕਾਫੀ ਪ੍ਰਚਲਤ ਹੈ ਅਤੇ ਇਸਨੂੰ ਗਲੋਬ ਦੇ ਉੱਤਰ 'ਚ ਸਥਿਤ ਦੇਸ਼ਾਂ (ਅਮੀਰ ਦੇਸ਼ਾਂ) ਦਾ ਸਮਰਥਨ ਹਾਸਲ ਹੈ।

ਸਰਸਰੀ ਨਜ਼ਰੇ ਦੇਖਿਆਂ ਤਾਂ ਇਹ ਗੱਲ ਠੀਕ ਲੱਗਦੀ ਹੈ। ਕਿਉਂਕਿ ਜੇ ਧਰਤੀ ਤੇ ਜ਼ਿਆਦਾ ਲੋਕ ਹੋਣਗੇ ਤਾਂ ਉਹ ਜ਼ਿੰਦਾ ਰਹਿਣ ਲਈ ਧਰਤੀ ਦੇ ਸੋਮਿਆਂ ਅਤੇ ਸਾਧਨਾਂ ਦੀ ਵੱਧ ਵਰਤੋਂ ਕਰਨਗੇ। ਨਤੀਜੇ ਵੱਜੋਂ ਧਰਤੀ ਦੇ ਸੀਮਤ ਵਸੀਲਿਆਂ (ਜ਼ਮੀਨ, ਜ਼ੰਗਲਾਂ, ਸਮੁੰਦਰਾਂ, ਦਰਿਆਵਾਂ ਆਦਿ) ਤੇ ਭਾਰ ਵਧੇਗਾ ਅਤੇ ਪੌਣਪਾਣੀ ਦਾ ਨੁਕਸਾਨ ਹੋਵੇਗਾ। ਪਰ ਤੱਥ ਇਸ ਗੱਲ ਦੀ ਹਾਮੀ ਨਹੀਂ ਭਰਦੇ।

ਇਸ ਸਮੇਂ ਗਲੋਬ ਦੇ ਦੱਖਣ ਵਿਚ ਸਥਿਤ 127 ਦੇਸ਼ਾਂ ਦੀ ਅਬਾਦੀ 450 ਕਰੋੜ ਦੇ ਨੇੜੇ ਹੈ ਅਤੇ ਗਲੋਬ ਦੇ ਉੱਤਰ ਵਿਚ ਸਥਿਤ 33 ਦੇਸ਼ਾਂ ਦੀ ਅਬਾਦੀ 100 ਕਰੋੜ ਦੇ ਕਰੀਬ। ਪਰ ਗਲੋਬ ਦੇ ਉੱਤਰ ਵਿਚ ਸਥਿਤ ਦੇਸ਼ ਧਰਤੀ ਦੇ ਕੁਲ ਸੋਮਿਆਂ ਅਤੇ ਸਾਧਨਾਂ ਦਾ 83 ਪ੍ਰਤੀਸ਼ੱਤ ਹਿੱਸਾ ਖਪਤ ਕਰਦੇ ਹਨ ਜਦੋਂ ਕਿ ਗਲੋਬ ਦੇ ਦੱਖਣ ਵਿਚ ਸਥਿਤ ਦੇਸ਼ 17 ਪ੍ਰਤੀਸ਼ਤ ਹਿੱਸਾ। ਸਾਧਾਰਣ ਸ਼ਬਦਾਂ ਵਿਚ ਉੱਤਰ ਵਿਚ ਰਹਿਣ ਵਾਲਾ ਹਰ ਵਿਅਕਤੀ ਦੱਖਣ ਵਿਚ ਰਹਿਣ ਵਾਲੇ ਹਰ ਵਿਅਕਤੀ ਨਾਲੋਂ 20 ਗੁਣਾਂ ਜ਼ਿਆਦਾ ਧਰਤੀ ਦੇ ਸੋਮਿਆਂ ਦੀ ਖਪਤ ਕਰਦਾ ਹੈ। ਜੇ ਇਕ ਅਮਰੀਕਨ ਅਤੇ ਭਾਰਤਵਾਸੀ ਦਾ ਮੁਕਾਬਲਾ ਕਰੀਏ ਤਾਂ ਪਤਾ ਲੱਗਦਾ ਹੈ ਕਿ ਇਕ ਅਮਰੀਕਨ ਇਕ ਭਾਰਤਵਾਸੀ ਨਾਲੋਂ 50 ਗੁਣਾਂ ਜ਼ਿਆਦਾ ਖਪਤ ਕਰਦਾ ਹੈ।

**'ਜੇ ਇਕ ਅਮਰੀਕਨ ਅਤੇ ਭਾਰਤਵਾਸੀ ਦਾ ਮੁਕਾਬਲਾ ਕਰੀਏ ਤਾਂ ਪਤਾ ਲੱਗਦਾ ਹੈ ਕਿ ਇਕ ਅਮਰੀਕਨ ਇਕ ਭਾਰਤਵਾਸੀ ਨਾਲੋਂ 50 ਗੁਣਾਂ ਜ਼ਿਆਦਾ ਖਪਤ ਕਰਦਾ ਹੈ।'**

ਇਸੇ ਤਰ੍ਹਾਂ ਦੇ ਤੱਥ ਪੌਣਪਾਣੀ ਵਿਚ ਫੈਲਾਏ ਜਾ ਰਹੇ ਪ੍ਰਦੂਸ਼ਣ ਬਾਰੇ ਹਨ। ਆਉ ਸੰਸਾਰ ਦੇ ਪੌਣਪਾਣੀ ਵਿਚ ਗਰੀਨ ਹਾਊਸ ਦਾ ਅਸਰ ਪੈਦਾ ਕਰਨ ਵਾਲੀਆਂ ਗੈਸਾਂ ਦੀ ਉਦਾਹਰਣ ਲਈਏ। ਗਰੀਨ ਹਾਊਸ ਅਸਰ ਨਾਲ ਧਰਤੀ ਦਾ ਤਾਪਮਾਨ ਵੱਧਦਾ ਹੈ। ਜੇ ਇਹ ਤਾਪਮਾਨ ਵੱਧਦਾ ਰਿਹਾ ਤਾਂ ਇਕ ਸਮਾਂ ਅਜਿਹਾ ਆ ਸਕਦਾ ਹੈ ਕਿ ਤਾਪਮਾਨ ਦੇ ਇਸ ਵਾਧੇ ਨਾਲ ਧਰਤੀ ਦੇ ਕਿੰਨੇ ਹੀ ਹਿੱਸੇ ਸੋਕਾ ਪੈਣ ਨਾਲ ਮਾਰੂਥਲ ਬਣ ਸਕਦੇ ਹਨ ਅਤੇ ਦੂਜੇ ਪਾਸੇ ਧਰਤੀ ਦੇ ਕਿੰਨੇ ਹਿੱਸੇ ਭਿਆਨਕ ਹੜ੍ਹਾਂ ਦਾ ਸ਼ਿਕਾਰ ਹੋ ਸਕਦੇ ਹਨ। ਸੰਸਾਰ ਦੇ ਪੌਣਪਾਣੀ ਵਿਚ ਗਰੀਨ ਹਾਊਸ ਦਾ ਅਸਰ ਪੈਦਾ ਕਰਨ ਵਾਲੀਆਂ ਗੈਸਾਂ ਵਿਚੋਂ 67 ਪ੍ਰਤੀਸ਼ਤ ਗੈਸਾਂ ਸਨਅਤੀ ਮੁਲਕਾਂ ਵਿਚੋਂ ਪੈਦਾ ਹੁੰਦੀਆਂ ਹਨ ਅਤੇ 33 ਪ੍ਰਤੀਸ਼ਤ ਵਿਕਾਸਸ਼ੀਲ ਦੇਸ਼ਾਂ ਵਿਚੋਂ। ਜੇ ਹਿੰਦੁਸਤਾਨ ਅਤੇ ਅਮਰੀਕਾ ਦਾ ਮੁਕਾਬਲਾ ਕਰੀਏ ਤਾਂ ਅਮਰੀਕਾ ਵਿਚੋਂ ਪੈਦਾ ਹੋਣ ਵਾਲੀਆਂ ਇਹਨਾਂ ਗੈਸਾਂ ਦੀ ਮਿਕਦਾਰ 27 ਪ੍ਰਤੀਸ਼ਤ ਹੈ ਅਤੇ ਹਿੰਦੁਸਤਾਨ ਵਿਚੋਂ ਪੈਦਾ ਹੋਣ ਵਾਲੀਆਂ ਗੈਸਾਂ ਦੀ ਮਿਕਦਾਰ 0.013 ਪ੍ਰਤੀਸ਼ਤ ਜਦੋਂ ਕਿ ਹਿੰਦੁਸਤਾਨ ਦੀ ਅਬਾਦੀ 80 ਕ੍ਰੋੜ ਤੋਂ ਉੱਤੇ ਹੈ ਅਤੇ ਅਮਰੀਕਾ ਦੀ ਅਬਾਦੀ 25 ਕਰੋੜ। ਇਸ ਤਰ੍ਹਾਂ ਇਹ ਗੱਲ ਸਾਫ ਹੈ ਲੋਕਾਂ ਦੀ ਘੱਟ ਗਿਣਤੀ ਵੱਧ ਗਿਣਤੀ ਦੇ ਮੁਕਾਬਲੇ ਸੰਸਾਰ ਦੇ ਪੌਣਪਾਣੀ ਤੇ ਵੱਧ ਮਾੜਾ ਅਸਰ ਪਾ ਰਹੀ ਹੈ।

ਅਸਲ ਵਿਚ ਲੋਕਾਂ ਵਲੋਂ ਪੌਣਪਾਣੀ ਤੇ ਅਸਰ ਦੀ ਮਿਣਤੀ ਕਰਨ ਲਈ ਵਰਤੇ ਜਾਂਦੇ ਫਾਰਮੂਲਿਆਂ ਵਿਚ ਇਕ ਫਾਰਮੂਲਾ ਹੈ: I (impact) = P (population) X A (affulence) X T (technology) ਜਾਂ ਲੋਕਾਂ ਵਲੋਂ ਪੌਣਪਾਣੀ ਤੇ ਅਸਰ= ਅਬਾਦੀ X ਲੋਕਾਂ ਦੀ ਅਮੀਰੀ X ਤਕਨੌਲੋਜੀ। ਇਸ ਫਾਰਮੂਲੇ ਤੋਂ ਸਾਫ ਜ਼ਾਹਿਰ ਹੈ ਕਿ ਲੋਕਾਂ ਵਲੋਂ ਪੌਣਪਾਣੀ ਤੇ ਅਸਰ ਦਾ ਵਾਧਾ ਅਬਾਦੀ ਜਾਂ ਲੋਕਾਂ ਦੀ ਅਮੀਰੀ ਜਾਂ ਤਕਨੌਲੋਜੀ ਵਿਚੋਂ ਕਿਸੇ ਇਕ ਗੁਣਨ-ਖੰਡ (ਫੈਕਟਰ) ਦੇ ਵਾਧੇ ਕਾਰਨ ਹੋ ਸਕਦਾ ਹੈ। ਪਰ ਉੱਤਰ ਦੇ ਅਮੀਰ ਦੇਸ਼ਾਂ ਵਲੋਂ ਸਿਰਫ ਅਬਾਦੀ ਤੇ ਜ਼ੋਰ ਦਿੱਤਾ ਜਾਂਦਾ ਹੈ। ਜ਼ਰਾ ਸੋਚੋ ਉਹਨਾਂ ਵਲੋਂ ਅਜਿਹਾ ਕਿਉਂ ਕੀਤਾ ਜਾਂਦਾ ਹੈ? ਜੁਆਬ ਸਾਫ ਹੈ ਕਿ ਜੇ ਉਹ ਦੂਜੇ ਗੁਣਨ-ਖੰਡਾਂ (ਫੈਕਟਰਜ਼) ਤੇ ਜ਼ੋਰ ਦੇਣ ਤਾਂ ਸੰਸਾਰ ਦੇ ਪੌਣਪਾਣੀ ਨੂੰ ਗੰਧਲਾ ਕਰਨ ਦਾ ਦੋਸ਼ ਉਹਨਾਂ ਸਿਰ ਲੱਗੇਗਾ। ਅਬਾਦੀ ਦੀ ਗੱਲ ਕਰਕੇ ਉਹ ਸਾਰਾ ਦੋਸ਼ ਦੱਖਣ ਦੇ ਗਰੀਬ ਦੇਸ਼ਾਂ ਸਿਰ ਮੜ੍ਹ ਦਿੰਦੇ ਹਨ।

ਆਉ ਦੇਖੀਏ ਜੇ ਪੌਣਪਾਣੀ ਨੂੰ ਗੰਧਲਾ ਕਰਨ ਵਿਚ ਅਬਾਦੀ ਇਕ ਪ੍ਰਮੁੱਖ ਕਾਰਨ ਨਹੀਂ ਤਾਂ ਹੋਰ ਕਿਹੜੇ ਕਾਰਨ ਹਨ? ਇਕ ਤਾਂ ਜਿਵੇਂ ਉਪਰਲੀ ਗੱਲਬਾਤ ਤੋਂ ਸਾਫ ਹੁੰਦਾ ਹੈ ਕਿ ਸੰਸਾਰ ਦੇ ਪੌਣਪਾਣੀ ਨੂੰ ਗੰਧਲਾ ਕਰਨ ਵਿਚ ਦੁਨੀਆਂ ਦੇ ਅਮੀਰ ਦੇਸ਼ਾਂ ਵਿਚ ਹੱਦੋਂ ਬਾਹਰੀ ਅਤੇ ਬੇਲੋੜੀ ਉਪਭੋਗਤਾ (ਕਨਸੰਪਸ਼ਨ) ਹੈ। ਇਸ ਉਪਭੋਗਤਾ ਕਾਰਨ ਦੁਨੀਆਂ ਦੇ ਅਮੀਰ ਦੇਸ਼ ਧਰਤੀ ਦੇ ਸੋਮਿਆਂ ਤੇ ਸਾਧਨਾਂ ਦੀ ਹੀ ਵੱਧ ਵਰਤੋਂ ਨਹੀਂ ਕਰਦੇ ਸਗੋਂ ਜ਼ਿਆਦਾ ਕੂੜਾ ਕਰਕਟ ਵੀ ਪੈਦਾ ਕਰਦੇ ਹਨ। ਆਰਗੇਨਾਈਜੇਸ਼ਨ ਫਾਰ ਇਕਨਾਮਿਕ ਕੋਆਪ੍ਰੇਸ਼ਨ ਅਤੇ ਡੀਵੈਲਪਮੇਂਟ ਵਲੋਂ 20 ਸਨਅਤੀ ਦੇਸ਼ਾਂ ਦੇ ਕੀਤੇ ਇਕ ਸਰਵੇ ਅਨੁਸਾਰ ਇਹਨਾਂ ਮੁਲਕਾਂ ਵਿਚ ਇਕ ਵਿਅਕਤੀ ਸਾਲ ਵਿਚ ਔਸਤਨ 1.6 ਟਨ ਸਨਅਤੀ ਕੂੜਾ-ਕਰਕਟ ਪੈਦਾ ਕਰਦਾ ਹੈ। ਕੂੜੇ ਦੀ ਇਹ ਮਾਤਰਾ ਵਿਕਾਸਸ਼ੀਲ ਦੇਸ਼ਾਂ ਵਿਚ ਪ੍ਰਤੀ ਵਿਅਕਤੀ ਪੈਦਾ ਹੋਣ ਵਾਲੇ ਔਸਤਨ ਕੂੜੇ ਕਰਕਟ ਨਾਲੋਂ 10 ਗੁਣਾਂ ਜ਼ਿਆਦਾ ਹੈ। ਸਨਅਤੀ ਮੁਲਕਾਂ ਵਿਚ ਇਸ ਕੂੜੇ ਕਰਕਟ ਨੂੰ ਸਮੇਟਣ ਲਈ ਥਾਂ ਨਹੀਂ ਹੈ ਇਸ ਲਈ ਇਹ ਦੇਸ਼ ਅਜਿਹਾ ਕੂੜਾ ਕਰਕਟ ਜਹਾਜ਼ਾਂ ਵਿਚ ਲੱਦ ਕੇ ਗਰੀਬ ਦੇਸ਼ਾਂ ਨੂੰ ਭੇਜ਼ਦੇ ਹਨ ਅਤੇ

ਉਹਨਾਂ ਦੇਸ਼ਾਂ ਦੇ ਪੌਣਪਾਣੀ ਨੂੰ ਗੰਧਲਾ ਕਰਦੇ ਹਨ।

ਸੰਸਾਰ ਦੇ ਪੌਣਪਾਣੀ ਨੂੰ ਗੰਧਲਾ ਕਰਨ ਦਾ ਇਕ ਹੋਰ ਵੱਡਾ ਕਾਰਨ ਹੈ ਜੰਗਾਂ ਅਤੇ ਸੰਸਾਰ ਦੀ ਹਥਿਆਰਬੰਦੀ। ਦੂਜੀ ਵੱਡੀ ਜੰਗ ਤੋਂ ਬਾਅਦ ਦੇ 40–45 ਸਾਲਾਂ ਵਿਚਕਾਰ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿਚਕਾਰ 125 ਤੋਂ ਵੱਧ ਲੜਾਈਆਂ ਲੜੀਆਂ ਗਈਆਂ ਹਨ। ਇਹਨਾਂ ਵਿਚੋਂ ਬਹੁਤਿਆਂ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਸੰਸਾਰ ਦੇ ਅਮੀਰ ਦੇਸ਼ਾਂ ਅਤੇ ਮਹਾਂਸ਼ਕਤੀਆਂ ਦਾ ਹੱਥ ਰਿਹਾ ਹੈ ਕਿਉਂਕਿ ਉਹ ਇਹਨਾਂ ਲੜਾਈਆਂ ਨਾਲ ਸੰਸਾਰ ਦੇ ਸੋਮਿਆਂ ਨੂੰ ਆਪਣੀਆਂ ਲੋੜਾਂ ਲਈ ਆਪਣੇ ਵਿਚਕਾਰ ਵੰਡਣਾਂ ਚਾਹੁੰਦੇ ਸਨ।

ਜੰਗਾਂ ਵਾਤਾਵਰਣ ਦਾ ਕਿਸ ਤਰ੍ਹਾਂ ਨੁਕਸਾਨ ਕਰਦੀਆਂ ਹਨ ਇਹ ਜਾਨਣ ਲਈ ਵੀਅਤਨਾਮ ਦੀ ਲੜਾਈ ਦੀ ਉਦਾਹਰਣ ਕਾਬਲੇਗੌਰ ਹੈ। ਵੀਅਤਨਾਮ ਵਿਚ ਗੁਰੀਲਾ ਫੌਜਾਂ ਦੇ ਲੁਕਣ ਵਾਲੀ ਥਾਂ ਦਾ ਖਾਤਮਾ ਕਰਨ ਅਤੇ ਪੇਂਡੂ ਲੋਕਾਂ ਨੂੰ ਸ਼ਹਿਰੀ ਕੈਂਪਾਂ ਵੱਲ ਧੱਕਣ ਲਈ (ਤਾਂ ਕਿ ਉਹਨਾਂ ਤੇ ਨਿਗ੍ਹਾਂ ਰੱਖੀ ਜਾ ਸਕੇ) ਅਮਰੀਕਾ ਨੇ ਵੀਅਤਨਾਮ ਦੇ ਪੇਂਡੂ ਇਲਾਕਿਆਂ ਤੇ ਬੂਟੀਨਾਸ਼ਕ ਦਵਾਈਆਂ ਛਿੜਕਨ ਦਾ "ਰੈਂਚ ਹੈਂਡ" ਨਾਂ ਦਾ ਵੱਡਾ ਅਪ੍ਰੇਸ਼ਨ ਕੀਤਾ। ਸੰਨ 1962 ਤੇ 70 ਵਿਚਕਾਰ ਅਮਰੀਕਾ ਨੇ ਸਾਊਥ ਵੀਅਤਨਾਮ ਤੇ 10 ਕ੍ਰੋੜ ਪੌਂਡ ਬੂਟੀਨਾਸ਼ਕ ਦਵਾਈਆਂ ਦਾ ਛਿੜਕਾਅ ਕੀਤਾ। ਇਸਦੇ ਨਤੀਜੇ ਵੱਜੋਂ ਵੀਅਤਨਾਮ ਵਿਚ ਜੰਗ ਦੌਰਾਨ ਚੌਥਾਈ ਤੋਂ ਅੱਧ ਵਿਚਕਾਰ ਬਨਸਪਤੀ ਦਾ ਨੁਕਸਾਨ ਹੋਇਆ। ਸਾਊਥ ਵੀਅਤਨਾਮ ਵਿਚ ਮੈਨਗਰੋਵ ਦੇ ਦਰੱਖਤਾਂ ਦੇ ਜੰਗਲਾਂ ਦੇ 41 ਪ੍ਰਤੀਸ਼ਤ ਹਿੱਸੇ ਦਾ ਗੰਭੀਰ ਨੁਕਸਾਨ ਹੋਇਆ। ਇਸ ਜੰਗ ਦੌਰਾਨ ਇਕੱਲੀਆਂ ਬੂਟੀਨਾਸ਼ਕ ਦਵਾਈਆਂ ਹੀ ਨਹੀਂ ਵਰਤੀਆਂ ਗਈਆਂ ਸਗੋਂ ਵੱਡੇ ਵੱਡੇ ਬੁਲਡੋਜ਼ਰ ਵੀ ਜੰਗਲਾਂ ਨੂੰ ਸਾਫ ਕਰਨ ਲਈ ਵਰਤੇ ਗਏ।

> ' ਇਕ ਐਫ–15 ਜੈੱਟ ਇਕ ਮਿਨਟ ਵਿਚ 908 ਲੀਟਰ ਤੇਲ ਖਪਤ ਕਰਦਾ ਹੈ। ਬੀ–52 ਬੰਬਾਰ ਜਹਾਜ਼ ਇਕ ਘੰਟੇ ਵਿਚ 13671 ਲੀਟਰ ਤੇਲ ਫੂਕਦਾ ਹੈ। ਇਕ ਫੌਜੀ ਟੈਂਕਾਂ ਦੀ ਡਿਵੀਜ਼ਨ (348 ਟੈਂਕ) ਇਕ ਦਿਨ ਵਿਚ 22,71,000 ਲਿਟਰ ਤੇਲ ਪੀ ਜਾਂਦੀ ਹੈ। '

ਖੇਤੀ ਬਾੜੀ ਦੇ ਇਕ ਮਾਹਿਰ ਅਨੁਸਾਰ ਲੜਾਈ ਦੇ ਮੁੱਕਣ ਦੇ ਏਨੇ ਸਾਲਾਂ ਬਾਅਦ ਵੀ ਅੱਜ ਵੀਅਤਨਾਮ ਦੇ ਲੋਕਾਂ ਨੂੰ ਲੜਾਈ ਦੌਰਾਨ ਵਾਤਾਵਰਣ ਦੇ ਹੋਏ ਨੁਕਸਾਨ ਦੇ ਨਤੀਜੇ ਭੁਗਤਣੇ ਪੈ ਰਹੇ ਹਨ। ਅੱਜ ਵੀ ਵੀਅਤਨਾਮ ਦੇ ਮੈਦਾਨੀ ਇਲਾਕੇ ਵਿਚ ਚੌਲਾਂ ਦੇ ਖੇਤਾਂ ਨੂੰ ਹੜ੍ਹਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ ਕਿਉਂਕਿ ਲੜਾਈ ਦੌਰਾਨ ਪਹਾੜਾਂ ਤੇ ਜੰਗਲਾਂ ਦਾ ਖਾਤਮਾ ਕਰ ਦਿੱਤਾ ਗਿਆ ਸੀ। ਹੁਣ ਜਦੋਂ ਮੀਂਹ ਪੈਂਦਾ ਹੈ ਤਾਂ ਜੰਗਲ ਨਾ ਹੋਣ ਕਾਰਨ ਪਹਾੜ ਪਾਣੀ ਨੂੰ ਆਪਣੇ ਵਿਚ ਨਹੀਂ ਸਮਾਉਂਦੇ ਅਤੇ ਸਾਰਾ ਪਾਣੀ ਮੈਦਾਨਾਂ ਵੱਲ ਨੂੰ ਵਹਿ ਤੁਰਦਾ ਹੈ।

ਸੰਨ 1980ਵਿਆਂ ਵਿਚ ਐਲਸਲਵਾਡੋਰ ਦੀ ਸਰਕਾਰ (ਜਿਸਦੀ ਪਿੱਠ ਤੇ ਅਮਰੀਕਾ ਦਾ ਹੱਥ ਸੀ) ਨੇ ਵੀ ਗੁਰੀਲਾ ਫੌਜਾਂ ਦੇ ਲੁਕਣ ਟਿਕਾਣਿਆਂ ਦਾ ਖਾਤਮਾ ਕਰਨ ਲਈ ਐਲਸਲਵਾਡੋਰ ਦੇ ਜੰਗਲਾਂ ਤੇ ਨੈਪਲਮ ਗੈਸ ਦੀ ਵਰਤੋਂ ਕੀਤੀ। ਫੌਜੀ ਬੋਲੀ ਵਿਚ ਇਸ ਢੰਗ ਨੂੰ "ਸਮੁੰਦਰ ਸੁਕਾ ਕੇ ਮੱਛੀਆਂ ਫੜਨਾ ਕਿਹਾ ਜਾਂਦਾ ਹੈ।" ਸਾਲ 1991 ਵਿਚ ਅਮਰੀਕਾ ਅਤੇ ਇਰਾਕ ਵਿਚਕਾਰ ਹੋਈ ਜੰਗ ਦੌਰਾਨ ਤੇਲ ਦੇ ਖੂਹਾਂ ਨੂੰ ਅੱਗ ਲੱਗਣ ਕਾਰਨ ਇਰਾਕ ਅਤੇ ਕੁਵੇਤ ਵਿਚ ਹੋਏ ਵਾਤਾਵਰਣ ਦੇ ਨੁਕਸਾਨ ਦੀ ਯਾਦ ਤਾਂ ਸੱਭ ਨੂੰ ਚੇਤੇ ਹੀ ਹੈ।

ਧਰਤੀ ਦੇ ਵਸੀਲਿਆਂ ਦੀ ਖਪਤ ਜਿਸ ਤਰ੍ਹਾਂ ਜੰਗੀ ਸਾਜ਼ੋ–ਸਮਾਨ ਕਰਦਾ ਹੈ, ਉਹ ਦੇਖ ਕੇ ਹੈਰਾਨੀ ਹੁੰਦੀ ਹੈ। ਇਕ ਐਫ–15 ਜੈੱਟ ਇਕ ਮਿਨਟ ਵਿਚ 908 ਲੀਟਰ ਤੇਲ ਖਪਤ ਕਰਦਾ ਹੈ। ਬੀ–52 ਬੰਬਾਰ ਜਹਾਜ਼ ਇਕ ਘੰਟੇ ਵਿਚ 13671 ਲੀਟਰ ਤੇਲ ਫੂਕਦਾ ਹੈ। ਇਕ ਫੌਜੀ ਟੈਂਕਾਂ ਦੀ ਡਿਵੀਜ਼ਨ (348 ਟੈਂਕ) ਇਕ ਦਿਨ ਵਿਚ 22,71,000 ਲਿਟਰ ਤੇਲ ਪੀ ਜਾਂਦੀ ਹੈ। ਸੰਨ 1990 ਤੱਕ ਮਿਲਦੇ ਅੰਕੜਿਆਂ ਅਨੁਸਾਰ ਜੰਗੀ ਸਾਜ਼ੋ ਸਮਾਨ ਨੂੰ ਬਣਾਉਣ ਵਾਲੇ ਪਹਿਲੇ ਪੰਜ ਮੁਲਕਾਂ ਵਿਚੋਂ ਚਾਰ ਮੁਲਕ ਉੱਤਰ ਦੇ ਮੁਲਕ ਸਨ: ਸਯੁੰਕਤ ਰਾਜ ਅਮਰੀਕਾ, ਸਾਬਕਾ ਸੋਵੀਅਤ ਯੂਨੀਅਨ, ਬ੍ਰਿਟੇਨ, ਅਤੇ ਫਰਾਂਸ। ਦੂਜੀ ਸੰਸਾਰ ਜੰਗ ਤੋਂ ਬਾਅਦ ਸਯੁੰਕਤ ਰਾਜ ਅਮਰੀਕਾ ਅਤੇ ਸਾਬਕਾ ਸੋਵੀਅਤ ਯੂਨੀਅਨ ਨੇ ਤਾਂ ਆਪਣੀ ਆਰਥਿਕਤਾ ਮੁੱਖ ਤੌਰ ਤੇ ਫੌਜੀ ਸਾਜ਼ੋ ਸਮਾਨ ਬਣਾਉਣ ਦੁਆਲੇ ਹੀ ਢਾਲ ਲਈ ਸੀ। ਸੰਨ 1990 ਵਿਚ ਸੰਸਾਰ ਪੱਧਰ ਤੇ 210 ਕ੍ਰੋੜ ਡਾਲਰ ਦਾ ਹਥਿਆਰਾਂ ਦਾ ਵਿਉਪਾਰ ਹੋਇਆ ਹੈ ਜਿਸ ਵਿਚੋਂ ਵੱਡਾ ਹਿੱਸਾ ਉਪਰਲੇ ਦੇਸ਼ਾਂ ਵਲੋਂ ਵੇਚਿਆ ਗਿਆ ਸੀ। ਅੱਜ ਠੰਡੀ ਜੰਗ ਮੁਕਣ ਤੋਂ ਬਾਅਦ ਵੀ ਸਯੁੰਕਤ ਰਾਜ ਅਮਰੀਕਾ, ਬ੍ਰਿਟੇਨ ਅਤੇ ਫਰਾਂਸ ਵਰਗੇ ਦੇਸ਼ ਹਥਿਆਰਾਂ ਦੇ ਵੱਡੇ ਵੱਡੇ ਮੇਲੇ ਲਾਕੇ ਆਪਣੇ ਹਥਿਆਰ ਵੇਚਣ ਦਾ ਧੰਦਾ ਚਾਲੂ ਰੱਖ ਰਹੇ ਹਨ। ਉਹਨਾਂ ਵਲੋਂ ਤਿਆਰ ਕੀਤੇ ਅਤੇ ਵੇਚੇ ਜਾਂਦੇ ਹਥਿਆਰ ਸੰਸਾਰ ਦੇ ਵਸੀਲਿਆਂ ਨੂੰ ਫੂਕਣ ਅਤੇ ਪੌਣਪਾਣੀ ਨੂੰ ਗੰਧਲਾ ਕਰਨ ਵਿਚ ਵੱਡਾ ਹਿੱਸਾ ਪਾ ਰਹੇ ਹਨ।

ਹੁਣ ਤੱਕ ਦੇ ਵਿਚਾਰੇ ਗਏ ਤੱਥਾਂ ਦੇ ਆਧਾਰ ਤੇ ਇਹ ਹੀ ਕਿਹਾ ਜਾ ਸਕਦਾ ਹੈ ਕਿ ਸੰਸਾਰ ਦੇ ਪੌਣਪਾਣੀ ਦੇ ਗੰਧਲੇਪਨ ਲਈ ਸੰਸਾਰ ਦੀ ਅਬਾਦੀ ਪ੍ਰਮੁੱਖ ਕਾਰਨ ਨਹੀਂ। ਅਬਾਦੀ ਨੂੰ ਸੰਸਾਰ ਦੇ ਪੌਣਪਾਣੀ ਦੇ ਗੰਧਲੇਪਨ ਦਾ ਪ੍ਰਮੁੱਖ ਕਾਰਨ ਦੱਸਣ ਵਾਲਿਆਂ ਦਾ ਮਕਸਦ ਪੌਣਪਾਣੀ ਦੇ ਗੰਧਲੇਪਨ ਦੇ ਦੂਜੇ ਕਾਰਨਾਂ ਦੁਆਲੇ ਧੂੰਏਂ ਦੀ ਦੀਵਾਰ ਖੜ੍ਹੀ ਕਰਨਾ ਹੈ ਅਤੇ ਉੱਤਰ ਦੇ ਅਮੀਰ ਦੇਸ਼ਾਂ ਨੂੰ ਉਹਨਾਂ ਦੇ ਦੋਸ਼ ਤੋਂ ਸੁਰਖਰੂ ਕਰਨਾ ਹੈ। ☐

---

(ਅੰਕੜੇ: ਨਿਊ ਇੰਟਰਨੈਸ਼ਨਲਿਸਟ ਮੈਗਜ਼ੀਨ, ਟਰਾਂਟੋ, ਸਤੰਬਰ 92 ਅੰਕ।
ਰੀਵਿਊਜ਼ ਮੈਗਜ਼ੀਨ, ਟਰਾਂਟੋ, ਜੂਨ 92 ਅੰਕ।)


# ਕਰਤਾਰ ਫੋਟੋ ਸਟੂਡੀਓ

## Kartar Photo Studio

6618 Fraser St.,
50th Ave.
Vancouver B.C.
V5X 3T5

**Ph: 327 - 1700**

**-We also do-**

**Passport, Citizenship & Wedding Photos**



Special rate for Video movies

ਹਰ ਤਰ੍ਹਾਂ ਦੇ ਗਾਣਿਆਂ ਦੀਆਂ ਟੇਪਾਂ ਤੇ ਵੀਡੀਓ ਮੂਵੀਆਂ ਹਰ ਹਫਤੇ ਰੀਲੀਜ਼ ਕਰਦੇ ਹਾਂ। ਹਰ ਮੁਲਕ ਦੀ ਬਣੀ ਮੂਵੀ ਕਨਵਰਟ ਕਰਦੇ ਹਾਂ।

**ਸ਼ਰਤੀਆ ਕਲੀਅਰ ਪ੍ਰਿੰਟ $ 8.00**

## MOGUL GARDEN RESTAURANT

**801 -Beach Ave., Vancouver, B.C.**
(Howe & Beach Ave. near Pacific St.)

EAT IN OR TAKE OUT
PH: (604) 684 - 5886

✡ ਤੁਸੀਂ ਸਾਡੇ ਰੈਸਟੋਰੈਂਟ ਵਿਚ ਬੈਠ ਕੇ ਗਰਮਾ ਗਰਮ ਤੰਦੂਰੀ ਚਿਕਨ, ਤੰਦੂਰੀ ਮੱਛੀ, ਮੱਛੀ ਦੇ ਪਕੌੜੇ, ਛੋਲੇ ਭਟੂਰੇ, ਸਮੋਸੇ ਆਦਿ ਬੈਠ ਕੇ ਖਾ ਸਕਦੇ ਹੋ ਜਾਂ ਘਰ ਲਿਜਾ ਸਕਦੇ ਹੋ।

✡ 300 ਬੰਦਿਆਂ ਤੱਕ ਪਾਰਟੀ ਵੀ ਰੈਸਟੋਰੈਂਟ ਵਿਚ ਹੋ ਸਕਦੀ ਹੈ।

✡ ਅਸੀਂ 100 ਤੋਂ 3000 ਤੱਕ ਲੋਕਾਂ ਦੀ ਪਾਰਟੀ ਦਾ ਇੰਤਜ਼ਾਮ ਕਰਨ ਦੇ ਸਮਰੱਥ ਹਾਂ।

✡ ਵਾਜਬ ਕੀਮਤਾਂ ਤੇ ਸੁਆਦ ਦੀ ਪੂਰੀ ਗਰੰਟੀ।



## DOSANJH & CO.

Barristers & Solicitors

**Ujjal Dosanjh** **Thomas Wooley**

**Indra Thind**

**With over 13 yrs. experience in:**

- **Personal Injury (ICBC)**
  (handled on Contingency (%) fee basis)
- **Divorce & Family Cases**
- **Criminal Trials**
- **Supreme Court Civil Trials**
- **All Immigration Matters**
- **Workers Compensation Matters**

**#202-5887 Victoria Dr.**
**Vancouver, BC V5P 3W5**

**327–6381**



WANT TO SELL FASTER?
LOOKING FOR A GOOD DEAL?

List with well known Indo-Canadian Personality



***Darshan Bains***

**Res: 275-2533** **Pager: 667-0884**

MULTIPLE
REALTY LTD

**Multiple Realty**
**2298 Kingsway**
**Vancouver**
**Ph: 434-1431**



## BAINS

INTERNATIONAL TRAVEL

**Serving B.C. Since 1951**

**ਘੱਟ ਤੋਂ ਘੱਟ ਕਿਰਾਏ**

- **India**
- **Pakistan**
- **Africa**
- **U.K.**
- **Europe**
- **Southeast Asia**
- **Fiji Bangladesh**
- **Sri Lanka**

**Authorized Agents For:**

*Air Canada, British Airways, Canadian, Cathay Pacific, Thai Airways Int'l, KLM and other major Airlines.*

**Ph: 324 - 2277**
**6364 Fraser St., Vancouver, B.C. V5W 3A4**

Offices also in Victoria & North Vancouver

# ਠੀਕਰੀਆਂ

## ਮੇਜਰ ਮਾਂਗਟ

ਕਿਹੜਾ ਪੰਜਾਬੀ ਅਜਿਹਾ ਹੋਵੇਗਾ ਜੋ 'ਅਲਬੇਲ ਸਿੰਘ ਮੌਜੀ' ਦੇ ਨਾਂਉ ਤੋਂ ਵਾਕਿਫ਼ ਨਾਂ ਹੋਵੇ। ਇਹ ਹੀ ਕਾਰਨ ਸੀ ਕਿ ਉਸਦੇ ਐਕਸੀਡੈਂਟ ਦੀ ਖ਼ਬਰ ਕੁੱਝ ਹੀ ਪਲਾਂ ਵਿਚ ਸਾਰੇ ਸ਼ਹਿਰ ਵਿਚ ਫੈਲ ਗਈ ਸੀ। ਸ਼ਾਮ ਨੂੰ ਜਿਉਂ ਹੀ ਲੋਕੀਂ ਕੰਮਾਂ ਤੋਂ ਵਾਪਿਸ ਆਏ, ਉਹ ਕਿਹੜਾ ਘਰ ਸੀ ਜਿਸਦੇ ਫੋਨ ਦੀ ਘੰਟੀ ਖੜਕਣ ਤੋਂ ਬਾਅਦ ਇਹ ਉਦਾਸ ਕਰਨ ਵਾਲੀ ਖ਼ਬਰ ਨਹੀਂ ਸੀ ਮਿਲੀ। ਲੋਕ ਭਰੇ ਮਨਾਂ ਨਾਲ ਉਸਦੀਆਂ ਗੱਲਾਂ ਕਰ ਰਹੇ ਸਨ, ਸਾਰੇ ਹੀ ਪਾਸੇ ਜਿਵੇਂ ਮਾਤਮ ਜਿਹਾ ਛਾ ਗਿਆ ਸੀ। ਇਸ ਖ਼ਬਰ ਤੋਂ ਬਾਅਦ ਲੋਕਾਂ ਨੂੰ ਆਪਣੀਆਂ ਕਾਰਾਂ ਅਤੇ ਟਰੈਫਿਕ ਤੋਂ ਜਿਵੇਂ ਭੈਅ ਜਿਹਾ ਆਉਣ ਲੱਗ ਪਿਆ ਸੀ। ਉਹ ਸੋਚਦੇ ਜਦੋਂ ਐਨੇ ਕਾਬਿਲ ਬੰਦੇ ਦਾ ਐਕਸੀਡੈਂਟ ਹੋ ਗਿਆ ਤਾਂ ਅਸੀਂ ਕੀਹਦੇ ਪਾਣੀਹਾਰ ਹਾਂ। ਇਸੇ ਤਰ੍ਹਾਂ ਹੀ ਉਦਾਸ ਕਰਨ ਵਾਲੀ ਇਹ ਖ਼ਬਰ ਮੈਨੂੰ ਵੀ ਮੇਰੇ ਕਿਸੇ ਦੋਸਤ ਵਲੋਂ ਫੋਨ ਤੇ ਮਿਲੀ। ਮੇਰਾ ਤਾਂ ਜਿਵੇਂ ਸਾਹ ਹੀ ਸੂਤਿਆ ਗਿਆ ਸੀ, ਜਦੋਂ ਮੈਂ ਆਪਣੀ ਪਤਨੀ ਨੂੰ ਦਸਿਆ ਤਾਂ ਉਸਦਾ ਵੀ ਮੂੰਹ ਹੀ ਟੱਡਿਆ ਰਹਿ ਗਿਆ ਜਿਵੇਂ ਉਸ ਨੂੰ ਮੇਰੀ ਗੱਲ ਤੇ ਯਕੀਨ ਹੀ ਨਾ ਆਇਆ ਹੋਵੇ ਕਿ ਐਨਾ ਵਧੀਆ ਬੰਦਾ ਵੀ ਭਲਾ ਹਾਦਸੇ ਦਾ ਸ਼ਿਕਾਰ ਹੋ ਸਕਦਾ ਹੈ। ਅਸੀਂ ਉਸੇ ਵਕਤ ਫੋਨ ਘੁਮਾਇਆ ਤੇ ਪਤਾ ਕੀਤਾ, ਉਹ ਸ਼ਹਿਰ ਦੇ ਸਭ ਤੋਂ ਵੱਡੇ ਹਸਪਤਾਲ 'ਸੱਨੀ ਬਰੁੱਕ' ਦੇ ਐਮਰਜੈਂਸੀ ਵਾਰਡ ਵਿਚ ਦਾਖਲ ਸੀ। ਅਸੀਂ ਕੁੱਝ ਹੀ ਮਿੰਟਾ ਬਾਅਦ ਵੱਡੇ ਹਾਈ-ਵੇ ਤੇ ਕਾਰ ਦੌੜਾ ਕੇ ਉਥੇ ਪਹੁੰਚ ਗਏ। ਹਸਪਤਾਲ ਵਿਚ ਉਸਦੇ ਕਮਰੇ ਦੇ ਇਰਦ ਗਿਰਦ ਖਬਰ ਲੈਣ ਵਾਲਿਆਂ ਦੀ ਕਾਫੀ ਭੀੜ ਸੀ। ਅਲਬੇਲ ਸਿੰਘ ਦੀ ਹਾਲਤ ਕਾਫੀ ਨਾਜ਼ੁਕ ਸੀ। ਉਸੇ ਹੀ ਭੀੜ ਦਾ ਹਿੱਸਾ ਬਣਕੇ ਅਸੀਂ ਵੀ ਦੇਰ ਰਾਤ ਤੱਕ ਉਥੇ ਖੜੇ ਰਹੇ ਪਰ ਡਾਕਟਰਾਂ ਨੇ ਉਸ ਨੂੰ ਮਿਲਣ ਜਾਂ ਵੇਖਣ ਦੀ ਇਜਾਜ਼ਤ ਨਹੀਂ ਸੀ ਦਿੱਤੀ। ਪਤਾ ਨਹੀਂ ਉਹ ਬੇਸੁਰਤ ਸੀ ਜਾਂ ਸੱਟਾਂ ਦੀ ਬਹੁਤਾਤ ਕਰਕੇ, ਡਾਕਟਰਾਂ ਨੇ ਕਿਸੇ ਨੂੰ ਵੀ ਉਸਦੇ ਕਮਰੇ ਅੰਦਰ ਜਾਣ ਨਹੀਂ ਸੀ ਦਿੱਤਾ।

ਦੂਸਰੇ ਦਿਨ ਕੰਮ ਤੋਂ ਆਕੇ ਅਸੀਂ ਫੇਰ ਗਏ। ਹੁਣ ਉਸ ਨੂੰ ਮਿਲਣ ਦੀ ਇਜਾਜ਼ਤ ਮਿਲ ਗਈ। ਕਮਰੇ ਅੰਦਰ ਗਏ ਤਾਂ ਵੇਖਿਆ ਉਸਦੀਆਂ ਦੋਹਾਂ ਲੱਤਾਂ ਤੇ ਪਲਸਤਰ ਲੱਗਿਆ ਹੋਇਆ ਸੀ, ਸਿਰ ਉਪਰ ਪੱਟੀਆਂ ਬੰਨੀਆਂ ਹੋਈਆਂ ਸਨ ਤੇ ਗਲੂਕੋਜ਼ ਲੱਗਿਆ ਹੋਇਆ ਸੀ। ਸਿਰ ਦੀ ਸੱਟ ਕਾਰਨ ਡਾਕਟਰਾਂ ਨੇ ਉਸ ਨੂੰ ਬੋਲਣ ਤੋਂ ਮਨ੍ਹਾ ਕੀਤਾ ਹੋਇਆ ਸੀ ਪਰ ਤਾਂ ਵੀ ਹਰ ਮਿਲਣ ਵਾਲੇ ਵੱਲ ਉਹ ਗਹੁ ਨਾਲ ਤੱਕਦਾ ਅਤੇਂ ਪਛਾਨਣ ਦਾ ਯਤਨ ਕਰਦਾ। ਸਾਨੂੰ ਉਸਨੇ ਅਜਿਹੀਆਂ ਨਜ਼ਰਾ ਨਾਲ ਤੱਕਿਆ ਜਿਵੇਂ ਉਸਦੀ ਚੁੱਪ ਕਹਿ ਰਹੀ ਸੀ, 'ਤੁਸੀਂ ਕਾਹਨੂੰ ਐਨੀ ਤਕਲੀਫ ਕਰਨੀ ਸੀ ਇਹ ਤਾਂ ਮਾਮੂਲੀ ਸੱਟਾਂ ਨੇ ਮੈਂ ਫੇਰ ਘੋੜੇ ਵਰਗਾ ਹੋ ਜਾਣੈ।' ਪਰ ਉਹ ਕੁੱਝ ਵੀ ਨਹੀਂ ਸੀ ਕਹਿ ਸਕਿਆ। ਅਸੀਂ ਉਸ ਕੋਲ ਬੈਠ ਕੇ ਖ਼ਬਰ ਸਾਰ ਪੁੱਛੀ, ਦਿਲਾਸਾ ਦਿੱਤਾ ਅਤੇ ਰੋਜ਼ ਆਉਣ ਦਾ ਵਾਅਦਾ ਕੀਤਾ। ਉਸਦੀ ਤੱਕਣੀ ਵਿਚ ਇਕ ਅਪਣੱਤ ਝਲਕਦੀ ਸੀ, ਉਹ ਆਪਣੀਆਂ ਲੱਤਾਂ ਨੂੰ ਬਾਰ ਬਾਰ ਘੂਰਦਾ ਰਿਹਾ ਜਿਵੇਂ ਕਹਿ ਰਿਹਾ,'ਦੇਖ ਲੈ ਯਾਰ ਐਵੇਂ ਕੀ ਹੋ ਗਿਆ?' ਕੁੱਝ ਦੇਰ ਉਸ ਕੋਲ ਬੈਠਣ ਤੋਂ ਬਾਅਦ ਮੈਂ ਅਤੇ ਮੇਰੀ ਪਤਨੀ ਬਾਹਰ ਆ ਗਏ। ਘਰ ਨੂੰ ਆਉਣ ਵੇਲੇ ਅਸੀਂ ਕਾਰ ਵਿਚ ਬੈਠੇ ਚੁੱਪ ਸੀ। ਸ਼ਾਇਦ ਦੋਨੋਂ ਇਕ ਹੀ ਤਰ੍ਹਾਂ ਸੋਚ ਰਹੇ ਸੀ ਕਿ ਕਿੰਨਾ ਚੰਗਾ ਇਨਸਾਨ ਸੀ, ਹਰ ਇਕ ਦਾ ਦੁੱਖ ਆਪਣੇ ਸਿਰ ਲੈ ਲੈਂਦਾ ਸੀ।' ਨਾਲੇ ਸਾਡੇ ਨਾਲ ਵੀ ਉਸਦੀ ਕਿੱਡੀ ਕੁ ਰਿਸ਼ਤੇਦਾਰੀ ਸੀ ਬੱਸ ਉਸਦੇ ਪਿੰਡ ਮੇਰਾ ਚਾਚਾ ਵਿਆਹਿਆ ਹੋਇਆ ਸੀ ਜਾਂ ਫਿਰ ਅਸੀਂ ਇੱਕੋ ਕੰਪਨੀ ਵਿਚ ਟੈਕਸੀ ਚਲਾਉਂਦੇ ਸੀ। ਇਸ ਛੋਟੀ ਜਿਹੀ ਜਾਣ ਪਛਾਣ ਨੂੰ ਲੈਕੇ ਉਸ ਨੇ ਸਾਡੀ ਕਿਹੜੀ ਮੱਦਦ ਨਹੀਂ ਸੀ ਕੀਤੀ, ਕਾਰ ਲਈ, ਘਰ ਲਿਆ, ਇੰਡੀਆ ਗਏ ਅਤੇ ਹਰ ਅੜੇ ਥੁੜੇ ਵੇਲੇ ਉਸੇ ਨੇ ਮੱਦਦ ਕੀਤੀ ਸੀ। ਬੱਸ ਮਾੜਾ ਜਿਹਾ ਕਹਿਣ ਦੀ ਦੇਰ ਹੁੰਦੀ ਤਾਂ ਉਹ ਝੱਟ ਅਪਣਤ ਜਿਹੀ ਨਾਲ ਕਹਿੰਦਾ, 'ਲੈ ਮਿੰਦਰਾ ਹੱਦ ਲਾਤੀ, ਪੈਸੇ ਸਹੁਰੇ ਦਾ ਕੀ ਆ, ਤੂੰ ਦੱਸ ਕਿੰਨੇ ਚਾਹੀਦੇ, ਕਿਹੜਾ ਨਾਲ ਲੈਕੇ ਜਾਣੇ, ਤੂੰ ਆਪਣਾ ਕੰਮ ਸਾਰ। ਤੂੰ ਅਜੇ ਨਵਾਂ ਹੈ, ਇਹ ਤੰਗੀ ਤਾਂ ਪਹਿਲਾਂ ਪਹਿਲਾਂ ਹਰ ਕਿਸੇ ਨੂੰ ਹੁੰਦੀ ਹੈ।' ਉਹ ਝੱਟ ਦੇ ਕੇ ਖਾਲੀ ਚੈੱਕ ਤੇ ਦਸਤਖ਼ਤ ਕਰਕੇ ਫੜਾ ਦਿੰਦਾ, ਲੈ ਜਿੰਨੇ ਤੇਨੂੰ ਲੋੜ ਹੈ ਭਰ ਲੈ। ਪੰਜ ਸਾਲ ਬੀਤ ਜਾਣ ਤੋਂ ਬਾਅਦ ਵੀ ਮੈਂ ਅਜੇ ਉਸ ਲਈ ਨਵਾਂ ਹੀ ਸੀ। ਖੈਰ ਇਹ ਤਾਂ ਉਸਦਾ ਮੱਦਦ ਕਰਨ ਦਾ ਤਰੀਕਾ ਸੀ ਜਿਵੇਂ ਉਹ ਮੇਰਾ ਮਾਂ ਜਣਿਆ ਵੱਡਾ ਭਰਾ ਹੋਵੇ। ਸੋ ਅੱਜ ਮੈਨੂੰ ਲੱਗਦਾ ਸੀ ਜਿਵੇਂ ਮੇਰਾ ਵੱਡਾ ਭਰਾ ਹਸਪਤਾਲ ਪਿਆ ਸੀ ਤੇ ਅਸੀਂ ਸੋਗ ਵਿਚ ਡੁੱਬੇ ਪਏ ਸੀ। ਉਸ ਰਾਤ ਵੀ ਰੋਟੀ ਭੋਰਾ ਚੰਗੀ ਨਾਂ ਲੱਗੀ। ਅਸੀਂ ਫੇਰ ਅਲਬੇਲ ਦੇ ਘਰ ਜਾਕੇ ਉਸਦੀ ਪਤਨੀ ਅਤੇ ਬੱਚਿਆਂ ਨੂੰ ਦਿਲਾਸਾ ਦਿੰਦੇ ਰਹੇ ਅਤੇ ਦਿਨ ਦੇ ਛਿਪਾ ਨਾਲ ਘਰ ਆ ਗਏ।

ਅੱਧੀ ਕੁ ਰਾਤ ਦਾ ਵੇਲਾ ਹੋਵੇਗਾ, ਅਜੇ ਮਸਾਂ ਅੱਖ ਲੱਗੀ ਸੀ ਕਿ ਫੋਨ ਦੀ ਘੰਟੀ ਖੜਕ ਪਈ। ਅੱਗੇ ਤਾਂ ਸੋਚੀਦਾ ਕਿ ਚਲੋ ਜੇ ਅੱਧੀ ਰਾਤ ਵੇਲੇ ਫੋਨ ਆਇਆ ਹੈ ਤਾਂ ਇੰਡੀਆ ਤੋਂ ਹੋਊ ਪਰ ਅੱਜ ਤਾਂ ਕਿਸੇ ਅਣਜਾਣੇ ਜਿਹੇ ਡਰ ਨਾਲ ਮਨ ਨੂੰ ਕੰਬਣੀ ਜਿਹੀ ਛਿੜ ਗਈ ਸੀ। ਫੋਨ ਚੁੱਕਿਆ ਤਾਂ ਅਲਬੇਲ ਦੀ ਪਤਨੀ ਬੋਲ ਰਹੀ ਸੀ, 'ਤੇਰੇ ਭਾਅ ਜੀ ਦੀ ਹਾਲਤ ਠੀਕ ਨਹੀਂ ਹਸਪਤਾਲੋਂ ਹੁਣੇ ਫੋਨ ਆਇਆ ਸੀ, ਤੁਸੀਂ ਜਿੰਨੀ ਜਲਦੀ ਹੋ ਸਕੇ ਕਾਰ ਲੈ ਕੇ ਆ ਜਾਵੋ। ਆਪਾਂ ਹਸਪਤਾਲ ਜਾਣਾ ਹੈ। ਉਸਦੀ ਅਵਾਜ਼ ਵਿਚ ਇਕ ਸਹਿਮ ਅਤੇ ਕੰਬਣੀ ਸੀ। ਮੈਂ 'ਹੁਣੇ ਆਇਆ ਕਹਿਕੇ ਜਲਦੀ ਨਾਲ ਕਪੜੇ ਪਾਉਣ ਲੱਗਿਆ। ਆਪਣੀ ਪਤਨੀ ਨੂੰ ਜਲਦੀ ਵਾਪਿਸ ਆਉਣ ਲਈ ਕਹਿਕੇ ਮੈਂ ਤੁਰੰਤ ਅਲਬੇਲ ਦੇ ਘਰ ਪੁੱਜਾ। ਉਸਦੀ ਪਤਨੀ ਅਤੇ ਬੱਚੇ ਸਿਸਕ ਰਹੇ ਸਨ। ਮੈਂ ਤੁਰੰਤ ਉਨਾਂ ਨੂੰ ਕਾਰ 'ਚ ਬਿਠਾ ਕੇ ਹਸਪਤਾਲ ਪੁੱਜਾ। ਉਸਦੇ ਕਮਰੇ 'ਚ ਜਾਕੇ ਵੇਖਿਆ ਤਾਂ ਡਾਕਟਰਾਂ ਦੀ ਪੂਰੀ ਟੀਮ ਉਸ ਨੂੰ ਅਪ੍ਰੇਸ਼ਨ ਥੀਏਟਰ ਵਿਚ ਲਿਜਾਣ ਦੀ ਤਿਆਰੀ ਕਰ ਰਹੀ ਸੀ। ਉਹ ਆਪਣੀ ਚੇਤਨਾ ਖੋਅ ਚੁਕਾ ਸੀ। ਸ਼ਾਇਦ ਉਸ ਦੇ ਅੰਦਰ ਖ਼ੂਨ ਡਿੱਗਣਾ ਬੰਦ ਨਹੀਂ ਸੀ ਹੋਇਆ। ਫੇਰ ਉਸ ਨੂੰ ਅਪ੍ਰੇਸ਼ਨ ਲਈ ਲਿਜਾਇਆ ਗਿਆ। ਉਹ ਪੌਣਾ ਘੰਟਾ ਸਾਡੇ ਲਈ ਏਨਾ ਕਠਿਨ ਸੀ ਜਿਵੇਂ ਕਿਸੇ ਨੂੰ ਅਣਗਿਣਤ ਖੰਜਰਾਂ ਦੀ ਨੋਕਾਂ ਤੇ ਲਿਟਾ ਦਿੱਤਾ ਗਿਆ ਹੋਵੇ। ਇਸ ਸਮੇਂ ਦੌਰਾਨ ਅਲਬੇਲ ਦੀ ਪਤਨੀ ਅਮਰ ਅਤੇ ਉਸਦੇ ਦੋਨੋਂ ਬੱਚੇ ਅਥਰੂ ਕੇਰਦੇ ਮਨ ਹੀ ਮਨ ਰੱਬ ਅੱਗੇ ਦੁਆਵਾਂ ਕਰਦੇ ਰਹੇ ਅਤੇ ਹਰ ਆਉਣ ਜਾਣ ਵਾਲੇ ਡਾਕਟਰ ਦੇ ਚਿਹਰੇ ਨੂੰ ਤਾੜਦੇ ਰਹੇ। ਆਖਿਰ ਉਹੀ ਹੋਇਆ ਜਿਸਦਾ ਡਰ ਸੀ। ਇਕ ਡਾਕਟਰ ਨੇ ਆਕੇ 'ਸੌਰੀ'

ਕਹਿਕੇ ਨਾਂਹ ਵਿਚ ਸਿਰ ਫੇਰ ਦਿੱਤਾ ਕਿ ਅਸੀਂ ਅਲਬੇਲ ਸਿੰਘ ਨੂੰ ਬਚਾ ਨਹੀਂ ਸਕੇ। ਉਸ ਤੋਂ ਬਾਅਦ ਅਮਰ ਅਤੇ ਉਸਦੇ ਬੱਚਿਆਂ ਦੀ ਕਰੁਣਾਮਈ ਹਾਲਤ ਝੱਲੀ ਨਹੀਂ ਸੀ ਜਾ ਰਹੀ, ਉਹ ਵਿਰਲਾਪ ਕਰ ਰਹੇ ਸਨ। ਮੈਂ ਪੇਅ-ਫੋਨ ਤੋਂ ਇਸ ਖ਼ਬਰ ਦੀ ਸੂਚਨਾ ਆਪਣੀ ਪਤਨੀ ਨੂੰ ਦੇ ਦਿੱਤੀ ਤੇ ਆਪਣੇ ਲੇਟ ਆਉਣ ਬਾਰੇ ਦੱਸ ਦਿੱਤਾ।

ਫਿਰ ਅਸੀਂ ਦੇਖਿਆ ਅਲਬੇਲ ਦੀ ਮੁਰਦਾ ਦੇਅ ਬੈੱਡ ਤੇ ਪਈ ਸੀ। ਆਕਸੀਜ਼ਨ ਤੇ ਗੁਲੂਕੋਜ਼ ਉਤਾਰ ਲਏ ਗਏ ਸਨ। ਸਾਹਾਂ ਦਾ ਪੰਛੀ ਉਡਾਰੀ ਮਾਰ ਗਿਆ ਸੀ। ਉਸਦੀ ਪਤਨੀ ਤੇ ਬੱਚੇ ਵਿਰਲਾਪ ਕਰ ਰਹੇ ਸਨ ਅਤੇ ਠੰਢੇ ਹੋ ਚੁੱਕੇ ਅਲਬੇਲ ਨੂੰ ਚਿੰਬੜ ਚਿੰਬੜ ਕੇ ਵਾਜਾਂ ਮਾਰ ਰਹੇ ਸਨ। ਫੇਰ ਕੁੱਝ ਹੀ ਮਿੰਟਾਂ ਬਾਅਦ ਅਲਬੇਲ ਦੇ ਮੁਰਦਾ ਜਿਸਮ ਨੂੰ ਡਾਕਟਰਾਂ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਅਤੇ ਸਾਨੂੰ ਰੋਂਦੇ ਕੁਰਲਾਉਂਦਿਆਂ ਨੂੰ ਕਮਰੇ 'ਚੋਂ ਬਾਹਰ ਹੋਣ ਲਈ ਆਖਿਆ। ਅਮਰ ਅਤੇ ਉਸਦੇ ਬੱਚਿਆਂ ਨੂੰ ਘਰ ਛੱਡਣ ਦੀ ਜ਼ਿੰਮੇਵਾਰੀ ਮੇਰੀ ਸੀ। ਮੈਂ ਉਹਨਾਂ ਨੂੰ ਘਰ ਲੈ ਆਇਆ ਤਾਂਕਿ ਇਸ ਦੁੱਖ ਭਰੀ ਸਥਿਤੀ ਵਿਚ ਮੇਰੀ ਪਤਨੀ ਅਮਰ ਨੂੰ ਦਿਲਾਸਾ ਦੇ ਸਕੇ। ਮੈਂ ਆਪਣੇ ਬੱਚੇ ਸਮੇਤ ਅਲਬੇਲ ਦੇ ਬੱਚਿਆਂ ਨੂੰ ਲੈ ਕੇ ਉਪਰਲੇ ਕਮਰੇ ਵਿਚ ਲੈ ਗਿਆ ਤਾਂ ਕਿ ਉਨ੍ਹਾਂ ਦੇ ਖਿਆਲ ਨੂੰ ਹੋਰ ਪਾਸੇ ਪਾ ਸਕਾਂ ਅਤੇ ਮੇਰੀ ਪਤਨੀ ਅਲਬੇਲ ਦੀ ਪਤਨੀ ਨੂੰ ਚੁੱਪ ਕਰਾਉਣ ਲੱਗੀ। ਅੱਜ ਦੀ ਰਾਤ ਇਸ ਪਰਿਵਾਰ ਲਈ ਕਹਿਰ ਦੀ ਰਾਤ ਸੀ। ਬੱਚੇ ਤਾਂ ਸਹਿਮ ਭਰੇ ਮਨ ਨਾਲ ਸੌਂ ਗਏ। ਪਰ ਅਸੀਂ ਤਿੰਨੋਂ ਸਾਰੀ ਰਾਤ ਅਥਰੂ ਕੇਰਦੇ ਰਹੇ। ਅਲਬੇਲ ਨਾਲ ਗੁਜ਼ਾਰੇ ਪਲ ਫਿਲਮ ਵਾਂਗੂ ਮਸਤਕ ਚੋਂ ਗੁਜ਼ਰਦੇ ਰਹੇ। ਜਿਸ ਕਿਸੇ ਨੂੰ ਵੀ ਅਲਬੇਲ ਬਾਰੇ ਪਤਾ ਲੱਗਦਾ ਗਿਆ ਉਹ ਘਰ ਪਹੁੰਚਦਾ ਰਿਹਾ।

> **“ ਅਸੀਂ ਕਾਹਦੇ ਲਈ ਦੇਸ਼, ਮਾਂ-ਬਾਪ ਅਤੇ ਭੈਣ ਭਰਾਵਾਂ ਨੂੰ ਛੱਡਕੇ ਪਰਦੇਸੀ ਹੋਏ ਬੈਠੇ ਹਾਂ? ”**

ਦੂਸਰਾ ਦਿਨ ਉਸ ਤੋਂ ਵੀ ਦੁੱਖਦਾਈ ਸੀ। ਮੈਂ ਕੰਮ ਤੋਂ ਛੁੱਟੀ ਲੈਕੇ ਆਪਣੇ ਬੇਟੇ ਟਿੰਕੂ ਨੂੰ ਸਕੂਲ ਛੱਡ ਕੇ ਫੇਰ ਹਸਪਤਾਲ ਪਹੁੰਚ ਗਿਆ ਸੀ। ਉਥੇ ਅਲਬੇਲ ਦੇ ਵਾਕਿਫ ਵੱਡੀ ਗਿਣਤੀ ਵਿਚ ਪੁੱਜੇ ਹੋਏ ਸਨ। ਉਸੇ ਸ਼ਾਮ ਨੂੰ ਅਲਬੇਲ ਦੀ ਮੁਰਦਾ ਦੇਹ ਨੂੰ 'ਫਿਊਨਰਲ ਹੋਮ' ਭੇਜ ਦਿੱਤਾ ਗਿਆ। ਉਦੋਂ ਹੀ ਫਿਊਨਰਲ ਹੋਮ ਵਾਲਿਆਂ ਨੇ ਦੱਸਿਆ ਸੀ ਕਿ ਉਸਦੀਆਂ ਅੰਤਿਮ ਰਸਮਾਂ ਪੂਰੀਆਂ ਕਰਨ ਲਈ ਪੈਂਤੀ ਸੌ ਡਾਲਰ ਦੇਣਾ ਪੈਣਾ ਸੀ। ਸੋ ਮੈਂ ਅਲਬੇਲ ਦੀ ਪਤਨੀ ਨੂੰ ਆਖ ਦਿੱਤਾ ਸੀ ਕਿ 'ਭੈਣ ਜੀ ਤੁਸੀਂ ਕੋਈ ਫਿਕਰ ਨਾਂ ਕਰਿਉ ਉਹ ਸਾਡਾ ਵੀ ਭਰਾ ਸੀ ਤੇ ਨਾਲੇ ਜਦੋਂ ਬੰਦਾ ਇਸ ਦੁੱਖ ਦੇ ਸਮੇਂ ਕੰਮ ਨਾਂ ਆਇਆ ਫੇਰ ਕਦੋਂ ਆਉਣਾ ਸੀ।' ਅੱਗੋਂ ਅਲਬੇਲ ਦੀ ਪਤਨੀ ਨੇ ਰੋਂਦਿਆਂ ਕਿਹਾ ਸੀ, 'ਭਾਅ ਜੀ ਸਾਡੇ ਤੇ ਤਾਂ ਦੁੱਖਾਂ ਦੇ ਪਹਾੜ ਹੀ ਟੁੱਟ ਪਏ ਨੇ ਮੈਨੂੰ ਤਾਂ ਇਹ ਵੀ ਨਹੀਂ ਪਤਾ ਕਿਹੜੇ ਅਕਾਊਂਟ 'ਚ ਕਿੰਨੇ ਪੈਸੇ ਹੈਗੇ ਨੇ। ਹੈਗੇ ਵੀ ਨੇ ਜਾਂ ਨਹੀਂ? ਅਸੀ ਤਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਇਹ ਕੁੱਝ ਵੀ ਹੋ ਜਾਣਾ ਹੈ, ਨਾਲੇ ਉਨਾਂ ਨੂੰ ਕਿਹੜਾ ਪਤਾ ਸੀ। ਅਜੇ ਅੱਗੋਂ ਪਤਾ ਨਹੀਂ ਕੀ ਬਣਨਾ ਹੈ, ਕਾਰ ਚਲਾਉਣੀ ਮੈਨੂੰ ਨਹੀਂ ਆਉਂਦੀ, ਅੰਗਰੇਜ਼ੀ ਢੰਗ ਨਾਲ ਮੈਨੂੰ ਨਹੀਂ ਬੋਲਣੀ ਆਂਉਂਦੀ, ਮੈਂ ਕਿੱਥੇ ਜਾਵਾਂਗੀ ਤੇ ਕੀ ਕਰਾਂਗੀ?' ਆਪਣੇ ਧੁੰਦਲੇ ਭਵਿੱਖ ਬਾਰੇ ਸੋਚ ਕੇ ਅਮਰ ਦੀ ਧਾਹ ਨਿਕਲ ਗਈ। ਬੱਚੇ ਅਜੇ ਛੋਟੇ ਛੋਟੇ ਸਨ। ਨਾਲੇ ਪ੍ਰਦੇਸਾਂ ਵਿਚ 'ਕੱਲੀ ਕਾਰੀ ਜਨਾਨੀ ਦਾ ਹੁੰਦਾ ਵੀ ਕੌਣ ਹੈ। ਪਰ ਇਹ ਸਮਾਂ ਹੀ ਅਜਿਹਾ ਸੀ ਜਦੋਂ ਅਲਬੇਲ ਦੇ ਸਾਰੇ ਦੋਸਤਾਂ ਨੇ ਰਲ ਕੇ ਹਰ ਤਰ੍ਹਾਂ ਦੀ ਮਦਦ ਕੀਤੀ ਜਿੰਨੀ ਕੁ ਵੀ ਉਹ ਕਰ ਸਕਦੇ ਸੀ।

ਫਿਊਨਰਲ ਦਾ ਸਾਰਾ ਪ੍ਰਬੰਧ ਹੋ ਚੁੱਕਿਆ ਸੀ। ਅਲਬੇਲ ਦੇ ਸ਼ਰੀਰ ਨੂੰ ਨੁਹਾ ਧੁਆ ਕੇ ਅਤੇ ਕੈਮੀਕਲ ਵਗੈਰਾ ਲਾਕੇ, ਸੋਹਣੇ ਕਪੜੇ ਪੁਆ ਇਕ ਬੰਦ ਹੋਣ ਵਾਲੇ ਲੱਕੜ ਦੇ ਬਕਸੇ ਵਿਚ ਲੰਮਾਂ ਪਾ ਦਿੱਤਾ ਗਿਆ ਸੀ। ਉਸ ਦੇ ਕੁਝ ਦੋਸਤਾਂ ਮਿੱਤਰਾਂ ਨੇ ਫਿਊਨਰਲ ਹੋਮ ਦੇ ਪ੍ਰਬੰਧਕਾਂ ਨੂੰ ਕਹਿ ਕੇ ਟੋਪੀ ਦੀ ਜਗ੍ਹਾ ਪਗੜੀ ਵੀ ਬੰਨਵਾ ਦਿੱਤੀ ਸੀ। ਹੁਣ ਉਸਦਾ ਸ਼ਰੀਰ ਇਕ ਵੱਖਰੇ ਕਮਰੇ ਵਿਚ ਪਿਆ ਸੀ। ਉਸਦੇ ਕਮਰੇ ਅੱਗੇ ਉਸਦੇ ਨਾਂਉ ਵਾਲੀ ਪਲੇਟ ਲੱਗੀ ਹੋਈ ਸੀ ਜਿਸਦੇ ਹੇਠਾਂ ਉਸਦਾ ਜਨਮ ਅਤੇ ਮਰਨ ਦੀ ਤਾਰੀਖ ਅੰਕਿਤ ਸੀ। ਕਮਰੇ ਅੰਦਰ ਵੜਨ ਸਾਰ ਹੀ ਇਕ ਛੋਟੇ ਜਿਹੇ ਡੈਸਕ ਤੇ ਇਕ ਰਜਿਸਟਰ ਪਿਆ ਸੀ ਜਿਸ ਉਪਰ ਅਲਬੇਲ ਦੀ ਸੰਖੇਪ ਜਿਹੀ ਜ਼ਿੰਦਗੀ ਲਿਖੀ ਹੋਈ ਸੀ। ਅਫਸੋਸ ਕਰਨ ਆਉਣ ਵਾਲੇ ਇਸੇ ਰਜਿਸਟਰ ਤੇ ਦਸਤਖ਼ਤ ਕਰ ਆਪਣੀ ਹਾਜ਼ਰੀ ਲੁਆ ਰਹੇ ਸਨ। ਉਨਾਂ ਹੀ ਅਫਸੋਸ ਕਰਨ ਵਾਲਿਆਂ ਵਿਚ ਮੈਂ ਅਤੇ ਮੇਰੀ ਪਤਨੀ ਵੀ ਸ਼ਾਮਿਲ ਸੀ। ਸਾਨੂੰ ਵੀ ਗੋਰੇ ਸੰਤਰੀ ਨੇ ਬੜੇ ਹੀ ਸਤਿਕਾਰ ਨਾਲ ਦਰਵਾਜਾ ਖੋਹਲ ਕੇ ਅੰਦਰ ਜਾਣ ਲਈ ਕਿਹਾ। ਅੰਦਰ ਵੜੇ ਤਾਂ ਮਨ ਨੂੰ ਕੰਬਣੀ ਜਿਹੀ ਛਿੜ ਗਈ, ਯਕੀਨ ਹੀ ਨਹੀਂ ਸੀ ਆ ਰਿਹਾ ਕਿ ਦਗੜ ਦਗੜ ਕਰਦਾ ਫਿਰਨ ਵਾਲਾ ਉਹ ਅਲਬੇਲ ਸਿੰਘ ਹੁਣ ਨਹੀਂ ਰਿਹਾ। ਰਜਿਸਟਰ ਵਿਚ ਦਸਤਖਤ ਕਰਕੇ ਅੱਗੇ ਵਧੇ ਤਾਂ ਉਹ ਪਿਆ ਸੀ, ਲੱਕੜ ਦੇ ਬਕਸੇ ਵਿਚ ਲੇਟਿਆ ਹੋਇਆ। ਸਿਰ ਦੇ ਕੋਲ ਤਾਜ਼ੇ ਫੁੱਲਾਂ ਦਾ ਗੁਲਦਸਤਾ ਪਿਆ ਸੀ ਜਿਨਾਂ ਦਾ ਸੂਹਾ ਰੰਗ ਉਸਦੀ ਟਾਈ ਦੇ ਰੰਗ ਨਾਲ ਮਿਲਦਾ ਸੀ ਅਤੇ ਸਿਰ ਉਤੇ ਦੁਧੀਆ ਰੰਗ ਦੀ ਲਾਈਟ ਜਗ ਰਹੀ ਸੀ। ਕਾਲਾ ਕੋਟ ਪੈਂਟ, ਉਨਾਭੀ ਪਗੜੀ ਅਤੇ ਉਸੇ ਰੰਗ ਦੀ ਟਾਈ ਨਾਲ ਉਹ ਕਿੰਨਾ ਸੋਹਣਾ ਜਾਪ ਰਿਹਾ ਸੀ, ਜਿਵੇਂ ਹੁਣੇ ਉੱਠ ਕੇ ਕਹੇਗਾ 'ਯਾਰ ਮਿੰਦਰ ਇਹ ਕੀ ਕਮਲ ਕੁੱਟ ਰਹੇ ਹੋ? ਮੈਨੂੰ ਕੀ ਹੋਇਆ?' ਪਰ ਕਿੱਥੇ...। ਉਸਦੀ ਪਤਨੀ ਅਤੇ ਬੱਚਿਆਂ ਧਾਹਾਂ ਮਾਰ ਮਾਰ ਕੇ ਉਠਾਉਣ ਦੇ ਅਨੇਕਾਂ ਯਤਨ ਕਰ ਲਏ ਸਨ, ਪਰ ਉਹ ਉੱਠਿਆ ਨਹੀਂ ਸੀਂ। ਅੱਜ ਵੀ ਉਸਦੀ ਪਤਨੀ ਅਤੇ ਬੱਚਿਆਂ ਦਾ ਵਿਰਲਾਪ ਝੱਲਿਆ ਨਹੀਂ ਸੀ ਜਾਂਦਾ। ਦੋਸਤ ਆਉਂਦੇ, ਉਸਦੇ ਕੋਲ ਖੜਕੇ ਅਥਰੂ ਕੇਰਦੇ, ਅਤੇ ਪਰ੍ਹੇ ਹਟਕੇ ਖੜ੍ਹ ਜਾਂਦੇ। ਸਾਰਾ ਫਿਊਨਰਲ ਹੋਮ ਹੀ ਉਦਾਸੀ ਵਿਚ ਡੁੱਬਿਆ ਪਿਆ ਸੀ। ਮੈਂ ਖੜ੍ਹਾ ਖੜ੍ਹਾ ਸੋਚ ਰਿਹਾ ਸੀ ਕਿ ਉਧਰ ਭਾਰਤ ਵਿਚ ਅਲਬੇਲ ਦੇ ਮਾਂ-ਬਾਪ ਜਾਂ ਭਰਾਵਾਂ ਨੂੰ ਕੋਈ ਪਤਾ ਨਹੀਂ ਸੀ ਕਿ ਇਧਰ ਕੀ ਭਾਣਾ ਵਰਤ ਗਿਆ ਹੈ। ਉਸਦੀ ਪਤਨੀ ਨੂੰ ਤਾਂ ਆਪਣੀ ਸੁਰਤ ਨਹੀਂ ਸੀ, ਹੋਰ ਕਈ ਦੋਸਤਾਂ ਨੇ ਫੋਨ ਕਰਨ ਦਾ ਯਤਨ ਵੀ ਕੀਤਾ ਪਰ ਫੋਨ ਤੇ ਗੱਲ ਨਹੀਂ ਸੀ ਹੋ ਸਕੀ। ਪਲ ਦੀ ਪਲ ਮੇਰੇ ਜਿਸਮ ਵਿਚ ਵੀ ਭੈਅ ਦੀ ਤਾਰ ਜਿਹੀ ਫਿਰ ਗਈ। ਭਲਾ ਜੇ ਏਹੋ ਕੁੱਝ ਮੇਰੇ ਨਾਲ ਵਾਪਰ ਜਾਵੇ। ਮੇਰੀ ਪਤਨੀ ਅਤੇ ਬੱਚਿਆਂ ਦਾ ਕੀ ਹਾਲ ਹੋਵੇ। ਮੇਰੇ ਮਾਂ-ਬਾਪ ਅਤੇ ਭੈਣ ਭਰਾ ਵੀ ਤਾਂ ਇੰਡੀਆ ਬੈਠੇ ਹਨ। ਮਾਂ ਬਾਪ ਨੇ ਕਿੰਨੇ ਲਾਡਾਂ ਤੇ ਚਾਵਾਂ ਨਾਲ ਮੈਨੂੰ ਪਾਲਿਆ ਹੈ ਤੇ ਭੈਣਾਂ ਭਰਾਵਾਂ ਨੇ ਬੇਅੰਤ ਪਿਆਰ ਦਿੱਤਾ ਹੈ। ਐਨੀ ਵੱਡੀ ਘਟਨਾ ਵਾਪਰ ਜਾਵੇ ਤੇ ਉਹ ਕੀ ਮਹਿਸੂਸ ਕਰਨ ਐਨੀ ਦੂਰ ਬੈਠੇ। ਮੈਂ ਸੋਚਦਾ ਰਿਹਾ ਕਿ ਅਲਬੇਲ ਬਾਰੇ ਖਬਰ ਵੀ ਸਾਨੂੰ ਜ਼ਰੂਰ ਹੀ ਜਿੰਨੀ ਵੀ ਜਲਦੀ ਹੋ ਸਕੇ ਉਸਦੇ ਮਾਂ-ਬਾਪ ਤੱਕ ਪੁੱਜਦੀ ਕਰਨੀ ਚਾਹੀਦੀ ਹੈ। ਫੇਰ ਮੇਰੇ ਦਿਮਾਗ ਵਿਚ ਆਉਂਦਾ ਰਿਹਾ ਕਿਵੇਂ ਉਹ ਆਪਣੇ ਪਿੰਡ ਦੀਆਂ ਗਲੀਆਂ ਵਿਚ ਖੇਡਦਾ ਹੋਊ। ਉਥੇ ਵੀ ਉਸਦੇ ਕਿੰਨੇ ਦੋਸਤ ਮਿੱਤਰ ਅਤੇ ਰਿਸ਼ਤੇਦਾਰ ਉਸਦੇ ਵਾਪਸ ਪਰਤਕੇ ਆਉਣ ਦੀ ਉਡੀਕ ਕਰ ਰਹੇ ਹੋਣਗੇ...। ਇਹੋ ਜਿਹਾ ਸਾਰਾ ਕੁੱਝ ਇਕ ਵਾਰੀ ਮੈਨੂੰ ਫੇਰ ਰੁਆ ਗਿਆ, ਸੋਚਿਆ ਮੈਂ ਅੱਜ ਜਾਣ ਸਾਰ ਫੋਨ ਕਰਕੇ ਅਲਬੇਲ ਦੀ ਖ਼ਬਰ ਹਰ ਹਾਲਤ ਵਿਚ ਉਸਦੇ ਪਿੰਡ ਪੁੱਜਦੀ ਕਰਾਂਗਾ।

ਕੁੱਝ ਦੇਰ ਠਹਿਰਨ ਤੋਂ ਬਾਅਦ ਭਰੇ ਮਨ ਨਾਲ ਅਸੀਂ ਫਿਊਨਰਲ ਹੋਮ

ਵਿਚੋਂ ਬਾਹਰ ਆ ਗਏ। ਅੱਜ ਮੈਂ ਬਹੁਤ ਉਦਾਸ ਸੀ, ਸਾਰੇ ਰਸਤੇ ਚੁੱਪ ਹੀ ਰਿਹਾ, ਘਰ ਆਕੇ ਅਣਮੰਨੇ ਜਿਹੇ ਮਨ ਨਾਲ ਰੋਟੀ ਖਾਧੀ, ਟਿੰਕੂ, ਟੀ.ਵੀ. ਦੇਖਣ ਦੀ ਜ਼ਿੱਦ ਕਰਦਾ ਸੀ, ਮੈਂ ਉਸਨੂੰ ਝਿੜਕ ਕੇ ਬਿਠਾ ਦਿੱਤਾ ਅਤੇ ਸੋਚਦਾ ਰਿਹਾ ਭਲਾ ਬੰਦੇ ਦਾ ਇਥੇ ਹੈ ਕੀ? ਅਸੀਂ ਕਾਹਦੇ ਲਈ ਦੇਸ਼, ਮਾਂ-ਬਾਪ ਅਤੇ ਭੈਣ ਭਰਾਵਾਂ ਨੂੰ ਛੱਡਕੇ ਪਰਦੇਸੀ ਹੋਏ ਬੈਠੇ ਹਾਂ? ਸਿਰਫ਼ ਪੈਸੇ ਲਈ? ਸਾਰਾ ਕੁੱਝ ਇਕ ਦਿਨ ਪਿਆ ਹੀ ਰਹਿ ਜਾਣਾ ਹੈ। ਫਿਰ ਮੈਂ ਅਲਬੇਲ ਦੀ ਖ਼ਬਰ ਦੇਣ ਲਈ ਘੰਟਾ ਸਾਰਾ ਲੁਧਿਆਣੇ ਨੂੰ ਫੋਨ ਘੁਮਾਉਂਦਾ ਰਿਹਾ ਪਰ ਫੋਨ ਮਿਲਿਆ ਹੀ ਨਾ। ਇਸੇ ਸਮੇਂ ਦੌਰਾਨ ਅਲਬੇਲ ਦੀ ਪਤਨੀ ਦਾ ਫੋਨ ਆ ਗਿਆ, 'ਭਾਅ ਜੀ ਕੱਲ ਨੂੰ ਫਿਊਨਰਲ ਹੈ, ਮੈਨੂੰ ਤੁਸੀਂ ਦੋ ਹਜ਼ਾਰ ਡਾਲਰ ਦੇ ਦਿਓ, ਸੌ ਲੋੜ ਪੈ ਜਾਂਦੀ ਹੈ, ਮੈਂ ਤੁਹਾਨੂੰ ਬਾਅਦ ਵਿਚ ਦੇ ਦੇਵਾਂਗੀ।' ਆਖਣ ਨੂੰ ਤਾਂ ਮੈਂ ਆਖ ਗਿਆ ਕੋਈ ਨਾਂ ਤੁਸੀਂ ਫਿਕਰ ਨਾਂ ਕਰੋ, ਮੈਂ ਦੇ ਦਵਾਂਗਾ। ਪਰ ਮੁੜਕੇ ਮੈਂ ਸਾਰੀ ਰਾਤ ਸੌਂ ਨਹੀਂ ਸੀ ਸਕਿਆ, ਆਖਰ ਮੈਂ ਕਿਥੋਂ ਦੇਵਾਂਗਾ ਐਨੇ ਪੈਸੇ। ਪਹਿਲੀ ਤਾਰੀਖ ਨੂੰ ਘਰ ਦੀ ਮਾਰਗੇਜ਼ ਦੇਣੀ ਹੈ, ਕਾਰ ਦੀ ਇੰਸ਼ੋਰੈਂਸ ਅਤੇ ਕਿਸ਼ਤ ਨਿਪਟਾਉਣੀ ਹੈ। ਫੇਰ ਫੋਨ, ਬਿਜਲੀ ਅਤੇ ਪਾਣੀ ਦਾ ਬਿੱਲ ਦੇਣੇ, ਕਾਰਡਾਂ ਦੀਆਂ ਕਿਸ਼ਤਾਂ ਦੇਣੀਆਂ ਨੇ, ਗਰੋਸਰੀ ਲੈਣੀ ਹੈ ਅਤੇ ਟਿੰਕੂ ਨੂੰ ਸਮਰ ਸਕੂਲ ਭੇਜਣਾ ਹੈ। ਮੈਨੂੰ ਇਕ ਫਿਕਰ ਜਿਹੇ ਨੇ ਘੇਰ ਲਿਆ ਸੀ। ਮੈਂ ਪਤਨੀ ਨੂੰ ਹਲੂਣ ਕੇ ਜਗਾ ਕੇ ਪੁੱਛਿਆ, 'ਅਕਾਂਊਂਟ 'ਚ ਭਲਾ ਕਿੰਨੇ ਕੁ ਪੈਸੇ ਹਨ।' ਅੱਗੋਂ ਪਤਨੀ ਨੇ ਰੁੱਖਾ ਜਿਹਾ ਜਵਾਬ ਦਿੱਤਾ, 'ਤੁਹਾਨੂੰ ਵੀ ਤਾਂ ਪਤਾ ਹੀ ਹੈ, ਪੈਸੇ ਉਥੇ ਕਿੰਨੇ ਕੁ ਹਨ, ਘਰ ਦੇ ਬਿੱਲ ਬੱਤੀਆਂ ਹੀ ਪੂਰੇ ਨਹੀਂ ਹੋਣੇ, ਮੈਨੂੰ ਤਾਂ ਐਤਕੀਂ ਦੀ ਮਾਰਗੇਜ਼ ਦੇਣ ਦਾ ਫਿਕਰ ਲੱਗਿਆ ਹੋਇਆ ਹੈ। ਤੁਸੀਂ ਦੋ ਹਜ਼ਾਰ ਦੇਣ ਦਾ ਵਾਅਦਾ ਕਰਨ ਵੇਲੇ ਕੁਝ ਤਾਂ ਸੋਚ ਲੈਣਾ ਸੀ, ਆਖਿਰ ਆਪਾਂ ਕਿਸ ਕੋਲੋਂ ਮੰਗਕੇ ਦੇਵਾਂਗੇ। ਫੋਨ ਦਾ ਬਿੱਲ ਪਹਿਲਾਂ ਹੀ ਬਥੇਰਾ ਆਇਆ ਪਿਆ ਹੈ ਨਾਲੇ ਆਪਾਂ ਨੂੰ ਫੋਨ ਕਰਨ ਦੀ ਕਿੰਨੀ ਕੁ ਜ਼ਰੂਰਤ ਹੈ, ਪੱਚੀ ਤੀਹ ਡਾਲੇ ਇਹ ਪੈ ਜਾਣੇ ਨੇ, ਆਪਾਂ ਐਨੇ ਖਰਚ ਕਿਥੋਂ ਪੂਰੇ ਕਰਾਂਗੇ। ਆਪੇ ਉਸਦਾ ਕੋਈ ਰਿਸ਼ਤੇਦਾਰ ਫੋਨ ਕਰ ਦੇਵੇਗਾ।' ਘੜੀ ਦੀ ਘੜੀ ਮੈਨੂੰ ਪਤਨੀ ਤੇ ਗੁੱਸਾ ਵੀ ਆਇਆ ਅਤੇ ਆਪਣਾ ਜਿਸਮ ਤੰਗੀਆਂ ਦੇ ਵੇਲਣੇ ਵਿਚ ਪੀੜ ਹੁੰਦਾ ਵੀ ਜਾਪਿਆ। ਆਖਰ ਮੈਂ ਕੱਲ੍ਹ ਨੂੰ ਦੋ ਹਜ਼ਾਰ ਡਾਲਰ ਕਿਥੋਂ ਕਢਵਾ ਕੇ ਦੇਣਾ ਸੀ? ਜੇ ਨਾਂ ਦਿੱਤਾ ਤਾਂ ਅਲਬੇਲ ਦੀ ਪਤਨੀ ਕੀ ਸੋਚੇਗੀ? ਮੈਨੂੰ ਇਨ੍ਹਾਂ ਹੀ ਭੰਨਾਂ-ਘੜਤਾਂ ਵਿਚ ਨੀਂਦ ਨਹੀਂ ਸੀ ਪਈ। ਜੀ ਕਰਦਾ ਸੀ ਕਿ ਸਵੇਰੇ ਕਿਸੇ ਦੇ ਮੱਥੇ ਨਾਂ ਲੱਗਾਂ।

ਦੂਸਰੇ ਦਿਨ ਬੈਡ ਤੋਂ ਮਸਾਂ ਉੱਠ ਹੋਇਆ। ਪਤਨੀ ਨੂੰ ਕਿਹਾ, 'ਤੇਰਾ ਓਵਰ ਟਾਈਮ ਲੱਗਣਾ ਹੈ ਤੂੰ ਕੰਮ ਤੇ ਚਲੀ ਜਾਹ, ਜਿਹੜੇ ਤੀਹ ਚਾਲੀ ਡਾਲਰ ਬਣਨਗੇ ਉਹੀ ਸਹੀ। ਗਰੋਸਰੀ ਵਗੈਰਾ ਮੈਂ ਆਪ ਹੀ ਲੈ ਆਵਾਂਗਾ।' ਅੱਗੋਂ ਪਤਨੀ ਵੀ ਏਹੋ ਚਾਹੁੰਦੀ ਸੀ। ਘੜੀ ਦੀ ਘੜੀ ਉਸ ਨੂੰ ਅਲਬੇਲ ਦੀ ਮੌਤ ਭੁੱਲ ਗਈ। ਫੇਰ ਕੁੱਝ ਹੀ ਪਲਾਂ ਵਿਚ ਪਤਨੀ ਕੰਮ ਤੇ ਜਾਣ ਲਈ ਤਿਆਰ ਹੋ ਗਈ ਤੇ ਮੈਂ ਉਸਨੂੰ ਕੰਮ ਤੇ ਛੱਡਕੇ ਘਰ ਪਰਤ ਆਇਆ। ਫੇਰ ਟਿੰਕੂ ਨੂੰ ਨਾਲ ਲੈਕੇ ਇਕ ਸਟੋਰ ਤੋਂ ਦੂਜੇ ਸਟੋਰ ਦਾ ਚੱਕਰ ਲਾਕੇ ਜ਼ਰੂਰਤ ਦਾ ਸਾਰਾ ਸਮਾਨ ਲੈਂ ਲਿਆ ਸੀ। ਪਰ ਮੈਨੂੰ ਲੱਗਦਾ ਸੀ ਕਿ ਮੈਂ ਕੁੱਝ ਵੇਚ ਦਿੱਤਾ ਹੈ। ਮੇਰੇ ਅੰਦਰੋਂ ਕੋਈ ਚੀਜ਼ ਟੁੱਟ ਗਈ ਹੈ, ਮੇਰੇ ਅੰਦਰੋਂ ਕੁਝ ਮਰ ਗਿਆ ਹੈ। ਮੈਂ ਘੋਰ ਉਦਾਸੀ ਵਿਚ ਡੁੱਬਿਆ ਰਿਹਾ, ਛੋਟੀਆਂ ਛੋਟੀਆਂ ਗੱਲਾਂ ਤੇ ਖਿੱਝ ਜਿਹੀ ਚੜਦੀ ਰਹੀ ਤੇ ਮੈਂ ਬੁੜਬੜਾਉਂਦਾ ਰਿਹਾ, 'ਸਾਲਾ ਕਿਹੋ ਜਿਹਾ ਗੰਦਾ ਸਿਸਟਮ ਹੈ ਇਥੋਂ ਦਾ, ਜਿਥੇ ਬੰਦੇ ਅੰਦਰੋਂ ਬੰਦਾ ਹੀ ਮਰ ਜਾਂਦਾ ਹੈ, ਜਿਥੇ ਹਰ ਬੰਦਾ ਆਪਣੀ ਜ਼ਮੀਰ ਨੂੰ ਵੇਚਣ ਤੇ ਮਜ਼ਬੂਰ ਹੋ ਜਾਂਦਾ ਹੈ। ਕੀ ਏਹੋ ਸਾਡੀ ਅਮੀਰੀ ਹੈ? ਸਾਡੇ ਘਰ, ਸੋਹਣੀਆਂ ਕਾਰਾਂ, ਫੋਕੀ ਹੈਂਕੜ ਹੀ ਸਾਡੇ ਪੱਲੇ ਹੈ ਜੋ ਅਸਾਂ ਇਨਸਾਨੀਅਤ ਵੇਚ ਕੇ ਖਰੀਦੀ ਹੈ।' ਜੀ ਕਰਦਾ ਸੀ ਆਪਣੇ ਵਤਨ ਪਰਤ ਜਾਈਏ, ਜਿਥੇ ਹਜ਼ਾਰਾਂ ਦੋਸਤ ਮਿੱਤਰ ਰਿਸ਼ਤੇਦਾਰ ਅਤੇ ਆਪਣੇ ਸਕੇ ਸਬੰਧੀ ਸਨ। ਇਸ ਮੁਲਕ ਵਿਚ ਸਾਡਾ ਕੀ ਸੀ? ਇਨ੍ਹਾਂ ਹੀ ਸੋਚਾਂ ਵਿਚ ਡੁੱਬਿਆ ਮੈਂ ਕੰਮ ਤੋਂ ਪਤਨੀ ਨੂੰ ਚੁੱਕ ਲਿਆਇਆ। ਦੁਪਹਿਰ ਦਾ ਇਕ ਵੱਜਣ ਵਾਲਾ ਸੀ। ਅਸੀਂ ਅਲਬੇਲ ਦੇ ਫਿਊਨਰਲ ਤੇ ਵੀ ਜਾਣਾ ਸੀ। ਘਰ ਆ ਕੇ ਅਸੀਂ ਮਾਤਮੀ ਡਰੈਸ ਪਾਈ। ਅੱਜ ਮਨ ਬਹੁਤ ਦੁਖੀ ਸੀ ਜਿਸ ਦਾ ਕਾਰਨ ਅਲਬੇਲ ਦੀ ਮੌਤ ਨਹੀਂ ਸੀ। ਅਲਬੇਲ ਦੇ ਘਰ ਅਸੀਂ ਆਮ ਲੋਕਾਂ ਨਾਲੋਂ ਲੇਟ ਪਹੁੰਚੇ ਅਤੇ ਬਹਾਨਾ ਲਾਇਆ ਕਿ ਮੈਂ ਆਪਣੀ ਪਤਨੀ ਅਮਰਜੀਤ ਨੂੰ ਡਾਕਟਰ ਦੇ ਲੈਕੇ ਗਿਆ ਸੀ ਤਾਂ ਲੇਟ ਹੋ ਗਿਆ। ਤੇ ਇਹੀ ਬਹਾਨਾ ਬਣਾ ਕੇ ਮੈਂ ਅਮਰ ਨੂੰ ਕਹਿਣਾ ਚਾਹੁੰਦਾ ਸੀ ਕਿ ਮੈਂ ਪੈਸੇ ਨਹੀਂ ਲਿਆ ਸੱਕਿਆ। ਸੋ ਅਸੀਂ ਉਦਾਸੀ ਅਤੇ ਘਟੀਆਪਣ ਦੇ ਅਹਿਸਾਸ ਨਾਲ ਲੱਦੇ ਖੜੇ ਰਹੇ। ਜਿਵੇਂ ਹਰ ਕੋਈ ਸਾਨੂੰ ਲਾਹਣਤਾ ਪਾ ਰਿਹਾ ਸੀ, 'ਮਿੰਦਰਾ ਆਹ ਤੁਸੀਂ ਕੀ ਕੀਤੀ, ਇਕ ਤਾਂ ਸਮੇਂ ਸਿਰ ਨਹੀਂ ਪੁੱਜੇ, ਦੂਜਾ ਪੈਸਿਆਂ ਦਾ ਵੀ ਕੁੱਝ ਨਹੀਂ ਕੀਤਾ, ਨਹੀਂ ਕੋਲ ਸੀ ਤਾਂ ਫੋਨ ਤੇ ਵਾਇਦਾ ਹੀ ਨਾਂ ਕਰਦੇ, ਉਹ ਵਿਚਾਰੀ ਕਿਤੋਂ ਹੋਰ ਪ੍ਰਬੰਧ ਕਰ ਲੈਂਦੀ। ਇਹ ਤੁਸੀਂ ਦੋਸਤੀ ਦਾ ਚੰਗਾ ਮੁੱਲ ਪਾਇਆ।' ਉਧਰ ਅਲਬੇਲ ਦੀ ਪਤਨੀ ਹੁਬਕੀਂ ਹੁਬਕੀਂ ਰੋ ਰਹੀ ਸੀ। ਮੈਂ ਹੌਸਲਾ ਜਿਹਾ ਕਰਕੇ ਆਪਣੀ ਪਤਨੀ, ਅਮਰਜੀਤ, ਨੂੰ ਉਸ ਨੂੰ ਚੁੱਪ ਕਰਾਉਣ ਲਈ ਕਹਿ ਦਿੱਤਾ ਸੀ। ਫਿਰ ਅਮਰਜੀਤ, ਅਮਰੋ ਨੂੰ ਚੁੱਪ ਕਰਾਉਂਦੀ ਰਹੀ ਅਤੇ ਦਿਲਾਸੇ ਦਿੰਦੀ ਰਹੀ ਪਰ ਹੀਣਤਾ ਭਾਵ ਸਾਰਾ ਸਮਾਂ ਹੀ ਉਸ ਤੇ ਭਾਰੂ ਰਿਹਾ।

> "ਸਾਲਾ ਕਿਹੋ ਜਿਹਾ ਗੰਦਾ ਸਿਸਟਮ ਹੈ ਇਥੋਂ ਦਾ, ਜਿਥੇ ਬੰਦੇ ਅੰਦਰੋਂ ਬੰਦਾ ਹੀ ਮਰ ਜਾਂਦਾ ਹੈ...?"

ਮੈਂ ਖਿਆਲ ਨਾਲ ਦੇਖਿਆ ਕਿ ਹੁਣ ਅਲਬੇਲ ਦਾ ਚਿਹਰਾ ਮੁਰਝਾਅ ਚੁੱਕਾ ਸੀ। ਉਸਦੇ ਸਿਰ ਵਲ ਪਏ ਫੁੱਲਾਂ ਦੀ ਮਹਿਕ ਜਿਵੇਂ ਉੱਡ ਗਈ ਸੀ। ਫੇਰ ਮਿੱਥੇ ਸਮੇਂ ਅਨੁਸਾਰ ਪ੍ਰਬੰਧਕਾਂ ਨੇ ਉਸਦਾ ਬਕਸਾ ਬੰਦ ਕਰ ਦਿੱਤਾ। ਫੇਰ ਕਿੰਨੇ ਹੀ ਦੋਸਤਾਂ ਨੇ ਬਕਸੇ ਨੂੰ ਫਿਊਨਰਲ ਹੋਮ ਵਾਲਿਆਂ ਦੀ ਕਾਲੀ ਕਾਰ ਤੱਕ ਪਹੁੰਚਾਣ ਲਈ ਆਖਿਆ। ਉਦੋਂ ਵੀ ਮੈਂ ਮਹਿਸੂਸ ਕਰਦਾ ਰਿਹਾ ਕਿ ਮੈਂ ਅੱਜ ਸਭ ਕੰਮਾਂ ਲਈ ਪਿੱਛੇ ਕਿਉਂ ਖੜਾਂ ਹਾਂ, ਲੋਕ ਕੀ ਸੋਚਣਗੇ? ਮੈਂ ਪਿਛਲੀ ਲਾਈਨ ਚੋਂ ਅੱਗੇ ਵਾਲੀ ਲਾਈਨ 'ਚ ਆ ਗਿਆ।' ਉਹ ਬੰਦੇ ਜਿਨ੍ਹਾਂ ਨੇ ਕਦੇ ਅਲਬੇਲ ਨੂੰ ਚੱਜ ਨਾਲ ਬੁਲਾਇਆ ਵੀ ਨਹੀਂ ਸੀ ਅੱਜ ਬੜੀ ਮਜ਼ਬੂਤੀ ਨਾਲ ਉਸਦੇ ਬਕਸੇ ਨੂੰ ਫੜਕੇ ਤੁਰ ਰਹੇ ਸਨ। ਜਿਵੇਂ ਹਰ ਕੋਈ ਦੰਭ ਰਚ ਰਿਹਾ ਸੀ। ਮੈਨੂੰ ਜਾਪਦਾ ਸੀ ਜਿਵੇਂ ਅਜੇ ਵੀ ਅਲਬੇਲ ਉੱਠ ਕੇ ਕਹੇਗਾ, 'ਮਿੰਦਰਾ ਇਹ ਸਾਰੇ ਸਾਲੇ ਦੰਭੀ ਲੋਕ ਹਨ ਜੋ ਜੀਉਂਦੇ ਜੀਅ ਕਿਸੇ ਦੇ ਕੰਮ ਨਹੀਂ ਆਉਂਦੇ ਅਤੇ ਮਰਨ ਤੋਂ ਬਾਅਦ ਸਕੇ ਸਬੰਧੀ ਬਣ ਜਾਂਦੇ ਨੇ। ਮੈਨੂੰ ਨਫਰਤ ਹੈ ਇਨ੍ਹਾਂ ਲੋਕਾਂ ਤੋਂ ਮੈਂ ਇਨਾਂ ਦੀ ਅਸਲੀਅਤ ਸਮਝਦਾ ਹਾਂ।' ਪਰ ਅਜਿਹਾ ਕਿਥੇ ਹੋਣਾ ਸੀ।

ਫਿਰ ਕਾਰਾਂ ਦਾ ਲੰਬਾ ਕਾਫ਼ਲਾ ਕਬਰਸਤਾਨ ਵਲ ਵਧਣ ਲੱਗਾ। ਕਾਲੇ ਕੋਟ ਪੈਂਟ, ਕਾਲੀਆਂ ਟਾਈਆਂ ਤੇ ਪੱਗਾਂ, ਕਾਲੀਆਂ ਹੀ ਕਾਰਾਂ ਇਕ ਵਿਸ਼ੇਸ਼ ਕਿਸਮ ਦਾ ਮਾਹੌਲ ਪੈਦਾ ਕਰ ਰਹੇ ਸਨ। ਪਰ ਕਾਲੇ ਕੋਟਾਂ ਪੈਂਟਾਂ ਅੰਦਰ ਧੜਕ ਰਹੇ ਦਿਲ ਅਤੇ ਵਗ ਰਹੇ ਖੂਨ ਦਾ ਰੰਗ ਕਿਸੇ ਨੂੰ ਵੀ ਦਿਖਾਈ ਨਹੀਂ ਸੀ ਦੇ ਰਿਹਾ। ਫਿਊਨਰਲ ਵਾਲੇ ਸਥਾਨ ਤੇ ਪਹੁੰਚ ਕੇ ਅੰਤਿਮ ਰਸਮਾਂ ਦਾ ਸਮਾਂ ਆ ਚੁੱਕਾ ਸੀ। ਧਾਰਮਿਕ ਰਸਮਾਂ ਪੂਰੀਆਂ ਕਰਨ ਤੋਂ ਬਾਅਦ ਗੁਰਦੁਆਰੇ ਤੋਂ ਆਏ ਹੋਏ 'ਗਿਆਨੀ ਜੀ' ਨੇ ਲੋਕਾਂ ਨੂੰ ਗੁਰੂ ਦਾ ਭਾਣਾ ਮੰਨਣ ਦਾ ਉਪਦੇਸ਼

ਦਿੱਤਾ ਤੇ ਵਾਹਿਗੁਰੂ ਵਾਹਿਗੁਰੂ ਕਰਨ ਲਈ ਆਖਿਆ। ਫੇਰ ਉਸ ਨੇ ਮਨੁੱਖੀ ਨਾਸ਼ਵਾਨ ਸ਼ਰੀਰ ਸਬੰਧੀ ਵਖਿਆਨ ਕੀਤਾ ਕਿ 'ਸਾਧ ਸੰਗਤ ਜੀ, ਸਾਰੇ ਮਨੁੱਖ ਠੀਕਰੀਆਂ ਸਮਾਨ ਹਨ, ਪਤਾ ਨਹੀਂ ਕਿਹੜੀ ਠੀਕਰੀ ਕਿਥੇ ਆਕੇ ਟੁੱਟਣੀ ਹੈ, ਇਹ ਤਾਂ ਸਤਿਗੁਰੂ ਹੀ ਜਾਣਦੇ ਹਨ। ਸਰਦਾਰ ਅਲਬੇਲ ਸਿੰਘ ਵੀ ਬੜੇ ਚੰਗੇ ਗੁਰਸਿੱਖ ਸਨ, ਉਨ੍ਹਾਂ ਦਾ ਸਾਰਾ ਜੀਵਨ ਸਤਿਗੁਰੂ ਨੂੰ ਸਮਰਪਿਤ ਰਿਹਾ।' ਪਰ ਮੈਂ ਸੋਚਦਾ ਰਿਹਾ ਕਿ ਕਿਵੇਂ ਵਿਚਾਰਾ ਅਲਬੇਲ ਰੀਫਿਊਜੀ ਬਣਕੇ ਬਾਹਰ ਆਇਆ ਸੀ। ਉਸਦਾ ਸਾਰਾ ਪਰਿਵਾਰ ਠੀਕਰੀ ਠੀਕਰੀ ਹੋ ਕੇ ਬਿਖਰ ਗਿਆ ਸੀ। ਪਤਨੀ, ਬੱਚੇ ਅਤੇ ਮਾਂ ਬਾਪ ਸਾਰੇ ਇੰਡੀਆ ਸਨ। ਉਸਨੇ ਹਿੰਮਤ ਨਾਂ ਹਾਰੀ। ਦਿਨ ਰਾਤ ਮਿਹਨਤ ਕੀਤੀ, ਠੀਕਰੀ ਠੀਕਰੀ ਜੋੜ ਕੇ ਉਸਨੇ ਆਪਣੇ ਆਪ ਨੂੰ ਸਥਾਪਿਤ ਕੀਤਾ। ਪੱਕਾ ਹੋਇਆ, ਘਰ ਲਿਆ ਅਤੇ ਫੇਰ ਪਤਨੀ ਤੇ ਬੱਚੇ ਕਨੇਡਾ ਮੰਗਵਾਏ। ਇਨਾਂ ਸੱਤਾਂ ਅੱਠਾਂ ਸਾਲਾਂ ਵਿਚ ਉਹ ਇਕ ਵਾਰੀ ਇੰਡੀਆ ਗਿਆ, ਉਹ ਵੀ ਪੱਕਾ ਹੋਏ ਤੇ ਸਿਰਫ ਚਾਰ ਹਫਤੇ ਲਈ। ਮਾਂ-ਬਾਪ ਅਤੇ ਭੈਣਾਂ-ਭਰਾਵਾਂ ਦੇ ਚਾਅ ਵਿਚ ਹੀ ਅਧੂਰੇ ਰਹਿ ਗਏ ਸਨ। ਠੀਕਰੀ ਠੀਕਰੀ ਜੋੜ ਕੇ ਮਹਿਲ ਉਸਾਰਨ ਵਾਲਾ ਅਜੇ ਚੱਜ ਨਾਲ ਸਾਲ ਵੀ ਆਪਣੇ ਪਰਿਵਾਰ ਨਾਲ ਨਾ ਰਿਹਾ ਕਿ ਮੌਤ ਉਸਨੂੰ ਉਂਗਲ ਲਾਕੇ ਆਪਣੇ ਨਾਲ ਲੈ ਗਈ।' ਮੈਨੂੰ ਅਲਬੇਲ ਦੀ ਪਤਨੀ ਨਾਲ ਅਥਾਹ ਹਮਦਰਦੀ ਜਿਹੀ ਜਾਗੀ ਕਿ ਉਸ ਵਿਚਾਰੀ ਨੇ ਜ਼ਿੰਦਗੀ ਦਾ ਕੀ ਵੇਖਿਆ। ਮੈਂ ਉੱਠ ਕੇ ਉਸ ਨਾਲ ਜਾਹ ਬੈਠਿਆ, ਕੁਝ ਗੱਲਾਂ ਕਰਨ ਤੋਂ ਬਾਅਦ ਅਮਰ ਨੇ ਦੱਸਿਆ, 'ਭਾਅ ਜੀ, ਪੈਸਿਆਂ ਦਾ ਪ੍ਰਬੰਧ ਹੁਣ ਨਾਂ ਕਰਿਉ, ਪੈਸਿਆਂ ਦਾ ਕੰਮ ਬਣ ਗਿਆ ਸੀ, ਇਸੇ ਕਰਕੇ ਮੈਂ ਦੁਬਾਰਾ ਫੋਨ ਨਹੀਂ ਸੀ ਕੀਤਾ, ਉਨ੍ਹਾਂ ਦੇ ਦੋਸਤਾਂ ਵਲੋਂ ਹੀ ਕਾਫੀ ਇਕੱਠੇ ਹੋ ਗਏ ਸਨ।' ਮੈਨੂੰ ਜਾਪਿਆ ਜਿਵੇਂ ਅਮਰ ਦੀ ਅਵਾਜ਼ ਵਿਚ ਸ਼ਿਕਵਾ ਸੀ। ਮੇਰੇ ਮਨ ਤੋਂ ਜਿਥੇ ਇਕ ਬੋਝ ਲੱਥਿਆ ਉਥੇ ਇਕ ਬੋਝ ਹੋਰ ਚੜ੍ਹ ਗਿਆ ਸੀ। ਮੈਨੂੰ ਆਪਣਾ ਆਪ ਇਕ ਠੀਕਰੀ ਤੋਂ ਵੀ ਹੌਲਾ ਅਤੇ ਘਟੀਆ ਜਾਪਿਆ। ਅਲਬੇਲ ਕੋਲ ਜਾਕੇ ਮੈਂ ਕਹਿਣਾ ਚਾਹੁੰਦਾ ਸੀ, 'ਬੇਲੀਆ ਜਿਸ ਸ਼ਖਸ਼ ਦੇ ਤੂੰ ਹਰ ਅਤੇ ਥੁੜੇ ਵੇਲੇ ਭਰਾਵਾਂ ਵਾਂਗੂ ਕੰਮ ਆਉਂਦਾ ਰਿਹਾ ਅੱਜ ਉਹ ਹੀ ਅੰਤਿਮ ਸਮੇਂ ਤੈਨੂੰ ਪਿੱਠ ਵਿਖਾ ਗਿਆ।' ਅਲਬੇਲ ਕੋਲ ਜਾਕੇ ਮੇਰੀ ਭੁੱਬ ਨਿਕਲ ਗਈ। ਮੈਨੂੰ ਜਾਪਿਆ ਜਿਵੇਂ ਉਹ ਕਹਿ ਰਿਹਾ ਸੀ, 'ਮਿੰਦਰਾ ਕਿਉਂ ਜਨਾਨੀਆਂ ਵਾਂਗੂ ਰੋਈ ਜਾਨਾ ਏਂ, ਪੈਸੇ ਸਾਲੇ ਦਾ ਕੀ ਆ, ਇਹ ਤਾਂ ਠੀਕਰੀਆਂ ਨੇ, ਨਹੀਂ ਬਣਿਆਂ ਤਾਂ ਨਾਂ ਸਹੀ।' ਅੰਤਿਮ ਦਰਸ਼ਣਾਂ ਤੋਂ ਬਾਅਦ ਅਲਬੇਲ ਦਾ ਬਕਸਾ ਅੰਤਿਮ ਸੰਸਕਾਰ ਲਈ ਥੱਲੇ ਉਤਰਨ ਲੱਗਿਆ, ਸਾਰੇ ਵਿਰਲਾਪ ਕਰ ਰਹੇ ਸਨ, ਮੇਰੀਆਂ ਭੁੱਬਾਂ ਹੋਰ ਵੀ ਉੱਚੀਆਂ ਹੋ ਗਈਆਂ। ਪਰ ਮੇਰੇ ਅੰਦਰਲਾ ਮੈਨੂੰ ਕਹਿ ਰਿਹਾ ਸੀ, 'ਦੋਸਤ ਲਈ ਚਾਰ ਠੀਕਰੀਆਂ ਤਾਂ ਸਰੀਆਂ ਨਹੀਂ, ਦੇਖ ਹੁਣ ਕਿਵੇਂ ਖੇਖਣ ਕਰਦਾ ਹੈ।' ਮੇਰੇ ਕੋਲ ਆਕੇ ਇਕ ਬਜ਼ੁਰਗ ਕਹਿ ਰਿਹਾ ਸੀ, 'ਚੁੱਪ ਕਰ ਸਾਊਆ, ਇਹ ਠੀਕਰੀ ਤਾਂ ਇਕ ਦਿਨ ਟੁੱਟਣੀ ਹੀ ਹੈ, ਅੱਜ ਨਹੀਂ ਤਾਂ ਕੱਲ, ਬੰਦਾ ਕੁੱਝ ਨਹੀਂ ਕਰ ਸਕਦਾ।' ਪਰ ਮੈਨੂੰ ਜਾਪ ਰਿਹਾ ਸੀ ਜਿਵੇਂ ਮੈਂ ਠੀਕਰੀਆਂ ਤੋਂ ਵੀ ਹੌਲਾ ਹੋਇਆ, ਠੀਕਰੀ ਠੀਕਰੀ ਹੋ ਕੇ ਬਿਖ਼ਰ ਗਿਆ ਸੀ। ਮੈਂ ਸੇਜਲ ਅੱਖਾਂ ਨਾਲ ਲੋਕਾਂ ਨੂੰ ਆਪੋ ਆਪਣੇ ਘਰਾਂ ਨੂੰ ਤੁਰਦੇ ਵੇਖਦਾ ਰਿਹਾ। ਇਕ ਪਲ ਲਈ ਫੇਰ ਖਿਆਲ ਆਇਆ ਕਿ ਅੱਜ ਅਲਬੇਲ ਵੀ ਤੁਰ ਗਿਆ, ਜਿਸਨੇ ਮੁੜਕੇ ਕਦੀ ਨਹੀਂ ਪਰਤਣਾ। ਮੇਰੀ ਭੁੱਬ ਫੇਰ ਨਿਕਲ ਗਈ। ਫਿਰ ਕਿੰਨੀ ਹੀ ਦੇਰ ਮੇਰੀ ਪਤਨੀ ਮੈਨੂੰ ਚੁੱਪ ਕਰਾਉਂਦੀ ਰਹੀ ਤੇ ਮੈਂ ਭਾਵਨਾਵਾਂ ਦੀਆਂ ਬਿਖਰ ਚੁਕੀਆਂ ਠੀਕਰੀਆਂ ਨੂੰ ਸਮੇਟਦਾ ਰਿਹਾ। ●

**Sutton Group Medallion Realty**
**#1-9200-120th St.**
**Surrey,B.C. V3V 4B7**

ਜਦੋਂ ਵੀ ਤੁਸੀਂ ਜਾਇਦਾਦ ਖਰੀਦਣੀ ਜਾਂ ਵੇਚਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਕੁਲਦੀਪ ਗਿੱਲ ਹੁਰਾਂ ਤੋਂ ਉਨ੍ਹਾਂ ਦੇ ਪ੍ਰੋਫੈਸ਼ਨਲ ਸੁਲਾਹ ਮਸ਼ਵਰੇ ਲਈ ਫੋਨ ਕਰੋ।



KULDIP GILL M.A.B.Ed.

Member of Fraser Valley Real Estate Board M.L.S.
Medallion Club. Looking for a house, building lot or house with acres, in Surrey or Delta. Call me first for my honest & genuine opinion

Ph. 581-1211 Res. 590-8066

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ਼ੀਦਣਾ ਹੋਵੇ ਹਮੇਸ਼ਾਂ ਸਾਡੇ ਸਟੋਰ ਤੇ ਦਰਸ਼ਨ ਦਿਉ। ਅਸੀਂ ਤੁਹਾਨੂੰ ਚੰਗੀ ਡੀਲ ਦਾ ਭਰੋਸਾ ਦਿਵਾਉਂਦੇ ਹਾਂ।

* ਜੇ ਕਰ ਪੁਰਾਣਾ ਫਰਨੀਚਰ ਟ੍ਰੇਡ ਕਰਨਾ ਹੋਵੇ ਤਾਂ ਵੀ ਸਾਡੀਆਂ ਸੇਵਾਵਾਂ ਪ੍ਰਾਪਤ ਕਰੋ।

ਟੌਪ ਕੁਆਲਟੀ ਅਤੇ ਵਾਜਬ ਕੀਮਤਾਂ

*ਲਿਵਿੰਗ ਰੂਮ *ਡਾਇਨਿੰਗ ਰੂਮ * ਬੈਡ ਰੂਮ ਗੱਲ ਕੀ ਹਰ ਕਿਸਮ ਦਾ ਫਰਨੀਚਰ ਸਾਥੋਂ ਖ਼ੀਦੋ।

***New *Used * Trad-Ins** **Lowest Prices Guaranteed in B.C.**

ਫਰਨੀਚਰ ਦੀ ਦੁਨੀਆਂ 'ਚ 42 ਸਾਲ ਪੁਰਾਣਾ ਸਟੋਰ।

VISA

# Royal Furniture Ltd.

**2607 Main St. (at 10 th. ave.), Vancouver, B.C.** **Tel. 874-9525**

**visa and master card accepted**

# LOWEST PRICES GURANTEED IN B.C.

# ਪੰਜਾਬੀ ਭਾਸ਼ਾ ਲਿਖਣ ਲਈ ਕਿਹੜੀ ਲਿਪੀ ਢੁਕਵੀਂ?

ਡਾਕਟਰ ਪ੍ਰੇਮ ਪ੍ਰਕਾਸ਼ ਸਿੰਘ

ਵਤਨ ਦੇ ਪਿਛਲੇ ਅੰਕ ਵਿਚ ਸ੍ਰੀ ਸੁਰਜਨ ਜ਼ੀਰਵੀ ਦਾ ਲੇਖ *ਸਵਾਲ ਲਿਪੀ* ਦਾ ਛਪਿਆ ਸੀ ਜੋ ਉਹਨਾਂ ਡਾਕਟਰ ਪ੍ਰੇਮ ਪ੍ਰਕਾਸ਼ ਸਿੰਘ ਦੇ 'ਇੰਡੋ-ਕਨੇਡੀਅਨ ਟਾਇਮਜ਼' ਵਿਚ ਛਪੇ ਲੇਖ ਦੇ ਪ੍ਰਤੀ ਕਰਮ ਵਿਚ ਲਿਖਿਆ ਸੀ। ਇਸ ਮਨਸ਼ਾ ਨਾਲ ਕਿ ਵਤਨ ਦੇ ਪਾਠਕ ਪਹਿਲੇ ਲੇਖ ਤੋਂ ਜਾਣੂੰ ਹੋ ਸਕਣ ਅਤੇ ਇਸ ਮਹੱਤਵਪੂਰਨ ਤੇ ਲੋੜੀਦੀ ਬਹਿਸ ਵਿਚ ਆਪਣਾ ਹਿੱਸਾ ਪਾ ਸਕਣ, ਅਸੀਂ ਡਾਕਟਰ ਪ੍ਰੇਮ ਪ੍ਰਕਾਸ਼ ਸਿੰਘ ਹੋਰਾਂ ਦਾ ਉਹ ਪਹਿਲਾ ਲੇਖ ਛਾਪ ਰਹੇ ਹਾਂ ਜੋ ਉਹਨਾਂ ਨੇ ਕੁਝ ਤਬਦੀਲਆਂ ਤੇ ਵਾਧੇ ਕਰਕੇ ਵਤਨ ਵਿਚ ਛਪਣ ਲਈ ਭੇਜਿਆ ਹੈ। – ਸੰਪਾਦਕ।

'ਪੰਜਾਬੀ ਭਾਵੇਂ ਗੁਰਮੁਖੀ ਵਿਚ ਠੀਕ ਢੰਗ ਨਾਲ ਲਿਖੀ ਜਾ ਸਕਦੀ ਹੈ ਪਰ ਇਸ ਨੂੰ ਫਾਰਸੀ, ਦੇਵਨਾਗਰੀ ਅਤੇ ਰੋਮਨ ਲਿਪੀ ਵਿਚ ਵੀ ਲਿਖਿਆ ਜਾ ਸਕਦਾ ਹੈ।'

ਜਸਟਿਸ ਰਣਜੀਤ ਸਿੰਘ ਨਰੂਲਾ ਦੇ ਇਸ ਬਿਆਨ ਨਾਲ ਬਹੁਤ ਗੰਭੀਰ ਭੁਲੇਖਾ ਪੈਦਾ ਹੋਣ ਦੀ ਗੁੰਜਾਇਸ਼ ਬਣ ਜਾਂਦੀ ਹੈ। ਇਸ ਲਈ ਇਸ ਮਾਮਲੇ ਨੂੰ ਅਕਾਦਮਿਕ 'ਤੇ ਵਿਗਿਆਨਿਕ ਲੀਹਾਂ ਤੇ ਵਿਚਾਰਨਾ ਬਹੁਤ ਜਰੂਰੀ ਹੋ ਗਿਆ ਹੈ। ਇਤਿਹਾਸ ਗਵਾਹ ਹੈ ਕਿ ਪੰਜਾਬੀ ਭਾਸ਼ਾ ਨੂੰ ਲਿਖਣ ਲਈ, ਆਪਣੇ ਵਿਰਸੇ ਵਿਚ ਮਿਲੀ ਹੋਈ ਆਪਣੀ ਸੁਦੇਸ਼ੀ ਲਿਪੀ 'ਗੁਰਮੁਖੀ' ਦੇ ਹੁੰਦਿਆਂ-ਸੁੰਦਿਆਂ, ਕਦੇ ਫਾਰਸੀ ਲਿਪੀ, ਕਦੇ ਰੋਮਨ ਅਤੇ ਕਦੇ ਨਾਗਰੀ ਦੀ ਵਰਤੋਂ ਕਰਨ ਦੀਆਂ ਸਲਾਹਾਂ ਪੇਸ਼ ਕੀਤੀਆਂ ਜਾਂਦੀਆਂ ਰਹੀਆਂ ਹਨ। ਇਨ੍ਹਾਂ ਦਾ ਨਤੀਜਾ ਇਹ ਹੈ ਕਿ ਪੰਜਾਬੀ ਲਈ ਕਿਹੜੀ ਲਿਪੀ ਢੁਕਵੀਂ ਤੇ ਅਨੁਕੂਲ ਹੈ, ਇਹ ਸਵਾਲ ਅਜੇ ਵੀ ਤਰਲ ਅਵਸਥਾ ਵਿਚ ਉਭਰਦਾ ਹੈ। ਬਹਿਸ ਢੁਕਵੀਂ ਹੋਣ ਬਾਰੇ ਹੈ, ਊਂ ਅਸੀਂ ਆਪਣੀ ਗੱਲ ਲਕੀਰਾਂ, ਨੁਕਤਿਆਂ, ਸਾਈਨਾਂ, ਨਿਸ਼ਾਨੀਆਂ ਨਾਲ ਸਮਝਾ ਸਕਦੇ ਹਾਂ।

## ਲਿਪੀ ਤੇ ਬੋਲੀ ਦਾ ਰਿਸ਼ਤਾ

ਸਭ ਤੋਂ ਪਹਿਲਾਂ ਲਿਪੀ ਤੇ ਬੋਲੀ ਦੇ ਸੰਕਲਪਾਂ ਨੂੰ ਅਤੇ ਇਨ੍ਹਾਂ ਦੇ ਆਪਸੀ ਰਿਸ਼ਤਿਆਂ ਨੂੰ ਪਰਿਭਾਸ਼ਤ ਕਰਨਾ ਜਰੂਰੀ ਹੈ। ਲਿਪੀ ਕੀ ਹੈ? ਲਿਪੀ ਕਿਸੇ ਬੋਲੀ ਨੂੰ ਚਿਤਰਾਂ, ਰੇਖਾਵਾਂ, ਸੰਕੇਤਾਂ ਜਾਂ ਚਿੰਨ੍ਹਾਂ ਵਿਚ ਉਲੀਕਣ ਦੀ ਇਕ ਕਲਾ ਹੈ। ਜਾਂ ਇਉਂ ਕਹਿ ਲਵੋ ਕਿ ਮਨੁੱਖੀ ਸੰਘ ਵਿਚੋਂ ਨਿਕਲੇ ਬੋਲਾਂ ਨੂੰ ਕਿਸੇ ਵਿਉਂਤਬੱਧ ਤਰੀਕੇ ਨਾਲ ਲਕੀਰਨ ਦੀ ਵਿਧੀ ਨੂੰ ਹੀ ਲਿਪੀ ਕਿਹਾ ਜਾ ਸਕਦਾ ਹੈ। ਲਿਪੀ ਬੋਲੀ ਦੀ ਪੁਸ਼ਾਕ ਹੈ ਅਤੇ ਬੋਲੀ ਭਾਵਾਂ 'ਤੇ ਖਿਆਲਾਂ ਦੀ ਪੁਸ਼ਾਕ ਹੈ। ਬੋਲੀ ਦਾ ਜਨਮ ਦਿਲ ਦੇ ਭਾਵਾਂ 'ਤੇ ਖਿਆਲਾਂ ਦੀ ਪੁਸ਼ਾਕ ਹੈ। ਬੋਲੀ ਕੁਦਰਤ ਦਾ ਤੁਹਫਾ ਹੈ ਪਰ ਲਿਪੀ ਮਨੁੱਖੀ ਦਿਮਾਗ ਦੀ ਕਾਢ ਹੈ। ਬੋਲੀ ਦਾ ਜਨਮ ਦਿਲ ਦੇ ਭਾਵਾਂ ਨੂੰ ਸੰਘ 'ਚੋਂ ਨਿਕਲੀਆਂ ਧੁਨੀਆਂ (ਆਵਾਜ਼ਾਂ) ਦੁਆਰਾ ਬਾਹਰ ਪ੍ਰਗਟ ਕਰਨ ਵਾਸਤੇ ਹੋਇਆ ਹੈ, ਪਰ ਲਿਪੀ ਦਾ ਜਨਮ ਬੋਲੀ ਦੀਆਂ ਧੁਨੀਆਂ ਨੂੰ ਤਸਵੀਰਾਂ, ਰੇਖਾ ਚਿਤਰਾਂ, ਲਕੀਰਾਂ, ਚਿੰਨ੍ਹਾਂ ਜਾਂ ਪ੍ਰਤੀਕਾਂ ਦੇ ਜਰੀਏ ਅੰਕਿਤ ਕਰਨ ਵਾਸਤੇ ਹੋਇਆ ਹੈ। ਬੋਲੀ ਕੁਦਰਤ ਦਾ ਸਭ ਤੋਂ ਵੱਡਾ ਕ੍ਰਿਸ਼ਮਾ ਹੈ ਅਤੇ ਲਿਪੀ ਮਨੁੱਖ ਦੀ ਸਭ ਤੋਂ ਵੱਡੀ ਕਾਢ ਹੈ। ਜਿਵੇਂ ਬੋਲੀ ਬਿਨਾਂ ਆਦਮੀ ਪਿੰਗਲਾ ਹੈ ਉਵੇਂ ਲਿਪੀ ਬਿਨਾਂ ਬੋਲੀ ਵੀ ਪਿੰਗਲੀ ਹੈ। ਮਨੁੱਖੀ ਤਹਿਜ਼ੀਬ ਦੇ ਵਿਕਾਸ ਵਿਚ ਬੋਲੀ ਨੇ ਜਿੰਨਾ ਹਿੱਸਾ ਪਾਇਆ ਹੈ, ਉਸ ਤੋਂ ਵੱਧ ਹਿੱਸਾ ਲਿਪੀ ਨੇ ਵੀ ਪਾਇਆ ਹੈ। ਬੋਲੀ ਤਾਂ ਸਮੇਂ 'ਤੇ ਸਥਾਨ ਦੀ ਕੈਦਣ ਹੈ ਕਿਉਂਕਿ ਉਹ ਬੋਲਣ ਸਾਰ ਉਡਪੁਡ ਹੋ ਜਾਂਦੀ ਹੈ ਪਰ ਲਿਪੀ ਸਮੇਂ ਤੇ ਸਥਾਨ ਤੋਂ ਅਜ਼ਾਦ ਹੈ, ਕਿਉਂਕਿ ਉਹ ਸਮੇਂ ਤੇ ਥਾਂ ਤੋਂ ਪਾਰ ਜਾ ਕੇ ਮਹਿਫੂਜ਼ ਰਹਿ ਸਕਦੀ ਹੈ।

ਹੁਣ ਵੇਖਣਾ ਇਹ ਹੈ ਕਿ ਬੋਲੀ ਦਾ ਲਿਪੀ ਨਾਲ ਆਪਸੀ ਰਿਸ਼ਤਾ ਕਿਵੇਂ ਤੇ ਕਿੰਨਾ ਕੁ ਸਹੀ, ਦਰੁਸਤ ਤੇ ਢੁਕਵਾਂ ਹੁੰਦਾ ਹੈ ਅਤੇ ਇਸਦੇ ਕੀ ਨੇਮ ਤੇ ਕੀ ਆਧਾਰ ਹਨ। ਬੋਲੀ ਤੇ ਲਿਪੀ ਦੇ ਢੁਕਵੇਂ ਰਿਸ਼ਤੇ ਨੂੰ ਜਾਨਣ ਲਈ ਸਾਨੂੰ ਲਿਪੀ ਦੇ ਉਹ ਆਦਰਸ਼ਕ ਗੁਣ ਵੇਖਣੇ ਚਾਹੀਦੇ ਹਨ ਜੋ ਸੰਬੰਧਤ ਬੋਲੀ ਦੇ ਅਨੁਸਾਰੀ ਹੋਣ, ਅਰਥਾਤ ਸਟੈਂਡਰਡ ਜਾਂ ਆਦਰਸ਼ ਲਿਪੀ ਦੇ ਕੀ ਲੱਛਣ ਤੇ ਕੀ ਗੁਣ ਹੁੰਦੇ ਹਨ? ਇਸ ਬਾਰੇ ਮੂਲ ਜਾਣਕਾਰੀ ਹਾਸਲ ਕਰਨੀ ਜਰੂਰੀ ਹੈ:-

1. ਢੁਕਵੀਂ ਤੇ ਆਦਰਸ਼ ਲਿਪੀ ਉਹ ਹੈ ਜਿਸ ਵਿਚ ਓਨੇ ਹੀ ਅੱਖਰ (Graphemes) ਹੁੰਦੇ ਹਨ ਜਿੰਨੀਆਂ ਕਿਸੇ ਸੰਬੰਧਤ ਬੋਲੀ ਦੀਆਂ ਧੁਨੀਆਂ (Phonemes) ਹੁੰਦੀਆਂ ਹਨ। ਜਿੰਨੀਆਂ ਧੁਨੀਆਂ ਓਨੇ ਅੱਖਰ (ਹਰੂਫ) ਦਾ ਅਸੂਲ ਢੁਕਵੀਂ ਲਿਪੀ ਦੀ ਪਹਿਲੀ ਨਿਸ਼ਾਨੀ ਹੈ।
2. ਢੁਕਵੀਂ ਲਿਪੀ ਵਿਚ ਸੰਬੰਧਤ ਬੋਲੀ ਦੀਆਂ ਸਾਰੀਆਂ ਧੁਨੀਆਂ ਲਈ ਵੱਖ-ਵੱਖ ਅੱਖਰ ਹੁੰਦੇ ਹਨ। ਇਕੋ ਧੁਨੀ ਲਈ ਇਕੋ ਅੱਖਰ ਹੁੰਦਾ ਹੈ, ਦੋ ਜਾਂ ਤਿੰਨ ਅੱਖਰ ਨਹੀਂ ਹੁੰਦੇ।
3. ਢੁਕਵੀਂ ਲਿਪੀ ਵਿਚ ਸੰਬੰਧਤ ਬੋਲੀ ਦੀ ਲੋੜ ਅਨੁਸਾਰ ਸਾਰੇ ਅੱਖਰ ਹੁੰਦੇ ਹਨ, ਕੋਈ ਵੀ ਅੱਖਰ ਫਾਲਤੂ, ਵਾਧੂ ਜਾਂ ਬੇਲੋੜਾ ਨਹੀਂ ਹੁੰਦਾ।
4. ਵਿਅੰਜਨਾਂ ਤੇ ਸਵਰਾਂ (Consonants & Vovels) ਲਈ ਵੀ ਵੱਖਰੇ-ਵੱਖਰੇ ਅੱਖਰ ਜਾਂ ਲਿਪੀ-ਚਿੰਨ੍ਹ ਹੁੰਦੇ ਹਨ।
5. ਆਦਰਸ਼ ਲਿਪੀ ਸਿਰਫ ਇਕੋ ਹੀ ਜ਼ੁਬਾਨ ਲਿਖਣ ਵਾਸਤੇ ਰਾਖਵੀਂ ਜਾਂ

ਮਖ਼ਸੂਸ ਹੁੰਦੀ ਹੈ, ਇਕੋ ਲਿਪੀ (ਰਸਮੁਲ ਖ਼ਤ) ਵਿਚ ਕਈ-ਕਈ ਬੋਲੀਆਂ ਨਹੀਂ ਲਿਖੀਆਂ ਜਾਂਦੀਆਂ। ਜੇ ਇਉਂ ਕਰਨਾ ਹੈ ਤਾਂ ਲਿਪੀ ਦੀ ਨਵੀਂ ਉਸਾਰੀ ਕਰਨੀ ਪਵੇਗੀ।

ਹੁਣ ਉਪਰ ਦਿੱਤੀ (ਸਟੈਂਡਰਡ) ਆਦਰਸ਼ ਲਿਪੀ ਦੇ ਚਾਨਣੇ ਵਿਚ, ਪੰਜਾਬੀ ਭਾਸ਼ਾ ਲਿਖਣ ਲਈ ਫਾਰਸੀ ਲਿਪੀ, ਰੋਮਨ ਲਿਪੀ, ਨਾਗਰੀ ਜਾਂ ਗੁਰਮੁਖੀ ਵਿਚੋਂ ਕਿਹੜੀ ਲਿਪੀ ਢੁਕਵੀਂ ਤੇ ਅਨੁਕੂਲ ਹੈ, ਅੱਗੇ ਇਸ ਸਵਾਲ ਦਾ ਵਿਸ਼ਲੇਸ਼ਨ ਕੀਤਾ ਜਾਂਦਾ ਹੈ। ਸਭ ਤੋਂ ਪਹਿਲਾਂ ਫਾਰਸੀ-ਉਰਦੂ ਲਿਪੀ ਬਾਰੇ ਚਰਚਾ ਕਰਦੇ ਹਾਂ।

## ਫਾਰਸੀ-ਉਰਦੂ ਲਿਪੀ ਅਤੇ ਪੰਜਾਬੀ ਜ਼ੁਬਾਨ

ਫਾਰਸੀ-ਉਰਦੂ ਲਿਪੀ ਦੀਆਂ ਜੜ੍ਹਾਂ ਅਰਬੀ ਲਿਪੀ ਵਿਚ ਹਨ ਜੋ ਕਿ ਖ਼ੁਦ ਆਪ ਹੀਬਰੂ ਲਿਪੀ ਦੀ ਸੰਤਾਨ ਹੈ। ਇਸਲਾਮ ਧਰਮ ਦੇ ਹਿੰਦ ਵਿਚ ਦਾਖ਼ਲ ਹੋਣ ਨਾਲ ਇਸ ਲਿਪੀ ਦਾ ਪ੍ਰਵੇਸ਼ ਹੋਇਆ ਹੈ। ਸ਼ੁਰੂ-ਸ਼ੁਰੂ ਵਿਚ ਇਹ ਲਿਪੀ ਸਿਰਫ ਫਾਰਸੀ-ਅਰਬੀ ਲਿਖਣ ਲਈ ਰਾਖਵੀਂ ਸੀ, ਪਰ ਜਿਵੇਂ ਹੀ ਭਾਰਤੀ ਬੋਲੀਆਂ ਦੇ ਮੇਲ-ਜੋਲ ਨਾਲ ਮੁਸਲਮਾਨੀ ਸਭਿਆਚਾਰ ਦੇ ਦਬਾਉ ਹੇਠ ਪਿਜਿਨ (Pidgin) ਕਿਸਮ ਦੀ ਬੋਲੀ 'ਉਰਦੂ' ਦਾ ਆਰੰਭ ਹੋਇਆ, ਇਹੋ ਫਾਰਸੀ ਲਿਪੀ ਉਰਦੂ ਬੋਲੀ ਨਾਲ ਵੀ ਜੁੜ ਗਈ। ਇਸ ਇਤਿਹਾਸਕ ਰੀਤ ਵਿਚ ਪੰਜਾਬੀ ਬੋਲੀ ਨੂੰ ਫਾਰਸੀ-ਉਰਦੂ ਲਿਪੀ ਵਿਚ ਲਿਖਣ ਲਈ ਦਰੁਸਤ ਤੇ ਸਹੀ ਹੈ ਪਰ ਮਾਡਲ-ਲਿਪੀ ਨੂੰ ਮੱਦੇ ਨਜ਼ਰ ਰੱਖਦਿਆਂ ਅਤੇ ਦਲੀਲ ਦੀ ਕਸਵੱਟੀ ਤੇ ਤੋਲਦਿਆਂ ਪੰਜਾਬੀ ਭਾਸ਼ਾ ਲਿਖਣ ਵਾਸਤੇ ਫਾਰਸੀ ਲਿਪੀ ਵਿਚ ਪੰਜ ਊਣਤਾਈਆਂ ਪ੍ਰਤੀਤ ਹੁੰਦੀਆਂ ਹਨ।

**ਪੰਜਾਬੀ ਦਾ ਮੁਹਾਵਰਾ ਤੇ ਗੁਰਮੁਖੀ ਦਾ ਮੁਹਾਂਦਰਾ ਇਕਸੁਰ ਹਨ। ਗੁਰਮੁਖੀ ਦਾ ਜਨਮ ਹੀ ਪੰਜਾਬੀ ਲਈ ਹੋਇਆ ਹੈ। ਭਾਵੇਂ ਗੁਰਮੁਖੀ ਲਿਪੀ ਦਾ ਪਹਿਲਾ ਕੋਈ ਹੋਰ ਨਾਮ ਵੀ ਹੋਵੇਗਾ।**

1. ਪੰਜਾਬੀ ਦੀ ਇਕ-ਇਕ ਧੁਨੀ ਲਈ ਫਾਰਸੀ-ਲਿਪੀ ਵਿਚ ਦੋ-ਦੋ, ਤਿੰਨ-ਤਿੰਨ ਹਰੂਫ (ਅੱਖਰ) ਹਨ, ਮਿਸਾਲ ਵਜੋਂ ਪੰਜਾਬੀ ਧੁਨੀ 'ਤ' ਲਿਖਣ ਲਈ ਫਾਰਸੀ ਲਿਪੀ ਵਿਚ 'ਤੇ' ਅਤੇ 'ਤੋਏ' ਦੋ ਹਰਫ ਹਨ। ਇਸੇ ਤਰ੍ਹਾਂ ਪੰਜਾਬੀ 'ਅ' ਲਈ 'ਅਲਿਫ' ਤੇ 'ਐਨ', ਪੰਜਾਬੀ 'ਸੱਸੇ' ਲਈ 'ਸੀਨ', 'ਸੇ' ਤੇ 'ਸੁਆਦ', ਪੰਜਾਬੀ 'ਹ' ਧੁਨੀ ਲਈ ਹੇ (ਹੁੱਕੇ ਵਾਲੀ) ਅਤੇ 'ਹੇ' ਅੱਖਰ ਅਤੇ ਪੰਜਾਬੀ 'ਕੱਕੇ' ਲਈ ਫਾਰਸੀ ਲਿਪੀ ਵਿਚ 'ਕਾਫ' ਤੇ 'ਕੁਆਫ' (ਦੋ ਨੁਕਤੀਆਂ) ਦੋ-ਦੋ ਹਰੂਫ ਹਨ। ਜੇਕਰ ਪੰਜਾਬੀ ਦਾ ਲਫਜ਼ 'ਅਤਰ' ਲਿਖਣਾ ਹੋਵੇ ਤਾਂ ਸਵਾਲ ਹੈ ਕਿ ਕੀ ਐਨ ਤੇ ਤੋਏ ਲਿਖੀਏ ਜਾਂ ਅਲਿਫ ਅਤੇ 'ਤੇ' ਹਰਫ ਲਿਖੀਏ, ਕਿਉਂਕਿ ਪੰਜਾਬੀ ਜ਼ੁਬਾਨ ਵਿਚ ਐਨ ਤੇ ਤੋਏ ਵਾਲੀਆਂ ਧੁਨੀਆਂ ਨਹੀ ਅਤੇ ਇਸ ਲਈ ਇਹ ਉਚਾਰਨ (ਤਲਫ਼ਜ਼) ਹੀ ਨਹੀਂ ਹੋ ਸਕਦਾ। ਜ਼ਾਹਰ ਹੈ ਕਿ ਪੰਜਾਬੀ ਭਾਸ਼ਾ ਦੀਆਂ ਤ, ਅ, ਸ, ਹ, ਕ, ਧੁਨੀਆਂ ਲਿਖਣ ਲਈ ਫਾਰਸੀ ਲਿਪੀ ਦੇ ਪੰਜ (ਛੇ) ਅੱਖਰ ਬੇਲੋੜੇ ਰਹਿ ਜਾਂਦੇ ਹਨ ਜੋ ਕਿ ਪੰਜਾਬੀ ਲਿਖਣ ਲਈ ਫਾਰਸੀ ਲਿਪੀ ਦੀ ਤਰੁਟੀ ਹੈ। ਪਰ ਫਾਰਸੀ ਭਾਸ਼ਾ ਲਈ ਠੀਕ ਹਨ।

2. ਦੂਜੀ ਤਰੁਟੀ ਇਹ ਹੈ ਕਿ ਕਈ ਪੰਜਾਬੀ ਧੁਨੀਆਂ ਨੂੰ ਲਿਖਣ ਲਈ ਫਾਰਸੀ-ਉਰਦੂ ਲਿਪੀ ਵਿਚ ਅੱਖਰ ਹੀ ਨਹੀਂ ਹਨ। ਮਸਲਨ, ਪੰਜਾਬੀ ਣ, ਙ, ਞ, ਲ਼ (ਲੱਲੇ ਪੈਰੀਂ ਬਿੰਦੀ ਵਾਲੀ ਉਲਟ-ਜੀਭੀ ਫੋਨੀਮ) ਧੁਨੀਆਂ ਲਿਖਣ ਲਈ ਫਾਰਸੀ ਲਿਪੀ ਵਿਚ ਹਰਫ ਹੀ ਨਹੀਂ ਹਨ। ਨਤੀਜੇ ਵਜੋਂ ਗੋਲੀ (ਰਾਣੀ ਦੀ ਗੋਲੀ) ਤੇ ਗੋਲ਼ੀ (ਬੰਦੂਕ ਦੀ ਗੋਲ਼ੀ) ਵਿਚਲੇ ਲ/ਲ਼ ਦਾ ਫਰਕ ਪ੍ਰਗਟ ਨਹੀਂ ਹੁੰਦਾ ਅਤੇ ਪਾਣੀ ਨੂੰ ਪਾਨੀ ਤੇ ਹੁਣ ਨੂੰ ਹੁਨ ਲਿਖਿਆ ਜਾਂਦਾ ਹੈ। ਹੁਣੇ ਪਾਕਿਸਤਾਨੀ ਪੰਜਾਬੀ ਲਿਖਾਰੀ ਨੂਨ ਅੱਖਰ ਵਿਚ ਦੋ ਨੁਕਤੇ ਪਾ ਕੇ ਣਾਣਾ ਬਣਾਉਣ ਦੀ ਕੋਸ਼ਿਸ਼ ਵਿਚ ਹਨ। ਪਰ ਬਾਕੀ ਧੁਨੀਆਂ ਲਈ ਹਰਫਾਂ ਦੀ ਸਮਸਿਆ ਮੌਜੂਦ ਹੈ।

3. ਤੀਜੀ ਕਮੀ ਇਹ ਹੈ ਕਿ ਪੰਜਾਬੀ ਬੋਲੀ ਦੀਆਂ ਪੰਜ ਧੁਨੀਆਂ ਘ, ਝ, ਢ, ਧ, ਭ, ਜਦੋਂ ਫਾਰਸੀ ਲਿਪੀ ਵਿਚ ਲਿਖੀਆਂ ਜਾਂਦੀਆਂ ਹਨ ਤਾਂ ਇਨ੍ਹਾਂ ਦਾ ਉਚਾਰਨ (ਤਲਫ਼ਜ਼) ਉਰਦੂ-ਹਿੰਦੀ-ਨੁਮਾ ਹੋ ਜਾਂਦਾ ਹੈ, ਪੰਜਾਬੀ ਉਚਾਰਨ ਨਹੀਂ ਰਹਿੰਦਾ। ਕਿਉਂਕਿ ਪੰਜਾਬੀ ਵਿਚ ਇਹ ਪੰਜੇ ਧੁਨੀਆਂ ਸੁਰ ਵਾਲੀਆਂ (Tonal) ਹਨ, ਪਰ ਉਰਦੂ-ਲਿਪੀ ਵਿਚ ਇਨ੍ਹਾਂ ਦਾ ਉਚਾਰਨ ਮਹਾਂਪ੍ਰਾਣ (Aspirated) ਹੋ ਜਾਂਦਾ ਹੈ ਜੋ ਉਰਦੂ ਦਾ ਉਚਾਰਨ ਹੈ ਪੰਜਾਬੀ ਦਾ ਨਹੀਂ। ਕਿਉਂਕਿ ਘ ਧੁਨੀ ਫਾਰਸੀ ਲਿਪੀ ਵਿਚ ਗਾਫ+ਹੇ ਹੈ, ਪਰ ਪੰਜਾਬੀ ਵਿਚ ਇਹ ਘ ਧੁਨੀ ਕੱਕਾ+ਟੋਨ ਹੈ। ਇਸੇ ਤਰ੍ਹਾਂ ਝ, ਢ, ਧ, ਭ, ਵੀ ਸੁਰਾਤਮਕ ਹਨ, aspirated ਨਹੀਂ ਹਨ। ਨਾਲੇ ਇਹ ਪੰਜੇ ਪੰਜਾਬੀ ਧੁਨੀਆਂ ਇਕਹਿਰੀਆਂ ਹਨ, ਪਰ ਫਾਰਸੀ ਲਿਪੀ ਵਿਚ ਇਨ੍ਹਾਂ ਨੂੰ ਦੂਹਰਾ ਕਰਕੇ ਲਿਖਿਆ ਜਾਂਦਾ ਹੈ ਜੋ ਕਿ ਲਿਪੀ ਦੀ ਤਰੁਟੀ ਹੈ। ਸੋ ਫਾਰਸੀ ਲਿਪੀ ਦਾ ਇਕੋ ਹਰਫ ਦੋ-ਦੋ ਉਚਾਰਨ ਕਿਵੇਂ ਦੇ ਸਕਦਾ ਹੈ।

4. ਪੰਜਾਬੀ ਧੁਨੀਆਂ Fricative ਰਗੜਵੀਆਂ ਨਹੀਂ ਹਨ। (ਸ਼ ਤੇ ਜ਼ ਨੂੰ ਛੱਡ ਕੇ) ਪਰ ਫਾਰਸੀ-ਉਰਦੂ ਜ਼ੁਬਾਨਾਂ ਵਿਚ ਧੁਨੀਆਂ ਰਗੜਵੀਆਂ ਹਨ ਜਿਨ੍ਹਾਂ ਲਈ ਫਾਰਸੀ ਲਿਪੀ ਵਿਚ ਸ਼ੀਨ, ਜ਼ੇ, ਜ਼ਾਲ, ਜ਼ੁਆਦ, ਜ਼ੋਏ, ਜ਼ੇ ਜ਼ੁਆਦ, ਜ਼ੇ ਆਇ ਹਰੂਫ ਹਨ। ਪਰ ਪੰਜਾਬੀ ਲਿਖਣ ਲਈ ਇਹ ਹਰੂਫ ਫਾਲਤੂ ਹਨ, ਕਿਉਂਕਿ ਪੰਜਾਬੀ ਧੁਨੀਆਂ ਨਹੀਂ ਹਨ।

5. ਲਿਪੀ ਦਾ ਸੁਨਹਿਰੀ ਅਸੂਲ ਹੈ, 'ਜਿਵੇਂ ਬੋਲੋ ਤਿਵੇਂ ਲਿਖੋ, ਜਿਵੇਂ ਲਿਖੋ ਤਿਵੇਂ ਪੜ੍ਹੋ', ਪਰ ਕਈ ਵਾਰ ਫਾਰਸੀ ਵਿਚ ਲਿਖੇ ਪੰਜਾਬੀ ਅਲਫਾਜ਼ ਜਿਵੇਂ ਲਿਖੇ ਹੋਣ ਤਿਵੇਂ ਪੜ੍ਹੇ ਨਹੀਂ ਜਾਂਦੇ। ਫਾਰਸੀ ਹਰਫਾਂ ਵਿਚ ਲਿਖਿਆ 'ਚੋਰੀ' ਨੂੰ ਤੁਸੀਂ ਚੂਰੀ, ਚੌਰੀ ਜਾਂ ਚਵਰੀ ਪੜ੍ਹ ਲੈਂਦੇ ਹੋ। ਲਾਹੌਰ ਦੇ ਇਕ ਇਸ਼ਤਿਹਾਰ ਵਿਚ ਫਾਰਸੀ ਅੱਖਰਾਂ ਨਾਲ ਹਿੰਦੀ ਲਫਜ਼ 'ਵੇਦ-ਵਕਤਾ' ਲਿਖਿਆ ਸੀ ਪਰ ਸਾਰੇ 'ਵੇਦੂ ਕੁੱਤਾ' ਪੜ੍ਹ ਰਹੇ ਸਨ। ਵਾਉ ਦਾ ਉਚਾਰਨ ਸ਼ੱਕੀ ਸੀ। ਵਾਉ ਨੂੰ ਵੱਵਾ ਤੇ ਔਕੜ ਦੋਵੇਂ ਪੜ੍ਹ ਸਕਦੇ ਹਾਂ।

6. ਫਾਰਸੀ ਲਿਪੀ ਵਿਚ ਜੁੜਵੇਂ ਅੱਖਰ ਲਿਖਣੇ ਸਪਸ਼ਟ ਨਹੀਂ। ਤੁਸੀਂ 'ਪ੍ਰੀਤ' ਨੂੰ ਪਰੀਤ ਹੀ ਲਿਖ ਸਕੋਗੇ। ਪ੍ਰੋਫੈਸਰ ਨੂੰ ਪਰੋਫੈਸਰ ਹੀ ਲਿਖੋਗੇ। ਫਾਰਸੀ ਲਿਪੀ ਵਿਚ ਜ਼ੁਬਾਨੀ ਦੱਸਣਾ ਪੈਂਦਾ ਹੈ ਕਿ ਕਿਥੇ ਸਾਕਿਨ ਹੈ ਤੇ ਕਿਥੇ ਮੁਤਹਰਕ ਹੈ ਅਰਥਾਤ ਕਿਹੜਾ ਵਿਅੰਜਨ ਅੱਖਰ ਅੱਧਾ ਹੈ ਕਿਹੜਾ ਪੂਰਾ ਹੈ। ਪ੍ਰੀਤ ਵਿਚ ਪੱਪਾ ਅੱਧਾ ਹੈ ਪਰ ਇਸਨੂੰ ਫਾਰਸੀ-ਅਰਬੀ ਲਿਪੀ ਵਿਚ ਲਿਖਿਆ ਨਹੀਂ ਜਾ ਸਕਦਾ।

7. ਫਾਰਸੀ ਲਿਪੀ ਗ੍ਰਹਿਣ ਕੀਤੀ ਹੈ ਇਹ ਪੰਜਾਬੀ ਵਿਰਸੇ ਦੀ ਦੇਣ ਨਹੀਂ ਜਿਵੇਂ ਕਿ ਗੁਰਮੁਖੀ ਪੰਜਾਬ ਦੀ ਵਿਰਾਸਤ ਹੈ ਅਤੇ Indiginous script ਹੈ। ਗੁਰਮੁਖੀ ਨਾਲ ਸੁਦੇਸ਼ੀ ਸਭਿਆਚਾਰ ਪੂਰਾ ਜੁੜਿਆ ਹੋਇਆ ਹੈ। ਖਿਆਲ ਹੈ ਕਿ ਪਹਿਲਾਂ ਪੰਜਾਬੀ ਬੋਲੀ ਨੂੰ ਹੀ ਗੁਰਮੁਖੀ ਕਿਹਾ ਜਾਂਦਾ ਸੀ। ਪੰਜਾਬੀ ਦਾ ਮੁਹਾਵਰਾ ਤੇ ਗੁਰਮੁਖੀ ਦਾ ਮੁਹਾਂਦਰਾ ਇਕਸੁਰ ਹਨ। ਗੁਰਮੁਖੀ ਦਾ ਜਨਮ ਹੀ ਪੰਜਾਬੀ ਲਈ ਹੋਇਆ ਹੈ। ਭਾਵੇਂ ਗੁਰਮੁਖੀ ਲਿਪੀ ਦਾ ਪਹਿਲਾ ਕੋਈ ਹੋਰ ਨਾਮ ਵੀ ਹੋਵੇਗਾ।

8. ਨਾਲੇ ਇਹ ਉਰਦੂ-ਫਾਰਸੀ ਲਿਪੀ ਇਕੋ ਭਾਸ਼ਾ ਲਿਖਣ ਲਈ ਮਖ਼ਸੂਸ ਨਹੀਂ ਹੈ।

9. ਉਰਦੂ-ਲਿਪੀ ਗ਼ੈਰ-ਮੁਲਕੀ ਵਿਦੇਸ਼ੀ ਲਿਪੀ ਹੈ, ਇਹ ਹਿੰਦੁਸਤਾਨੀ ਮਹਿਕੂਮ ਲੋਕਾਂ ਤੇ ਥੋਪੀ ਗਈ ਸੀ, ਜਿਥੇ ਕਿ ਗੁਰਮੁਖੀ ਇਕ ਸੁਦੇਸ਼ੀ ਲਿਪੀ ਹੈ ਜੋ ਪੰਜਾਬ ਦੇ ਸਭਿਆਚਾਰ ਵਿਚੋਂ ਪ੍ਰਫੁੱਲਤ ਹੋਈ ਹੈ। ਵਿਦੇਸ਼ੀ ਉਰਦੂ-ਫਾਰਸੀ ਲਿਪੀ ਸੁਦੇਸ਼ੀ ਭਾਸ਼ਕ ਧੁਨੀਆਂ ਨੂੰ ਪ੍ਰਗਟ ਕਰਨ ਤੋਂ ਅਸਮਰਥ ਹੁੰਦੀ ਹੈ।

## ਰੋਮਨ ਲਿਪੀ ਤੇ ਪੰਜਾਬੀ ਭਾਸ਼ਾ

ਅੰਗਰੇਜ਼ੀ ਭਾਸ਼ਾ ਜਿਸ ਲਿਪੀ ਵਿਚ ਲਿਖੀ ਜਾਂਦੀ ਹੈ ਉਸ ਨੂੰ ਰੋਮਨ ਲਿਪੀ ਕਿਹਾ ਜਾਂਦਾ ਹੈ। ਇਹ ਗ੍ਰੀਕ ਲਿਪੀ ਦੀ ਸੰਤਾਨ ਹੈ। ਪੰਜਾਬ ਉੱਤੇ ਅੰਗਰੇਜ਼ਾਂ ਦੇ ਕਾਬਜ਼ ਹੋਣ ਉਪਰੰਤ ਰੋਮਨ ਵਿਚ ਪੰਜਾਬੀ ਲਿਖਣ ਦਾ ਕੁਝ ਰਿਵਾਜ ਪਿਆ ਸੀ। ਹਰ ਹਾਕਮ ਜਮਾਤ ਮਹਿਕੂਮ ਸ਼੍ਰੇਣੀ 'ਤੇ ਆਪਣਾ ਸਭਿਆਚਾਰ ਠੋਸਦੀ ਹੈ। ਪੰਜਾਬੀ ਲਿਖਣ ਲਈ ਰੋਮਨ ਲਿਪੀ ਵਿਚ ਵੀ ਤਰੁੱਟੀਆਂ ਹਨ-

1. ਪੰਜਾਬੀ ਲਿਖਣ ਲਈ ਰੋਮਨ ਲਿਪੀ ਵਿਚ ਕਈ ਅੱਖਰ ਫਾਲਤੂ ਤੇ ਬੇਲੋੜੇ ਹਨ, ਜਿਵੇਂ w (ਜਾਂ v) q, x ਆਦਿ।

2. ਪੰਜਾਬੀ ਦੀਆਂ ਕਈ ਧੁਨੀਆਂ ਅਜਿਹੀਆਂ ਹਨ ਜਿਨ੍ਹਾਂ ਨੂੰ ਲਿਖਣ ਲਈ ਰੋਮਨ ਵਿਚ ਅੱਖਰ (Letters) ਹੀ ਨਹੀਂ ਹਨ। ਜਿਵੇਂ ਪੰਜਾਬੀ ਵ, ਙ ਣ, ਚ, ਟ, ਠ, ਭ, ਢ, ੜ, ਬਿਹਾਰੀ, ਅੱਧਕ ਧੁਨੀਆਂ ਲਈ ਰੋਮਨ ਵਿਚ ਲਿਪੀ-ਚਿੰਨ੍ਹ ਨਹੀਂ ਹਨ।

3. ਰੋਮਨ ਵਿਚ ਲਿਖੇ gh, jh, dh, bh ਅੱਖਰ ਪੰਜਾਬੀ ਦੀਆਂ ਘ, ਝ, ਧ, ਭ, ਧੁਨੀਆਂ ਨੂੰ ਸਹੀ ਤੌਰ 'ਤੇ ਉਜਾਗਰ ਨਹੀਂ ਕਰਦੇ, ਕਿਉਂਕਿ ਪੰਜਾਬੀ ਘ ਦਾ ਉਚਾਰ g+h ਨਹੀਂ ਹੈ, ਇਹ ਤਾਂ K ਨਾਲ ਟੋਨ ਮਾਤ੍ਰ ਹੈ। ਇਸੇ ਤਰ੍ਹਾਂ ਦੂਜੀਆਂ ਝ, ਧ, ਭ, ਧੁਨੀਆਂ ਵੀ ਸੁਰਾਤਮਕ ਹਨ Aspirated, (ਮਹਾਪ੍ਰਾਣ) ਨਹੀਂ ਹਨ।

4. ਰੋਮਨ ਵਿਚ ਪੰਜਾਬੀ ਜਿਵੇਂ ਲਿਖੀ ਜਾਂਦੀ ਹੈ ਤਿਵੇਂ ਕਈ ਹਾਲਤਾਂ ਵਿਚ ਉਚਾਰੀ ਨਹੀਂ ਜਾ ਸਕਦੀ। ਰੋਮਨ ਵਿਚ ਲਿਖੇ 'ਰਣਜੀਤ' ਨੂੰ ਅਸੀਂ 'ਰਨਜੀਤ' ਹੀ ਪੜ੍ਹਦੇ ਹਾਂ।

5. ਅੰਗਰੇਜ਼ੀ ਭਾਸ਼ਾ ਨੇ ਪੰਜਾਬੀ ਬੋਲੀ ਨੂੰ ਅਮੀਰ ਕੀਤਾ ਹੈ ਪਰ ਅੰਗਰੇਜ਼ੀ ਦੀ ਲਿਪੀ ਰੋਮਨ ਨੇ ਪੰਜਾਬੀ ਦਾ ਬਹੁਤ ਨੁਕਸਾਨ ਕੀਤਾ ਹੈ। ਅਸੀਂ 'ਪ੍ਰਣਬ ਮੁਕਰਜੀ' ਨੂੰ ਪਰਨਾਭ ਜਾਂ ਪਰਨਾਬ ਹੀ ਲਿਖੀ ਜਾਂਦੇ ਹਾਂ। ਹਾਲਾਂਕਿ ਇਹ ਸਾਡਾ ਹੀ ਲਫ਼ਜ਼ ਪ੍ਰਣਵ (ਓਅੰਕਾਰ) ਹੈ। ਗੁਰਬਾਣੀ ਵਿਚ ਪੰਗਤੀ ਹੈ 'ਪ੍ਰਣਵੋ ਆਦਿ ਏਕੰਕਾਰਾ।' ਇਸ ਭੁਲੇਖੇ ਦਾ ਕਾਰਨ ਰੋਮਨ ਲਿਪੀ ਹੈ ਜਿਸ ਵਿਚ Pranab ਲਿਖਿਆ ਹੋਇਆ ਹੈ। ਨਰਸਿੰਹ ਰਾਉ ਦਾ ਰੋਮਨ ਲਿਪੀਅੰਤਰ Nar Simha Rao ਹੈ। ਕਿਉਂਕਿ ਟਿੱਪੀ ਨੂੰ ਕਈ ਲੋਕ M ਨਾਲ ਨੁਕਤਾ ਲਾ ਕੇ ਅਤੇ ਕਈ N ਨਾਲ ਲਿਖਦੇ ਹਨ। ਪਰ ਸਾਡੇ ਪੰਜਾਬੀ ਅਖਬਾਰ ਨਰਸਿਮਹਾ ਲਿਖੀ ਜਾਂਦੇ ਹਨ। 'ਸ਼ਕ' ਸੰਵਤ ਨੂੰ ਹੁਣ ਤਕ ਸਾਕਾ ਸੰਵਤ ਹੀ ਲਿਖਦੇ ਹਨ, ਕਿਉਂਕਿ ਰੋਮਨ ਵਿਚ Saka ਹੈ (S ਉਤੇ ਸ਼ ਦੀ ਨਿਸ਼ਾਨੀ ਸੀ, ਪਰ ਆਮ ਪ੍ਰੈਸ ਵਿਚ ਡਿਗ ਜਾਂਦੀ ਹੈ।) ਕੇਰਲ ਪ੍ਰਾਂਤ ਨੂੰ ਰੋਮਨ ਅੱਖਰਾਂ ਕਰਕੇ ਕਰੇਲਾ, ਕੇਰਾਲਾ ਜਾਂ ਕਰਾਲਾ ਲਿਖ ਲੈਂਦੇ ਹਨ। ਗਿਆਨੀ ਲਫ਼ਜ਼ ਨੂੰ ਮੂਲ ਧੁਨੀਆਂ ਅਨੁਸਾਰ ਅੰਗਰੇਜ਼ ਵਿਦਵਾਨ ਰੋਮਨ ਵਿਚ ਜੱਜਾ ਤੇ ਞਞਾ ਉਚਾਰਨ ਲਈ ਨਿਸ਼ਾਨੀ ਲਗਾ ਕੇ Jnan ਲਿਖਦੇ ਹਨ, ਸਾਡੇ ਇਕ ਉਲਥਾਕਾਰ ਨੇ ਗਿਆਨੀ ਨੂੰ ਜਨਾਨੀ ਹੀ ਲਿਖ ਦਿੱਤਾ ਸੀ, ਇਸੇ ਤਰ੍ਹਾਂ ਗਿਆਨ-ਮਾਰਗ ਨੂੰ ਜਨਾਨਾ-ਮਾਰਗ ਹੀ ਲਿਖਿਆ ਸੀ। ਇਸ ਲਈ ਪੰਜਾਬੀ ਲਈ ਰੋਮਨ ਲਿਪੀ ਕਦੰਤ ਵੀ ਢੁਕਵੀਂ ਤੇ ਦਰੁਸਤ ਨਹੀਂ ਹੈ। ਅੰਗਰੇਜ਼ੀ ਬੋਲੀ ਲਈ ਰੋਮਨ ਲਿਪੀ ਢੁਕਵੀਂ ਹੈ।

## ਨਾਗਰੀ ਲਿਪੀ ਤੇ ਪੰਜਾਬੀ ਭਾਸ਼ਾ

ਹਿੰਦੀ ਭਾਸ਼ਾ ਦੀ ਲਿਪੀ ਨੂੰ ਨਾਗਰੀ ਜਾਂ ਦੇਵ ਨਾਗਰੀ ਕਿਹਾ ਜਾਂਦਾ ਹੈ। ਨਾਗਰੀ ਤੇ ਗੁਰਮੁਖੀ ਦੋਵੇਂ ਲਿਪੀਆਂ ਭਾਰਤ ਦੀ ਪ੍ਰਾਚੀਨ 'ਬ੍ਰਾਹਮੀ' ਲਿਪੀ ਦੀਆਂ ਸੰਤਾਨਾਂ ਹਨ। ਪੁਰਾਣੇ ਪੰਜਾਬ ਦੇ ਇਲਾਕੇ ਵਿਚ ਸ਼ਾਰਦਾ ਲਿਪੀ, ਟਾਕਰੀ, ਲੰਡੇ, ਸਿੱਧ-ਮਾਤ੍ਰਿਕਾ, ਭੱਟ-ਅੱਛਰੀ, ਗੁਰਮੁਖੀ, ਲਿਪੀਆਂ ਪ੍ਰਚਲਤ ਸਨ, ਕਿਤੇ ਕਿਤੇ ਅਰਧ-ਨਾਗਰੀ 'ਤੇ ਸ਼ਾਸਤਰੀ ਅੱਖਰਾਂ ਦੇ ਵੀ ਨਾਮ ਮਿਲਦੇ ਹਨ। ਪਰ ਵੀਹਵੀਂ ਸਦੀ ਦੇ ਅੱਧ ਵਿਚ ਪੰਜਾਬੀ ਨੂੰ ਨਾਗਰੀ ਵਿਚ ਲਿਖਣ ਦਾ ਸੁਝਾਉ ਉਭਰਿਆ ਸੀ। ਵੰਡ ਤੋਂ ਪਹਿਲਾਂ ਲਾਹੌਰ ਵਿਚ ਗਿਆਨੀ ਇਮਤਿਹਾਨਾਂ ਦੇ ਕੋਰਸਾਂ ਦੀਆਂ ਪੰਜਾਬੀ ਕਿਤਾਬਾਂ ਨਾਗਰੀ ਲਿਪੀ ਵਿਚ ਛਾਪੀਆਂ ਸਨ। ਪਰ ਇਹ ਵਿਉਂਤ ਛੇਤੀ ਹੀ ਬੰਦ ਹੋ ਗਈ।

**ਬੜੀ ਹੈਰਾਨੀ ਦੀ ਗੱਲ ਹੈ ਕਿ ਕਿਸੇ ਉਰਦੂਦਾਨ ਨੇ ਉਰਦੂ ਜ਼ਬਾਨ ਨੂੰ ਗੁਰਮੁਖੀ, ਜਾਂ ਨਾਗਰੀ ਜਾਂ ਰੋਮਨ ਵਿਚ ਲਿਖਣ ਦੀ ਕਦੇ ਦਲੀਲ ਨਹੀਂ ਦਿੱਤੀ। ਨਾ ਹੀ ਕਦੇ ਕਿਸੇ ਨੇ ਇਹ ਕਿਹਾ ਹੈ ਕਿ ਅੰਗ੍ਰੇਜ਼ੀ ਭਾਸ਼ਾ ਨੂੰ ਸਿਰਫ ਰੋਮਨ ਲਿਪੀ ਵਿਚ ਕਿਉਂ ਲਿਖਿਆ ਜਾਂਦਾ ਹੈ, ਇਸ ਨੂੰ ਫਾਰਸੀ ਲਿਪੀ, ਨਾਗਰੀ ਜਾਂ ਗੁਰਮੁਖੀ ਵਿਚ ਕਾਹਤੋਂ ਨਹੀਂ ਲਿਖਿਆ ਜਾਂਦਾ।**

ਨਾਗਰੀ ਅਤੇ ਗੁਰਮੁਖੀ ਦੀ ਬੰਸਾਵਲੀ ਭਾਵੇਂ ਸਾਂਝੀ ਹੈ ਪਰ ਨਾਗਰੀ ਦਾ ਹਿੰਦੀ ਨਾਲ ਜੱਦੀ ਰਿਸ਼ਤਾ ਹੋਣ ਕਰਕੇ ਦੇਵ ਨਾਗਰੀ ਹਿੰਦੀ ਭਾਸ਼ਾ ਨੂੰ ਸੁਯੋਗਤਾ ਨਾਲ ਪ੍ਰਗਟ ਕਰ ਸਕਦੀ ਹੈ। ਪਰ ਪੰਜਾਬੀ ਲਿਖਣ ਲਈ ਦੇਵ ਨਾਗਰੀ ਬਹੁਤੀ ਢੁਕਵੀਂ ਨਹੀਂ। ਕਿਉਂਕਿ ਨਾਗਰੀ ਵਿਚ ਪੰਜਾਬੀ ਦੇ ਲਿਹਾਜ਼ ਨਾਲ ਕਈ ਅੱਖਰ ਬੇਲੋੜੇ ਹਨ ਜਿਵੇਂ ਕਸ਼, ਜਞ, ਸ਼, (Retroflex SH) ਭਾਵੇਂ ਹਿੰਦੀ ਲਈ ਲੋੜੀਂਦੇ ਹਨ। ਇਸੇ ਤਰ੍ਹਾਂ ਸਿਹਾਰੀ, ਔਂਕੜ, ਐ, ਔ, ਦੇ ਨਾਗਰੀ ਅੱਖਰਾਂ ਦਾ ਉਚਾਰਨ ਪੰਜਾਬੀ ਤੋਂ ਉਲਟ ਬਿਹਾਰੀ, ਦੁਲੈਂਕੜੇ, ਆਈ, ਤੇ ਅਊ ਵਰਗਾ ਹੈ। ਨਾਲੇ ਪੰਜਾਬੀ ਦੀਆਂ ਝ, ਘ, ਢ, ਧ, ਭ, ਧੁਨੀਆਂ ਦਾ ਉਚਾਰਨ ਪੰਜਾਬੀ ਤੋਂ ਉਲਟ ਬਿਹਾਰੀ, ਦੁਲੈਂਕੜੇ, ਆਈ, ਤੇ ਅਊ ਵਰਗਾ ਹੈ। ਨਾਲੇ ਪੰਜਾਬੀ ਦੀਆਂ ਝ, ਘ, ਢ, ਧ, ਭ, ਧੁਨੀਆਂ ਦਾ ਉਚਾਰਨ ਨਾਗਰੀ ਵਿਚ ਜ੍ਹ, ਗ੍ਹ, ਡ੍ਹ, ਦ੍ਹ, ਬ੍ਹ, ਲਿਖਿਆ ਜਾ ਸਕਦਾ ਹੈ ਪੰਜਾਬੀ ਵਾਂਗੂ ਟੋਨਲ ਉਚਾਰਨ ਪ੍ਰਗਟ ਨਹੀਂ ਹੁੰਦਾ। ਨਾਗਰੀ ਹਿੰਦੀ ਭਾਸ਼ਾ ਲਈ ਰਾਖਵੀਂ ਤੇ ਵਿਸ਼ੇਸ਼ ਹੋਣ ਕਰਕੇ ਪੰਜਾਬੀ ਦੇ ਅਨੁਕੂਲ ਨਹੀਂ ਹੈ। ਹੁਣ 'ਬ੍ਰਿਹਤ ਨਾਗਰੀ' ਦੀ ਕਾਢ ਕੱਢੀ ਹੈ। ਹਿੰਦੀ ਨਿਦੇਸ਼ਾਲਯ, (Directorate) ਭਾਰਤ ਸਰਕਾਰ ਨਵੀਂ ਦਿੱਲੀ ਵਲੋਂ ਨਵੀਂ ਬਣਾਈ ਗਈ 'ਬ੍ਰਿਹਤ ਨਾਗਰੀ' ਲਿਪੀ ਵਿਚ ਸਾਰੀਆਂ ਭਾਰਤੀ ਜ਼ੁਬਾਨਾਂ (ਪੰਜਾਬੀ, ਮਰਾਠੀ, ਬੰਗਾਲੀ, ਅਸਮੀਆ, ਗੁਜਰਾਤੀ, ਤਮਿਲ, ਤੇਲਗੂ, ਕੰਨੜ, ਮਲਿਆਲਮ, ਉਰਦੂ ਆਦਿ) ਦੀਆਂ ਉਨ੍ਹਾਂ ਖਾਸ ਖਾਸ ਧੁਨੀਆਂ (ਆਵਾਜ਼ਾਂ, phonemes) ਲਈ ਵੀ ਨਵੇਂ ਅੱਖਰ ਬਣਾਉਣ ਦੀ ਤਜਵੀਜ਼ ਹੈ ਜਿਹੜੀਆਂ ਧੁਨੀਆਂ ਉਨ੍ਹਾਂ ਭਾਰਤੀ ਜ਼ੁਬਾਨਾਂ ਵਿਚ ਇਕ-ਦੂਜੀ ਜ਼ੁਬਾਨ ਨਾਲੋਂ ਬਿਲਕੁਲ ਅਡਰੀਆਂ ਹਨ। ਪਰ ਇਸ ਤਜਵੀਜ਼-ਸ਼ੁਦਾ ਬ੍ਰਿਹਤ-ਨਾਗਰੀ ਦਾ ਰਾਸ਼ਟ੍ਰੀ ਪੱਧਰ ਤੇ ਅਜੇ ਕੋਈ ਪ੍ਰਚਾਰ ਨਹੀਂ ਹੈ।

## ਗੁਰਮੁਖੀ ਲਿਪੀ ਤੇ ਪੰਜਾਬੀ ਭਾਸ਼ਾ

ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਦਾ ਚਿਰੋਕਣਾ ਤੇ ਗੂੜ੍ਹਾ ਸੰਬੰਧ ਹੈ। ਪੰਜਾਬੀ ਭਾਸ਼ਾ ਦੀਆਂ ਸਾਰਥਕ ਧੁਨੀਆਂ ਨੂੰ ਅੱਖਰਾਂ ਵਿਚ ਅੰਕਿਤ ਕਰਨ ਦਾ ਜੋ ਲਿਖਣ-ਪ੍ਰਬੰਧ ਉਸਾਰਿਆ ਗਿਆ ਹੈ ਉਹ ਗੁਰਮੁਖੀ ਹੈ। ਪੰਜਾਬੀ ਲਈ ਗੁਰਮੁਖੀ ਲਿਪੀ ਇਕ ਢੁਕਵੀਂ ਤੇ ਆਦਰਸ਼ ਲਿਪੀ ਹੈ। ਉਪਰੋਕਤ ਫਾਰਮੂਲੇ ਦੇ ਮੁਤਾਬਿਕ ਵੱਖਰਾ ਰਾਖਵਾਂ ਅੱਖਰ ਜਾਂ Grapheme ਹੈ। ਜਿੰਨੀਆਂ ਧੁਨੀਆਂ ਓਨੇ ਅੱਖਰ ਹਨ। ਇਕ ਤੋਂ ਵੱਧ ਦੋ ਜਾਂ ਤਿੰਨ ਅੱਖਰੇ ਨਹੀਂ ਹਨ ਜਿਵੇਂ ਅਸੀਂ ਫਾਰਸੀ ਲਿਪੀ ਦੇ ਵਿਸ਼ਲੇਸ਼ਨ ਸਮੇਂ ਵੇਖਿਆ ਹੈ।

ਗੁਰਮੁਖੀ ਦਾ ਕੋਈ ਵੀ ਅੱਖਰ ਫਾਲਤੂ ਜਾਂ ਬੇਲੋੜਾ ਨਹੀਂ ਹੈ। ਙ ਞ ਦੇ ਅੱਖਰਾਂ ਦਾ ਕਾਰਜ-ਭਾਰ (Functional Load) ਘੱਟ ਹੈ ਪਰ ਵਰਤੋਂ ਜ਼ਰੂਰ ਹੈ। ਜਿਵੇਂ ਜੰਞ, ਕੰਙਣ ਆਦਿ ਸ਼ਬਦਾਂ ਵਿਚ।

ਮੁਹਾਰਨੀ ਤੇ ਪੈਂਤੀ (ਵਰਣਮਾਲਾ) ਦੀ ਸ਼ਕਲ ਵਿਚ ਪੰਜਾਬੀ ਸ੍ਵਰ ਧੁਨੀਆਂ ਅਤੇ ਵਿਅੰਜਨਾਂ ਲਈ ਵਖਰੇ ਅੱਖਰ ਹਨ। ਗੁਰਮੁਖੀ ਵਿਚ ਨਵੇਂ ਚਿੰਨ੍ਹ ਅਪਨਾਉਣ ਦੀ ਵੀ ਸਮਰਥਾ ਹੈ।

ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਗੁਰਮੁਖੀ ਲਿਪੀ ਸਿਰਫ ਪੰਜਾਬੀ ਲਈ ਰਾਖਵੀਂ ਹੈ ਅਤੇ ਪੰਜਾਬੀ ਲਈ ਇਸਦਾ ਰਿਸ਼ਤਾ ਨਹੁੰ-ਮਾਸ ਵਾਲਾ ਹੈ। 'ਇਕੋ ਬੋਲੀ, ਇਕੋ ਲਿਪੀ' ਦਾ ਫਾਰਮੂਲਾ ਸਭ ਤੋਂ ਉੱਤਮ ਹੈ।' ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਗੁਰਮੁਖੀ ਦੇ ਅੱਖਰ ਪੰਜਾਬ ਵਿਚ ਪ੍ਰਚਲੱਤ ਸਨ ਭਾਵੇਂ ਇਸ ਦਾ ਨਾਮ ਕੁਝ ਹੋਰ ਹੋਵੇਗਾ। ਕਿਉਂਕਿ ਗੁਰਮੁਖੀ ਦੇ ਹੁਣ ਵਾਲੇ ਸਾਰੇ ਅੱਖਰ ਪੰਜਾਬੀ ਦੀਆਂ ਪੁਰਾਣੀਆਂ ਲਿਪੀਆਂ, ਸ਼ਾਰਦਾ, ਟਾਕਰੀ, ਲੰਡੇ, ਅਰਧ-ਨਾਗਰੀ ਵਿਚ ਪ੍ਰਾਪਤ ਹੋ ਜਾਂਦੇ ਹਨ। ਜਿਵੇਂ-ਜਿਵੇਂ ਪੰਜਾਬੀ ਨੂੰ ਲਿਖਣ ਦਾ ਅਭਿਆਸ ਗੁਰਮੁਖੀ ਦੁਆਰਾ ਹੁੰਦਾ ਗਿਆ ਤਿਵੇਂ-ਤਿਵੇਂ ਗੁਰਮੁਖੀ ਪੰਜਾਬੀ ਧੁਨੀਆਂ ਨੂੰ ਸ਼ੁਧਤਾ ਨਾਲ ਤੇ ਸੁਯੋਗਤਾ ਨਾਲ ਪ੍ਰਗਟ ਕਰਨ ਦੇ ਸਮਰੱਥ ਹੁੰਦੀ ਗਈ। ਪੰਜਾਬੀ ਜ਼ੁਬਾਨ ਦਾ ਜੋ ਵਰਤਾਰਾ ਹੈ ਉਹੋ ਵਰਤਾਰਾ ਗੁਰਮੁਖੀ ਲਿਪੀ ਦਾ ਹੈ। ਜਿਵੇਂ ਲਿਖੋ ਤਿਵੇਂ ਪੜ੍ਹ ਸਕਦੇ ਹੋ। ਗੁਰੂ ਸਾਹਿਬਾਨ ਨੇ ਇਸ ਲੋਕ-ਲਿਪੀ ਗੁਰਮੁਖੀ ਨੂੰ ਇਸੇ ਲਈ ਅਪਣਾਇਆ ਸੀ ਕਿਉਂਕਿ ਇਹ ਸਾਹਿਤਕ ਬਰੀਕੀਆਂ ਨੂੰ ਅਤੇ ਗੁਰੂ ਕਾਵਿ ਦੀਆਂ ਧੁਨੀਆਂ ਨੂੰ ਅੰਕਿਤ ਕਰਨ ਵਿਚ ਢੁਕਵੀਂ ਸੀ ਅਤੇ ਇਹ ਪੰਜਾਬੀ ਨਾਲ ਬਿੰਬ ਤੇ ਪ੍ਰਤੀਬਿੰਬ ਭਾਵ ਨਾਲ ਰਿਸ਼ਤੇ ਵਿਚ ਬੱਝੀ ਹੋਈ ਸੀ।

ਇਸ ਤੋਂ ਇਲਾਵਾ ਗੁਰਮੁਖੀ ਲਿਪੀ ਪੰਜਾਬ ਦੇ ਜੱਦੀ ਸਭਿਆਚਾਰ ਚੋਂ ਸਹਿਜ-ਸੁਭਾਅ ਵਿਗਸੀ ਤੇ ਪਰਵਾਣ ਚੜ੍ਹੀ ਹੈ। ਇਹ ਕਿਤੋਂ ਗੈਰ-ਸਭਿਆਚਾਰ ਵਿਚੋਂ Import ਨਹੀਂ ਕੀਤੀ। ਪੰਜਾਬੀ ਨਾਲ ਇਕਸੁਰ ਹੋਣ ਕਰਕੇ ਗੁਰਮੁਖੀ ਇਕ ਵਿਉਂਤ-ਬੱਧ ਵਰਣਮਾਲਾ ਦੇ ਰੂਪ ਵਿਚ ਸਵੀਕਾਰ ਹੈ। ਗੁਰਮੁਖੀ ਲਿਪੀ ਦੇ ਤਿੰਨ ਪੱਧਰ ਹਨ (1) ਵਰਣ ਜਿਵੇਂ ਕ, ਖ, ਗ, ਆਦਿ, (2) ਲਗਾਂ-ਮਾਤਰਾਂ ਅਤੇ (3) ਅੱਧਕ ਦਾ ਚਿੰਨ੍ਹ। ਲਗਾਂ-ਮਾਤਰਾਂ ਦੇ ਬਾਰਾਂ ਚਿੰਨ੍ਹ ਜੋ ਮੁਹਾਰਨੀ ਵਿਚ ਪ੍ਰਾਪਤ ਹੋਣ ਉਹ ਸਾਰੇ ੳ, ਅ, ੲ, ਇਨ੍ਹਾਂ ਤਿੰਨਾਂ ਸ੍ਵਰ-ਵਾਹਕਾਂ ਨਾਲ ਸਮੇਟ ਲਏ ਗਏ ਹਨ। ਸਾਰੀਆਂ ਲਗਾਂ-ਮਾਤਰਾਂ ਇਨ੍ਹਾਂ ਤਿੰਨਾਂ ਨਾਲ ਹੀ ਚਿੰਨ੍ਹਤ ਕਰ ਦਿੱਤੀਆਂ ਹਨ। ਵਰਣਾਂ ਦੇ ਨਾਮ ਉਚਾਰਨ ਅਨੁਸਾਰ ਹਨ ਜਿਵੇਂ ਕੱਕਾ, ਖੱਖਾ, ਗੱਗਾ, ਪਰ ਲਗਾਂ-ਮਾਤਰਾਂ ਦੇ ਨਾਮ ਕਾਰਜਾਂ ਦੇ ਅਨੁਸਾਰ ਹਨ ਸਿਹਾਰੀ, ਬਿਹਾਰੀ ਆਦਿ। ਗੁਰਮੁਖੀ ਦੀ ਅਨੁਕੂਲਤਾ ਤੇ ਸ੍ਰੇਸ਼ਟਤਾ ਨੂੰ ਵੇਖਦਿਆਂ 1966 ਵਿਚ ਪੰਜਾਬ ਸਰਕਾਰ ਨੇ ਪੰਜਾਬੀ ਨੂੰ ਰਾਜ-ਭਾਸ਼ਾ ਬਣਾ ਕੇ ਗੁਰਮੁਖੀ ਦੀ ਰਾਜ-ਲਿਪੀ ਵਜੋਂ ਪ੍ਰਤਿਸ਼ਠਾ ਕੀਤੀ ਹੈ। ਸ਼੍ਰੀ ਜਯ ਚੰਦਰ ਵਿਦਿਆ-ਲੰਕਾਰ ਨੇ ਲਿਖਿਆ ਹੈ ਕਿ ਅਸੀਂ ਗੁਰੂ ਨਾਨਕ ਦੇਵ ਜੀ ਦੇ ਰਿਣੀ ਹਾਂ, ਕਿਉਂਕਿ ਉਨ੍ਹਾਂ ਨੇ ਗੁਰਮੁਖੀ ਨੂੰ ਜਿਉਂਦੀ ਰੱਖਿਆ, ਵਰਨਾ ਸਿੰਧੀ ਲਿਪੀ ਵਾਂਗੂ ਇਹ ਵੀ ਅਲੋਪ ਹੋ ਗਈ ਹੁੰਦੀ। ਇਸ ਸਰਵੇਖਣ ਤੋਂ ਸਾਫ ਜ਼ਾਹਰ ਹੈ ਕਿ ਗੁਰਮੁਖੀ ਹੀ ਪੰਜਾਬੀ ਲਈ ਢੁਕਵੀਂ ਲਿਪੀ ਹੈ।

ਏਥੇ ਇਹ ਦਸਣਾ ਵੀ ਜ਼ਰੂਰੀ ਹੈ ਕਿ ਪੰਜਾਬੀ ਭਾਸ਼ਾ ਦੇ ਸੰਬੰਧ ਵਿਚ ਲਿਪੀ ਦਾ ਇਹ ਮਸਲਾ ਕਿਉਂ ਸ਼ੁਰੂ ਹੋਇਆ? ਇਹ ਮਸਲਾ ਇਸ ਕਰਕੇ ਪੈਦਾ ਹੋਇਆ ਹੈ ਕਿ ਪੰਜਾਬੀ ਬੋਲੀ ਬੋਲਣ ਵਾਲੇ ਤਿੰਨ ਫਿਰਕੇ ਪੰਜਾਬੀ ਨੂੰ ਲਿਖਣ ਲਈ ਤਿੰਨ ਵੱਖ ਵੱਖ ਲਿਪੀਆਂ ਦੀ ਵਰਤੋਂ ਕਰਨ ਲਈ ਬਜ਼ਿਦ ਹਨ। ਮੁਸਲਿਮ ਭਾਈਚਾਰਾ ਉਰਦੂ-ਫਾਰਸੀ ਲਿਪੀ ਨੂੰ ਚਾਹੁੰਦਾ ਹੈ, ਹਿੰਦੂ ਭਾਈਚਾਰਾ ਦੇਵਨਾਗਰੀ ਨੂੰ ਅਤੇ ਸਿੱਖ ਭਾਈਚਾਰਾ ਪੰਜਾਬੀ ਨੂੰ ਗੁਰਮੁਖੀ ਵਿਚ ਲਿਖਣ ਦਾ ਇੱਛੁਕ ਹੈ। ਅੰਗ੍ਰੇਜ਼ਾਂ ਦੀ ਹਕੂਮਤ ਵੇਲੇ ਪੰਜਾਬੀ ਨੂੰ ਅੰਗ੍ਰੇਜ਼ੀ-ਰੋਮਨ ਲਿਪੀ ਵਿਚ ਲਿਖਣ ਦੀ ਰੀਤ ਚਲਾਈ ਸੀ।

ਇਸੇ ਤਰ੍ਹਾਂ ਪੰਜਾਬੀ ਜ਼ੁਬਾਨ ਇਕ ਹੈ ਅਤੇ ਉਸਨੂੰ ਲਿਖਣ ਵਾਸਤੇ ਚਾਰ ਲਿਪੀਆਂ ਦਰਪੇਸ਼ ਹਨ। ਇਹੋ ਬਿਰਤੀ ਸਾਰੀ ਸਮਸਿਆ ਦੀ ਜੜ੍ਹ ਹੈ। ਇਸ ਅੜਾਉਣੀ ਨੂੰ ਸੁਲਝਾਉਣ ਲਈ ਅਕੇਡਮਿਕ/ਵਿਗਿਆਨਿਕ ਪਹੁੰਚ ਦੀ ਲੋੜ ਹੈ। ਯਾਨੀ ਇਨ੍ਹਾਂ ਚਾਰਾਂ ਵਿਚੋਂ ਕਿਹੜੀ ਲਿਪੀ Scriptologically ਵਧੇਰੇ ਢੁਕਵੀਂ ਤੇ suitable ਹੈ ਜਿਸਨੂੰ ਅਪਣਾ ਲਿਆ ਜਾਵੇ। ਇਸ ਗੱਲ ਤੇ ਸਾਰੇ ਮੁਤਫ਼ਿਕ ਹਨ ਕਿ ਪੰਜਾਬੀ ਭਾਸ਼ਾ ਲਈ ਲਿਪੀ ਤਾਂ ਇਕੋ ਹੀ ਹੋਣੀ ਚਾਹੀਦੀ ਹੈ। ਸਟੈਂਡਰਡ ਭਾਸ਼ਾ ਲਈ ਇਕੋ ਲਿਪੀ ਦਾ ਹੋਣਾ ਬੇਹੱਦ ਜਰੂਰੀ ਹੈ। ਕੀ ਚਾਰ ਲਿਪੀਆਂ ਨਾਲ ਕਿਸੇ ਇਕ ਭਾਸ਼ਾ ਦਾ ਮਿਆਰੀਕਰਣ (standardisation) ਮੁਮਕਿਨ ਹੋ ਸਕਦਾ ਹੈ? ਬਿਲਕੁਲ ਨਹੀਂ।

ਬੜੀ ਹੈਰਾਨੀ ਦੀ ਗੱਲ ਹੈ ਕਿ ਕਿਸੇ ਉਰਦੂਦਾਨ ਨੇ ਉਰਦੂ ਜ਼ੁਬਾਨ ਨੂੰ ਗੁਰਮੁਖੀ, ਜਾਂ ਨਾਗਰੀ ਜਾਂ ਰੋਮਨ ਵਿਚ ਲਿਖਣ ਦੀ ਕਦੇ ਦਲੀਲ ਨਹੀਂ ਦਿੱਤੀ। ਨਾ ਹੀ ਕਦੇ ਕਿਸੇ ਨੇ ਇਹ ਕਿਹਾ ਹੈ ਕਿ ਅੰਗ੍ਰੇਜ਼ੀ ਭਾਸ਼ਾ ਨੂੰ ਸਿਰਫ ਰੋਮਨ ਲਿਪੀ ਵਿਚ ਕਿਉਂ ਲਿਖਿਆ ਜਾਂਦਾ ਹੈ, ਇਸ ਨੂੰ ਫਾਰਸੀ ਲਿਪੀ, ਨਾਗਰੀ ਜਾਂ ਗੁਰਮੁਖੀ ਵਿਚ ਕਾਹਤੋਂ ਨਹੀਂ ਲਿਖਿਆ ਜਾਂਦਾ। ਪਰ ਪੰਜਾਬੀ ਦੀ ਬਦਕਿਸਮਤੀ ਹੈ ਕਿ ਇਸ ਨੂੰ ਬੋਲਣ ਵਾਲੇ ਚਾਰ ਲਿਪੀਆਂ ਲਈ ਬਜ਼ਿਦ ਹਨ। ਅਜੇ ਹੁਣੇ ਹੀ ਸਾਡੇ ਵੇਖਦਿਆਂ ਪੰਜਾਬ ਵਾਂਗੂ ਬੰਗਾਲ ਦੀ ਵੰਡ ਹੋਈ, ਭਾਰਤੀ ਬੰਗਾਲ ਤੇ ਬੰਗਲਾ ਦੇਸ਼ ਦੋ ਟੋਟੇ ਬਣੇ, ਬੰਗਾਲੀ ਮੁਸਲਮਾਨ ਤੇ ਬੰਗਾਲੀ ਹਿੰਦੂ ਅੱਡ ਹੋ ਗਏ, ਪਰ ਸ਼ਾਬਾਸ਼ੇ ਦੋਹਾਂ ਫਿਰਕਿਆਂ ਦੇ, ਕਿ ਦੋਹਾਂ ਦੀ ਜ਼ੁਬਾਨ ਵੀ ਬੰਗਲਾ ਭਾਸ਼ਾ ਹੈ ਅਤੇ ਦੋਹਾਂ ਦੀ ਲਿਪੀ ਵੀ ਬੰਗਲਾ-ਲਿਪੀ ਹੈ। ਉਰਦੂ ਆਰੋਪਿਤ ਕਰਨ ਦੇ ਵਿਰੋਧ ਤੋਂ ਹੀ ਬੰਗਲਾ ਦੇਸ਼ ਜਨਮਿਆ ਹੈ।

ਇਸ ਹਠੀਲੇ ਵਾਤਾਵਰਣ ਵਿਚ ਬਹੁਤ ਸੰਭਵ ਹੈ ਕਿ ਪਾਕਿਸਤਾਨੀ ਪੰਜਾਬੀ (ਲਹਿੰਦੀ ਬੋਲੀ) ਉਰਦੂ-ਫਾਰਸੀ ਰਸਮੁਲ-ਖ਼ਤ ਵਿਚ ਲਿਖਣ ਕਰਕੇ ਅਤੇ ਭਾਰਤੀ ਪੰਜਾਬੀ ਗੁਰਮੁਖੀ ਦੀ ਪਰੰਪਰਾਗਤ ਲਿਪੀ-ਸ਼ੈਲੀ ਵਿਚ ਲਿਖਣਾ ਜਾਰੀ ਰੱਖ ਕੇ ਹਿੰਦੀ / ਉਰਦੂ ਵਾਂਗੂ ਪੰਜਾਬੀ ਬੋਲੀ ਦੀਆਂ ਦੋ ਭਾਸ਼ਾ-ਸ਼ੈਲੀਆਂ ਬਣ ਸਕਦੀਆਂ ਹਨ। ਭਾਵੇਂ ਮੈਂ ਨਿਜੀ ਤੌਰ ਤੇ ਪਿਛਲੇ 40 ਸਾਲਾਂ ਦੇ ਦੌਰਾਨ ਆਪਣੀਆਂ ਕਿਤਾਬਾਂ ਤੇ ਲੈਕਚਰਾਂ ਵਿਚ Dr. Grierson (Linguistic Survey of India) ਦੇ ਇਸ ਸਿਧਾਂਤ ਨੂੰ ਅਕੇਡਮਿਕ ਲੀਹਾਂ ਤੇ ਰੱਦ ਕਰਦਾ ਆ ਰਿਹਾ ਹਾਂ ਕਿ 'ਪੂਰਬੀ ਪੰਜਾਬੀ ਤੇ ਲਹਿੰਦੀ ਪੰਜਾਬੀ ਦੋ ਵੱਖਰੀਆਂ ਬੋਲੀਆਂ ਹਨ'। ਮੈਂ ਸਾਬਤ ਕੀਤਾ ਹੈ ਕਿ ਇਹ ਫਰਕ dialectal ਹੈ linguistic ਨਹੀਂ। (ਵੇਖੋ ਮੇਰੀ ਪੁਸਤਕ 'ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ' ਦੋ ਜਿਲਦਾਂ, ਛੇਵਾਂ ਐਡੀਸ਼ਨ।)

●

# ਰੱਬ ਹੀ ਜਾਣੇ

ਮੀਨਾ ਪਰਮਾਰ

ਆਖਰੀ ਕਲਾਸ ਲਗਾ ਕੇ ਮੈਂ ਬੀ. ਸੀ. ਆਈ. ਟੀ. ਦੇ ਬੱਸ ਸਟਾਪ ਤੇ ਆ ਕੇ ਬੱਸ ਦੀ ਉਡੀਕ ਕਰਨ ਲੱਗ ਪਈ। ਬੱਸ ਦੇ ਆਉਣ ਵਿਚ ਕਾਫੀ ਦੇਰ ਸੀ। ਬੈਠਿਆਂ ਬੈਠਿਆਂ ਇੰਗਲਿਸ਼ ਕਲਾਸ ਵਿਚ ਵਾਪਰੀ ਘਟਨਾ ਮੇਰੇ ਦਿਮਾਗ ਵਿਚ ਵਾਰ ਵਾਰ ਆਉਣ ਲੱਗ ਪਈ। ਸਾਰੀ ਕਲਾਸ ਦਾ ਹੱਸਣਾ ਅਤੇ ਬੜੇ ਹੀ ਗੁੰਝਲਦਾਰ ਸਵਾਲ ਪੁੱਛਣਾ ਬੜਾ ਅਜੀਬ ਲੱਗਾ।

ਹਾਲੇ ਕਲਾਸ ਸ਼ੁਰੂ ਹੋਣ ਵਿਚ 15 ਕੁ ਮਿੰਟ ਬਾਕੀ ਸਨ। ਮੇਰੇ ਨਾਲ ਬੈਠੀ ਮੇਰੀ ਸਹੇਲੀ ਨੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ, "ਮੀਨਾ ਮੈਂ ਤੈਨੂੰ ਕਦੀ ਤੇਰੇ ਬੋਇ-ਫਰੈਂਡ ਨਾਲ ਨਹੀਂ ਦੇਖਿਆ। ਉਹ ਕੀ ਕਰਦਾ ਏ?"

"ਮੇਰਾ ਕੋਈ ਬੋਇ-ਫਰਿੰਡ ਨਹੀਂ ਹੈ, ਮੇਰੇ ਘਰ ਦੇ ਮੈਨੂੰ ਡੇਟ ਤੇ ਜਾਣ ਦੀ ਆਗਿਆ ਨਹੀਂ ਦਿੰਦੇ।"

"ਕੀ ਕਿਹਾ? ਤੇਰੀ ਉਮਰ ਕਿੰਨੇ ਸਾਲਾਂ ਦੀ ਹੈ?"

"ਕਰੀਬ ਵੀਹ ਕੁ ਸਾਲ। ਮੇਰੇ ਘਰ ਦੇ ਬਹੁਤ ਪੁਰਾਣੇ ਖਿਆਲਾਂ ਦੇ ਹਨ। ਉਹ ਮੇਰਾ ਵਿਆਹ ਭਾਰਤੀ ਤਰੀਕਿਆਂ ਨਾਲ ਕਰਨਾ ਚਾਹੁੰਦੇ ਹਨ ਜਿਸਨੂੰ 'ਅਰੇਂਜਡ ਮੈਰਿਜ' ਕਹਿੰਦੇ ਹਨ। ਮੇਰੇ ਘਰ ਦੇ ਮੈਂਬਰ ਮੇਰੇ ਲਈ ਮੁੰਡਾ ਲੱਭਣਗੇ ਤੇ ਉਸ ਨਾਲ ਮੇਰਾ ਵਿਆਹ ਹੋਵੇਗਾ।"

ਜਦੋਂ ਬਾਕੀ ਕਲਾਸ ਨੇ ਇਹ ਗਲ ਸੁਣੀ ਤਾਂ ਸਾਰੇ ਮੇਰੇ ਕੋਲ ਝੁਰਮਟ ਬਣਾ ਕੇ ਖੜੇ ਹੋ ਗਏ। ਸਾਰੇ ਹੀ ਹੱਸ ਰਹੇ ਸਨ ਜਿਵੇਂ ਕਿਸੇ ਨੇ ਮਜ਼ੇਦਾਰ ਚੁਟਕਲਾ ਸੁਣਾਇਆ ਹੋਵੇ। ਕਰਟ ਨੇ ਉਸੇ ਵੇਲੇ ਪੁਛਿਆ, "ਇਹ ਕਨੇਡਾ ਹੈ। ਉਹ ਤੇਰੀ ਮਰਜੀ ਤੋਂ ਬਿਨਾਂ ਕਿਸ ਤਰ੍ਹਾਂ ਵਿਆਹ ਕਰ ਸਕਦੇ ਹਨ। ਤੈਨੂੰ ਇਹ ਸਭ ਕਿਵੇਂ ਮਨਜ਼ੂਰ ਹੋ ਸਕਦਾ ਹੈ ਕਿ ਜਿਸ ਮੁੰਡੇ ਨੂੰ ਤੂੰ ਜਾਣਦੀ ਹੀ ਨਹੀਂ, ਉਸ ਨਾਲ ਤੇਰਾ ਵਿਆਹ ਹੋਵੇ।"

"ਮਨਜ਼ੂਰ ਤਾਂ ਨਹੀਂ ਪਰ ਮੇਰੇ ਕੋਲ ਕੋਈ ਹੋਰ ਤਰੀਕਾ ਨਹੀਂ ਹੈ। ਅਗਰ ਮੈਂ ਉਨ੍ਹਾਂ ਦੀ ਗੱਲ ਨਾ ਮੰਨੀ ਤਾਂ ਮੈਨੂੰ ਘਰੋਂ ਕੱਢ ਦੇਣਗੇ ਅਤੇ ਮੇਰੇ ਰਿਸ਼ਤੇਦਾਰ ਮੇਰੀ ਪਿੱਠ ਪਿੱਛੇ ਗੱਲਾਂ ਕਰਨਗੇ ਤੇ ਮੈਨੂੰ ਬੁਰਾ ਭਲਾ ਕਹਿਣਗੇ।"

"ਕੀ ਤੂੰ ਕਦੀ ਵੀ ਕਿਸੇ ਮੁੰਡੇ ਨਾਲ ਡੇਟ ਤੇ ਨਹੀਂ ਗਈ?" ਜੈਨਾ ਨੇ ਪੁੱਛਿਆ।

"ਇਕ ਵਾਰ ਚੋਰੀ ਗਈ ਸੀ, ਪਰ ਫੜ ਹੋ ਗਈ। ਉਸ ਵੇਲੇ ਮੈਂ ਹਾਈ ਸਕੂਲ ਵਿਚ ਸੀ। ਉਦੋਂ ਤੋਂ ਉਹ ਮੇਰਾ ਵਿਸ਼ਵਾਸ਼ ਨਹੀਂ ਕਰਦੇ।"

"ਅਗਰ ਤੈਨੂੰ ਕੋਈ ਮੁੰਡਾ ਡੇਟ ਲਈ ਪੁੱਛਦਾ ਹੈ ਤਾਂ ਉਸਨੂੰ ਕੀ ਜਵਾਬ ਦਿੰਦੀ ਏਂ।"

"ਬਸ ਕੋਈ ਬਹਾਨਾ ਲਗਾ ਦਿੰਦੀ ਹਾਂ। ਕਦੀ ਸੱਚ ਬੋਲਣ ਦੀ ਹਿੰਮਤ ਨਹੀਂ ਪਈ। ਡਰ ਲਗਦਾ ਏ ਕਿਤੇ ਉਹ ਮੇਰੇ ਤੇ ਹੱਸੇ ਨਾ।"

"ਅੱਛਾ, ਮੈਨੂੰ ਹੁਣ ਸਮਝ ਆਈ ਕਿ ਜਦੋਂ ਵੀ ਕਲਾਸ ਪਬ ਜਾਣ ਦਾ ਪ੍ਰੋਗਰਾਮ ਬਣਾਉਂਦੀ ਤਾਂ ਤੂੰ ਕਿਉਂ ਕੋਈ ਨਾ ਕੋਈ ਬਹਾਨਾ ਬਣਾ ਦਿੰਦੀ ਸੀ।" ਕਰਿਸਟੀਨ ਬੋਲੀ।

"ਮੇਰਾ ਭਰਾ ਵੀ ਬੀ. ਸੀ. ਆਈ. ਟੀ. ਵਿਚ ਹੀ ਪੜ੍ਹਦਾ ਹੈ। ਅਗਰ ਉਸਨੇ ਮੈਨੂੰ ਕਦੇ ਪੱਬ ਜਾਂਦੀ ਨੂੰ ਦੇਖ ਲਿਆ ਤਾਂ ਉਹ ਮੈਨੂੰ ਜਾਨੋਂ ਮਾਰ ਦੇਵੇਗਾ", ਮੈਂ ਹੌਲੀ ਜਿਹੇ ਕਿਹਾ।

"ਤੂੰ ਤਾਂ ਕੈਦੀਆਂ ਵਾਲੀ ਜ਼ਿੰਦਗੀ ਬਤੀਤ ਕਰ ਰਹੀ ਏਂ। ਤੂੰ ਕਦੀ ਸਾਡੇ ਨਾਲ ਨਹੀਂ ਜਾਂਦੀ, ਤੇਰੀਆਂ ਬਹੁਤੀਆਂ ਈਸਟ ਇੰਡੀਅਨ ਸਹੇਲੀਆਂ ਵੀ ਨਹੀਂ ਹਨ। ਸਾਰਾ ਵੀਕ ਐਂਡ ਕਿਵੇਂ ਬਤੀਤ ਕਰਦੀ ਏਂ?"

"ਬੱਸ ਘਰ ਹੀ ਜਾਂ ਕਿਸੇ ਰਿਸ਼ਤੇਦਾਰ ਨੇ ਖਾਣੇ ਤੇ ਬੁਲਾਇਆ ਹੋਵੇ ਤਾਂ ਉਥੇ ਚਲੀ ਜਾਂਦੀ ਹਾਂ।"

"ਅਗਰ ਤੇਰੇ ਘਰ ਦੇ ਏਨ੍ਹੇ ਪੁਰਾਣੇ ਖਿਆਲਾਂ ਦੇ ਸਨ ਤਾਂ ਉਨ੍ਹਾਂ ਨੇ ਤੈਨੂੰ ਕਨੇਡਾ ਕਿਸ ਕਰਕੇ ਲਿਆਂਦਾ?"

"ਸੱਚ ਹੈ ਕਿ ਮੈਂ ਕਦੀ ਇਸ ਬਾਰੇ ਸੋਚਿਆ ਹੀ ਨਹੀਂ। ਪਰ ਮੇਰਾ ਬਹੁਤ ਜੀ ਤਾਂ ਕਰਦਾ ਹੈ ਕਿ ਮੈਂ ਵੀ ਤੁਹਾਡੇ ਵਾਂਗ ਰਹਾਂ ਪਰ ਘਰ ਵਾਲਿਆਂ ਦੇ ਵਿਰੁੱਧ ਜਾਣ ਦੀ ਹਿੰਮਤ ਨਹੀਂ ਪੈਂਦੀ।"

ਏਨੇ ਨੂੰ ਪ੍ਰੋਫੈਸਰ ਆ ਗਿਆ। ਜੋਰਜ ਨੇ ਟੀਚਰ ਦੇ ਆਉਂਦਿਆਂ ਹੀ ਉਸ ਨੂੰ ਪੁੱਛਿਆ, "ਮਿਸਟਰ ਕਿਨਿੰਗ, ਡੂ ਯੂ ਨੋਅ, ਈਸਟ ਇੰਡੀਅਨ ਹੈਵ ਅਰੇਂਜਡ ਮੈਰਿਜ?।"

ਮਿਸਟਰ ਕਿਨਿਗ ਨੇ ਮੇਰੇ ਵਲ ਦੇਖ ਕੇ ਮੁਸਕਰਾਉਂਦਿਆਂ ਕਿਹਾ, "ਕਿਉਂ ਮੀਨਾ ਤੇਰਾ ਵਿਆਹ ਹੋਣ ਲੱਗਾ ਹੈ? ਮੈਨੂੰ ਸੱਦਣਾ ਨਾ ਭੁੱਲੀਂ।"

ਸਾਰੀ ਕਲਾਸ ਹੱਸਣ ਲੱਗ ਪਈ। ਮੇਰਾ ਮੂੰਹ ਸ਼ਰਮ ਨਾਲ ਲਾਲ ਹੋ ਗਿਆ, ਪਰ ਮੇਰਾ ਹਾਸਾ ਵੀ ਨਿਕਲ ਰਿਹਾ ਸੀ

"ਨਹੀਂ, ਅਸੀਂ ਉਦਾਂ ਹੀ ਗੱਲਾਂ ਕਰ ਰਹੇ ਸਾਂ।"

ਫੇਰ ਕਾਫੀ ਦੇਰ ਇਸ ਬਾਰੇ ਗੱਲਾਂ ਹੁੰਦੀਆਂ ਰਹੀਆਂ। ਮੇਰੇ ਨਾਲ ਮਜ਼ਾਕ ਵੀ ਬਹੁਤ ਕੀਤਾ। ਕੁਝ ਚੰਗਾਂ ਤੇ ਕੁਝ ਮਾੜਾ।

ਏਨੇ ਨੂੰ ਮੇਰੀ ਬੱਸ ਆ ਗਈ। ਮੇਰਾ ਘਰ ਵੈਨਕੂਵਰ ਵਿਚ ਹੋਣ ਕਰਕੇ ਘੰਟਾ ਘਰ ਤੱਕ ਪਹੁੰਚਣ ਨੂੰ ਲੱਗ ਜਾਂਦਾ ਹੈ।

ਬੱਸ ਵਿਚ ਬੈਠੀ ਨੂੰ ਲੰਚ ਟਾਈਮ ਵਾਲੀ ਗੱਲ ਦਾ ਖਿਆਲ ਆਇਆ। ਮੇਰੇ ਲੌਕਰ ਦੇ ਨਾਲ ਦਾ ਲੌਕਰ ਈਸਟ ਇੰਡੀਅਨ ਮੁੰਡੇ ਦਾ ਹੈ। ਹਾਲੇ ਕਾਲਜ ਸ਼ੁਰੂ ਹੋਏ ਨੂੰ ਦੋ ਕੁ ਹਫਤੇ ਹੋਏ ਹਨ ਪਰ ਉਸਦਾ ਭੋਲਾ ਜਿਹਾ ਚਿਹਰਾ ਤੇ ਹਾਸੇ ਮਜ਼ਾਕ ਵਾਲੀ ਆਦਤ ਬਹੁਤ ਚੰਗੀ ਲਗਦੀ ਹੈ। ਹਰ ਰੋਜ਼ ਆ ਕੇ 'ਹਾਏ' ਜ਼ਰੂਰ ਬੁਲਾਉਂਦਾ ਹੈ ਤੇ ਹਾਲ ਚਾਲ ਪੁੱਛਦਾ ਹੈ। ਪਰ ਅੱਜ ਜਦੋਂ ਲੰਚ ਟਾਈਮ ਖਤਮ ਹੋਣ ਤੇ ਜਦੋਂ ਮੈਂ ਆਪਣੇ ਲੌਕਰ ਵਿਚੋਂ ਕਿਤਾਬਾਂ ਕੱਢਣ ਲੱਗੀ ਤਾਂ ਹੌਲੀ ਜਿਹੇ ਮੈਨੂੰ ਆ ਕੇ ਪੁੱਛਣ ਲੱਗਾ, "ਮੀਨਾ, ਤੇਰੇ ਕੋਲ ਕੋਈ ਬੋਇ-ਫਰੈਂਡ ਹੈ ਕਿ ਨਹੀਂ।"

ਹਾਲੇ ਕਿਤਾਬਾਂ ਰੱਖੀਆਂ ਹੀ ਸਨ ਕਿ ਮੌਮੀ ਦਾ ਲੈਕਚਰ ਸ਼ੁਰੂ ਹੋ ਗਿਆ।

ਪਤਾ ਨਹੀਂ ਮੈਨੂੰ ਕੀ ਸੁੱਝਾ, ਮੈਂ ਉਸਨੂੰ ਸੱਚ ਸੱਚ ਦੱਸ ਦਿੱਤਾ ਕਿ ਮੇਰੇ ਘਰਵਾਲੇ ਮੈਨੂੰ ਡੇਟ ਤੇ ਜਾਣ ਦੀ ਆਗਿਆ ਨਹੀਂ ਦਿੰਦੇ। ਪਹਿਲਾਂ ਮੈਂ ਕਦੀ ਵੀ ਕਿਸੇ ਮੁੰਡੇ ਨੂੰ ਸੱਚ ਨਹੀਂ ਸੀ ਦੱਸਿਆ।

"ਮੇਰੇ ਘਰ ਵਾਲੇ ਵੀ ਕਿਹੜਾ ਮੈਨੂੰ ਅਗਿਆ ਦਿੰਦੇ ਹਨ, ਪਰ ਮੈਨੂੰ ਕੋਈ ਪਰਵਾਹ ਨਹੀਂ। ਮੈਨੂੰ ਪਤਾ ਹੈ ਕਿ ਤੂੰ ਇਕ ਵਾਰੀ ਕਿਸੇ ਨਾਲ ਗਈ ਸੀ ਤੇ ਪਕੜੀ ਗਈ।"

"ਤੈਨੂੰ ਕਿਸ ਨੇ ਦੱਸਿਆ" ਮੈਂ ਘਬਰਾਹਟ ਵਿਚ ਪੁਛਿਆ।

"ਤੇਰੀ ਕਲਾਸ ਦਾ ਇਕ ਮੁੰਡਾ ਮੇਰਾ ਦੋਸਤ ਹੈ, ਮੈਨੂੰ ਉਸ ਕੋਲੋਂ ਸਭ ਕੁੱਝ ਪਤਾ ਲੱਗਾ। ਤੇਰਾ, ਮੇਰੇ ਬਾਰੇ ਵਿਚ ਕੀ ਖਿਆਲ ਹੈ?"

ਮੈਂ ਉਸਨੂੰ ਹੁਣ ਕੀ ਕਹਿੰਦੀ? ਬੱਸ ਨੀਵੀਂ ਪਾਕੇ ਸੋਚਦੀ ਰਹੀ। ਏਨ੍ਹੇ

ਵਿਚ ਉਹ ਬੋਲਿਆ, "ਤੇਰੇ ਘਰ ਵਾਲਿਆਂ ਨੂੰ ਕਿਸੇ ਤਰ੍ਹਾਂ ਨਹੀਂ ਪਤਾ ਲੱਗੇਗਾ। ਤੂੰ ਮੈਨੂੰ ਭਾਵੇਂ ਆਪਣਾ ਫੋਨ ਨਾ ਦੇਵੀਂ। ਜਦੋਂ ਤੂੰ ਚਾਹੇਂ ਮੈਨੂੰ ਫੋਨ ਕਰ ਸਕਦੀ ਏਂ, ਪਰ ਗੱਲ ਇੰਗਲਿਸ਼ ਵਿਚ ਕਰੀਂ ਤਾਂ ਕਿ ਕੋਈ ਸਮਝ ਨਾ ਸਕੇ।"

"ਤੂੰ ਮੈਨੂੰ ਕੁੱਝ ਸੋਚਣ ਦਾ ਟਾਈਮ ਦੇਵੇਂਗਾ, ਮੈਂ ਤੈਨੂੰ ਮੰਡੇ ਤੱਕ ਦੱਸ ਸਕਦੀ ਹਾਂ" ਮੈਂ ਹਿੰਮਤ ਕਰਕੇ ਬੋਲੀ।

"ਕਿਤੇ ਸਾਰੀ ਉਮਰ ਸੋਚਣ ਤੇ ਹੀ ਨਾ ਲਾ ਦੇਵੀਂ। ਕਿਤੇ ਮੈਂ ਤੇਰਾ ਸਾਰੀ ਉਮਰ ਇੰਤਜ਼ਾਰ ਹੀ ਨਾ ਕਰਦਾ ਰਹਾਂ", ਇਹ ਕਹਿ ਕੇ ਉਹ ਚਲਾ ਗਿਆ।

ਮੈਂ ਬਾਥਰੂਮ ਵੱਲ ਦੌੜੀ ਗਈ ਤੇ ਕਾਫੀ ਦੇਰ ਉਥੇ ਹੀ ਰਹੀ। ਫਿਰ ਕਲਾਸ ਵਿਚ ਬੈਠੀ ਵੀ ਸੋਚਦੀ ਰਹੀ। ਹਰਿੰਦਰ ਮੈਨੂੰ ਪਸੰਦ ਤਾਂ ਬਹੁਤ ਸੀ ਪਰ ਘਰਦਿਆਂ ਤੋਂ ਡਰ ਬਹੁਤ ਲੱਗਦਾ ਸੀ। ਫਿਰ ਮੈਂ ਆਪਣੀ ਸਹੇਲੀ ਕਰਿਸਟੀਨ ਨੂੰ ਇਸ ਬਾਰੇ ਪੁੱਛਿਆ। ਮੈਨੂੰ ਪਤਾ ਸੀ ਕਿ ਉਹ ਮੈਨੂੰ 'ਹਾਂ' ਕਰਨ ਲਈ ਹੀ ਕਹੇਗੀ ਕਿਉਂਕਿ ਉਸ ਲਈ 'ਕਲਚਰਲ ਕਲੈਸ਼' ਸਮਝਣਾ ਔਖਾ ਸੀ। ਭਾਵੇਂ ਮੈਂ ਕਾਫੀ ਅਗਾਂਹਵਧੂ ਖਿਆਲਾਂ ਦੀ ਹਾਂ ਪਰ ਫਿਰ ਵੀ ਸੋਚਦੀ ਹਾਂ ਕਿ ਭਾਰਤੀ ਮਾਪਿਆਂ ਦਾ ਤੇ ਬੱਚਿਆਂ ਦਾ ਇਕ ਬੰਧਨ ਜਿਹਾ ਹੁੰਦਾ ਹੈ ਜੋ ਕਿ ਤੋੜਨਾ ਮੁਸ਼ਕਿਲ ਹੁੰਦਾ ਹੈ। ਨਾ ਚਾਹੁੰਦਿਆਂ ਹੋਇਆਂ ਵੀ ਮਾਪਿਆਂ ਤੋਂ ਅਲੱਗ ਹੋਣਾ ਮੁਸ਼ਕਿਲ ਹੁੰਦਾ ਹੈ। ਇਸ ਲਈ ਬਹੁਤ ਮਾਨਸਿਕ ਸ਼ਕਤੀ ਦੀ ਲੋੜ ਹੁੰਦੀ ਹੈ।

ਕਰਿਸਟੀਨ ਨੇ ਮੈਨੂੰ ਇਹ ਗੱਲ ਸੱਚ ਕਹੀ ਸੀ, "ਤੂੰ ਕੋਈ ਬੱਚੀ ਤਾਂ ਨਹੀਂ, ਅਗਰ ਤੇਰੇ ਘਰ ਦੇ ਤੈਨੂੰ ਘਰੋਂ ਕੱਢ ਦੇਣਗੇ ਤਾਂ ਤੂੰ ਆਪਣੇ ਪੈਰਾਂ ਤੇ ਖੜੀ ਹੋ ਸਕਦੀ ਏਂ ਕਿਉਂਕਿ ਤੂੰ ਖੁਦ ਕਮਾਉਂਦੀ ਏਂ। ਤੇਰੇ ਕੋਲ ਬੈਂਕ ਵਿਚ ਪੈਸਾ ਵੀ ਹੈ ਫਿਰ ਤੂੰ ਇਹ ਸਭ ਕੁਝ ਕਿਉਂ ਝਲਦੀ ਏਂ।" ਉਸ ਦੀਆਂ ਕਾਫੀ ਗੱਲਾਂ ਸੱਚੀਆਂ ਵੀ ਲੱਗੀਆਂ। ਪਰ ਫਿਰ ਵੀ ਮੈਂ ਆਪਣਾ ਮਨ ਨਾ ਬਣਾ ਸਕੀ।

ਥੋੜੀ ਦੇਰ ਬਾਦ ਮੇਰਾ ਬੱਸ ਸਟਾਪ ਆ ਗਿਆ ਤੇ ਘਰ ਵੱਲ ਤੁਰ ਪਈ। ਅੱਜ ਸਾਡੀ ਆਖਰੀ ਕਲਾਸ ਅੱਧਾ ਕੁ ਘੰਟਾ ਲੇਟ ਸ਼ੁਰੂ ਹੋਈ ਸੀ। ਫਿਰ ਬੱਸ ਦੀ ਵੀ ਵੀਹ ਕੁ ਮਿੰਟ ਉਡੀਕ ਕੀਤੀ। ਪਹਿਲਾਂ ਨਾਲੋਂ ਮੈਂ ਘੰਟਾ ਕੁ ਲੇਟ ਹੋ ਗਈ ਸੀ। ਹਾਲੇ ਕਿਤਾਬਾਂ ਰੱਖੀਆਂ ਹੀ ਸਨ ਕਿ ਮੰਮੀ ਦਾ ਲੈਕਚਰ ਸ਼ੁਰੂ ਹੋ ਗਿਆ।

"ਅੱਜ ਏਨੀ ਦੇਰ ਕਿੱਥੇ ਲਗਾ ਕੇ ਆਈ ਏਂ? ਮੁੰਡਾ ਤੇਰੇ ਨਾਲੋਂ ਦੋ ਘੰਟੇ ਪਹਿਲਾਂ ਆ ਗਿਆ।"

"ਮਾਮ, ਮੇਰੇ ਤੇ ਟੀਟੂ ਦੇ ਕੋਰਸ ਵੱਖਰੇ ਹਨ ਤੇ ਕਲਾਸਾਂ ਵੱਖਰੀਆਂ ਹਨ। ਮੇਰੀ ਅੱਜ ਇਕ ਕਲਾਸ ਲੇਟ ਲੱਗੀ ਤੇ ਮੇਰੀ ਬੱਸ ਵੀ ਮਿੱਸ ਹੋ ਗਈ ਸੀ।'

"ਤੇਰੀਆਂ ਰੋਜ਼ ਬੱਸਾਂ ਹੀ ਮਿਸ ਹੁੰਦੀਆਂ ਹਨ।"

ਮੈਨੂੰ ਏਨਾਂ ਗੁੱਸਾ ਆ ਗਿਆ ਕਿ ਮੈਂ ਤਾੜ ਦੇਣੀ ਬਾਥਰੂਮ ਦਾ ਦਰਵਾਜ਼ਾ ਬੰਦ ਕਰ ਲਿਆ ਤੇ ਹੌਟ ਸ਼ਾਵਰ ਲੈਣ ਲੱਗ ਪਈ। ਮੈਂ ਸੋਚਿਆ ਕਿ ਮੇਰਾ ਤਾਂ ਇਹ ਉਦਾਂ ਵੀ ਵਿਸ਼ਵਾਸ ਨਹੀਂ ਕਰਦੇ ਜਦੋਂ ਕਿ ਮੈਂ ਕਦੀ ਕੁੱਝ ਕੀਤਾ ਹੀ ਨਹੀਂ। ਮੇਰੇ ਤੇ ਅਜਿਹੇ ਝੂਠੇ ਇਲਜ਼ਾਮ ਉਵੇਂ ਹੀ ਲੱਗਦਾ ਰਹਿੰਦਾ ਹੈ। ਜਦੋਂ ਵੀ ਕਿਸੇ ਕਲਾਸ-ਫਰੈਂਡ ਦਾ ਫੋਨ ਆਉਂਦਾ ਹੈ ਤਾਂ ਕਿਸੇ ਨਾ ਕਿਸੇ ਨੇ ਫੋਨ ਚੁੱਕਿਆ ਹੁੰਦਾ ਹੈ। ਇਸ ਕਰਕੇ ਮੈਂ ਕਦੀ ਵੀ ਫੋਨ ਤੇ ਪੜ੍ਹਾਈ ਤੋਂ ਬਿਨਾ ਹੋਰ ਕੋਈ ਗੱਲ ਨਹੀਂ ਕਰਦੀ।

ਰੋਟੀ ਖਾ ਕੇ ਮੈਂ ਆਪਣੇ ਕਮਰੇ ਵਿਚ ਚਲੀ ਗਈ। ਮੇਰਾ ਪੜ੍ਹਨ ਨੂੰ ਬਿਲਕੁਲ ਜੀ ਨਹੀਂ ਸੀ ਕਰ ਰਿਹਾ। ਕਿਤਾਬ ਤਾਂ ਮੇਰੇ ਸਾਹਮਣੇ ਖੁੱਲੀ ਸੀ ਪਰ ਇਕ ਅੱਖਰ ਨਾ ਪੜ੍ਹਿਆ ਗਿਆ। ਅਗਲੇ ਦਿਨ ਮੈਂ ਹਰਿੰਦਰ ਨੂੰ ਜਾ ਕੇ ਦੱਸ ਦਿੱਤਾ ਕਿ ਮੇਰੇ ਵਲੋਂ ਹਾਂ ਹੈ। ਜੋ ਅੱਗੇ ਹੋਵੇਗਾ ਉਹ ਦੇਖਿਆ ਜਾਵੇਗਾ। ਪਤਾ ਨਹੀਂ ਮੈਂ ਇਹ ਠੀਕ ਕੀਤਾ ਜਾ ਨਹੀਂ। ਰੱਬ ਹੀ ਜਾਣੇ! ●


# BUYING OR SELLING

**Residential, Farms, Lots**

## Always Remember To Call Your Friendly Realtor

**Kuldip (Kal) Rangi**
**Ph.: Res. 278-8320**
**Bus. 322-3272**



amex

**AMEX INTERNATIONAL REALTY CORP.**
200-6325 Fraser St. Vancouver B.C. V5W 3A3

# ਸਤਲੁੱਜ ਫੈਸ਼ਨਜ਼

9332 - 120 ਸਟਰੀਟ, ਸਰੀ ਬੀ. ਸੀ.

**ਫੋਨ: 589-6161**

ਹਰ ਮੌਕੇ ਲਈ ਹਰ ਤਰ੍ਹਾਂ ਦਾ ਕਪੜਾ ਮਿਲ ਸਕਦਾ ਹੈ। ਵਾਜਬ ਕੀਮਤਾਂ। ਅੱਜ ਹੀ ਆ ਕੇ ਦਰਸ਼ਨ ਦਿਓ।

*Business Cards, Wedding Cards, Letterheads, Envelopes, Brochures, Menus, Business Forms, Flyers etc.*

Special Photocopies
1-10 copies 7 cents
11-30 copies 6 cents
31-75 copies 5 cents
76 & up 4.5 cents

B/W X 11

( price per original)

**FULL COLOR COPIES**

**BUSINESS CARDS (BLACK ON WHITE)**
**$19.95**
1000 Business Cards

**PH.: 321-0220**

**SUPER PRINTERS**
Stationary & Copy Centre Ltd.

5934 Fraser St., VANCOUVER. V5W 2Z7

# ਮੇਧਾਵੀ ਪਾਰਸ਼ ਗਾਇਕਾ ਸ਼ਮਸ਼ਾਦ ਬੇਗਮ

### ਹਰਜਾਪ ਸਿੰਘ

1939 ਦਾ ਸਾਲ ਸੀ। ਪਾਕਿਸਤਾਨ ਬਣਨ ਦਾ ਅਜੇ ਕਿਸੇ ਨੂੰ ਸੁਪਨਾ ਵੀ ਨਹੀਂ ਸੀ ਆਇਆ। ਦੂਜੀ ਆਲਮੀ ਜੰਗ ਅਜੇ ਅਰੰਭ ਹੀ ਹੋਈ ਸੀ ਪ੍ਰੰਤੂ ਭਾਰਤ ਉਪਰ ਇਸਦਾ ਕੋਈ ਪਰਭਾਵ ਨਹੀਂ ਸੀ ਪਿਆ।

ਕਲਕੱਤੇ ਤੋਂ ਬਾਅਦ ਫਿਲਮਾਂ ਦੇ ਕੇਂਦਰ ਦੇ ਤੌਰ ਤੇ ਲਾਹੌਰ ਦਾ ਨਾਓਂ ਹੀ ਮਸ਼ਹੂਰ ਸੀ। ਹਿੰਦੀ ਅਤੇ ਉਰਦੂ ਦੀ ਮਿਸ਼ਰਤ ਬੋਲੀ ਹਿੰਦੁਸਤਾਨੀ ਵਿਚ ਪਹਿਲੀ ਫਿਲਮ 1933 ਵਿਚ ਬਣੀ ਸੀ। ਪੰਜਾਬੀ ਬੋਲੀ ਵਿਚ ਪਹਿਲੀ ਫਿਲਮ 'ਯਮਲਾ ਜੱਟ' ਬਣਾਈ ਗਈ। ਪੰਚੋਲੀ ਆਰਟ ਪ੍ਰੋਡਕਸ਼ਨਜ਼ ਦੇ ਝੰਡੇ ਥੱਲੇ ਲਾਹੌਰ ਦੇ ਪੰਚੋਲੀ ਸਟੂਡਿਓ ਵਿਚ ਇਹ ਫਿਲਮ ਬਣਾਈ ਗਈ। ਤਕਨੀਕੀ ਪੱਖੋਂ ਇਹ ਫਿਲਮ ਕੋਈ ਬਹੁਤੀ ਵਧੀਆ ਨਹੀਂ ਸੀ ਪਰ ਕਿਉਂਕਿ ਇਹ ਪੰਜਾਬੀ ਦੀ ਪ੍ਰਿਥਮ ਫਿਲਮ ਸੀ ਇਸ ਕਰਕੇ ਇਸਦੀ ਕਲਾਸਿਕ ਅਹਿਮੀਅਤ ਬਹੁਤ ਹੈ। ਫਿਲਮ ਦੇ ਬਣਨ ਸਮੇਂ ਇਸ ਬਾਰੇ ਚਰਚਾ ਘਰ ਘਰ ਹੁੰਦੀ ਸੀ। ਲਾਹੌਰ ਅਤੇ ਅਮ੍ਰਿਤਸਰ ਵਿਚ ਲੋਕ ਇਸ ਫਿਲਮ ਦੇ ਦੀਵਾਨੇ ਸਨ।

ਉਨ੍ਹਾਂ ਦਿਨਾਂ ਵਿਚ ਲਾਹੌਰ ਦੇ ਸਿਰਕੱਢ ਸੰਗੀਤ ਨਿਰਦੇਸ਼ਨ ਮਾਸਟਰ ਗ਼ੁਲਾਮ ਹੈਦਰ ਸਨ। ਉਹ ਪੰਜਾਬੀ ਸਨ। 'ਜਮਲਾ ਜੱਟ' ਦਾ ਸੰਗੀਤ ਵੀ ਉਨ੍ਹਾਂ ਹੀ ਤਿਆਰ ਕੀਤਾ ਸੀ। ਇਸ ਫਿਲਮ ਦੇ ਨਗ਼ਮੇ ਸ਼ਮਸ਼ਾਦ ਬੇਗਮ ਅਤੇ ਬੇਬੀ ਨੂਰ ਜਹਾਂ ਨੇ ਗਾਏ। ਸ਼ਮਸ਼ਾਦ ਬੇਗਮ ਦਾ ਗਾਇਆ ਇਕ ਨਗ਼ਮਾ 'ਕਣਕਾਂ ਦੀਆਂ ਫਸਲਾਂ ਪੱਕੀਆਂ ਨੇ' ਬਹੁਤ ਹੀ ਮਸ਼ਹੂਰ ਹੋਇਆ।

'ਯਮਲਾ ਜੱਟ' ਸ਼ਮਸ਼ਾਦ ਬੇਗਮ ਦੇ ਬਤੌਰ ਪਾਰਸ਼ ਗਾਇਕਾ ਜੀਵਨ ਦਾ ਆਗ਼ਾਜ਼ ਹੀ ਸੀ। ਬਾਦ ਵਿਚ ਗ਼ੁਲਾਮ ਹੈਦਰ ਦੀਆਂ ਫਿਲਮਾਂ ਵਿਚ ਸ਼ਮਸ਼ਾਦ ਬੇਗਮ ਨੇ ਹੋਰ ਵੀ ਅਨੇਕਾਂ ਗੀਤ ਗਾਏ।

1946 ਦੇ ਕਰੀਬ ਮਾਸਟਰ ਗ਼ੁਲਾਮ ਹੈਦਰ ਕੁੱਝ ਫਿਲਮਾਂ ਵਾਸਤੇ ਸੰਗੀਤ ਨਿਰਦੇਸ਼ਨ ਕਰਨ ਬੰਬਈ ਚਲੇ ਗਏ। ਸ਼ਮਸ਼ਾਦ ਬੇਗਮ ਨੂੰ ਵੀ ਉਨ੍ਹਾਂ ਨੇ ਉਥੇ ਹੀ ਬੁਲਾ ਲਿਆ। ਬੰਬਈ ਵਿਚ ਵੀ ਸ਼ਮਸ਼ਾਦ ਬੇਗਮ ਨੇ ਆਪਣੀ ਪ੍ਰਤਿਭਾ ਦੇ ਸਦਕੇ ਪੁਖਤਾ ਮੁਕਾਮ ਬਣਾ ਲਿਆ। ਫਿਲਮ 'ਸ਼ਾਹਜਹਾਂ' ਵਾਸਤੇ ਸੁਪ੍ਰਸਿੱਧ ਨਗ਼ਮਾਂ 'ਜਬ ਉਸਨੇ ਗੇਸੂ ਬਿਖਰਾਏ, ਬਾਦਲ ਆਇਆ ਝੂਮ ਕੇ' ਸ਼ਮਸ਼ਾਦ ਨੇ ਉਸ ਵਕਤ ਦੇ ਉਭਰ ਰਹੇ ਸੰਗੀਤ ਨਿਰਦੇਸ਼ਕ ਨੌਸ਼ਾਦ ਅਲੀ ਦੀ ਤਰਜ਼ ਤੇ ਗਾਇਆ। ਇਸ ਗੀਤ ਦੀ ਮਸ਼ਹੂਰੀ ਦੀਆਂ ਧੁੰਮਾਂ ਉਤਰੀ ਭਾਰਤ ਵਿਚ ਪੈ ਗਈਆਂ।

1947 ਵਿਚ ਦੇਸ ਦਾ ਬਟਵਾਰਾ ਹੋ ਗਿਆ। ਪੰਜਾਬ ਦਾ ਫਿਲਮ ਉਦਯੋਗ ਉਜੜ ਗਿਆ। ਫਿਲਮ ਉਦਯੋਗ ਦੀਆਂ ਉਘੀਆਂ ਹਸਤੀਆਂ ਹਿੰਦੂ ਜਾਂ ਸਿੱਖ ਸਨ ਅਤੇ ਲਾਹੌਰ ਸ਼ਹਿਰ ਦੀ ਵਸੋਂ ਦੀ ਅਕਸਰੀਅਤ ਵੀ ਹਿੰਦੂ-ਸਿੱਖ ਹੀ ਸੀ। ਪਰ ਵੰਡ ਸਮੇਂ ਇਹ ਸ਼ਹਿਰ, ਪਾਕਿਸਤਾਨ ਦੇ ਹਿੱਸੇ ਆ ਗਿਆ। ਲਾਹੌਰ ਦੀਆਂ ਫਿਲਮੀ ਹਸਤੀਆਂ ਲੁੱਟੀਆਂ ਪੁੱਟੀਆਂ ਬੰਬਈ ਆਣ ਵਸੀਆਂ। ਪੰਜਾਬ ਦੇ ਫਿਲਮ ਉਦਯੋਗ ਦੇ ਬੰਬਈ ਮੁੰਤਕਿਲ ਹੋ ਜਾਣ ਕਾਰਨ ਕਲਕੱਤਾ ਅਲੱਗ ਥਲੱਗ ਰਹਿ ਗਿਆ ਅਤੇ ਬੰਬਈ ਭਾਰਤ ਦਾ ਹੌਲੀਵੁੱਡ ਬਣ ਗਿਆ।

ਬੰਬਈ ਵਿਚ ਆ ਕੇ ਸ਼ਮਸ਼ਾਦ ਨੇ ਪੁਰਾਣੀਆਂ ਗਾਇਕਾਵਾਂ ਅਮੀਰ ਬਾਈ ਕਰਨਾਟਕੀ, ਜ਼ੋਹਰਾ ਬਾਈ ਅੰਬਾਲੇ ਵਾਲੀ ਅਤੇ ਰਾਜਕੁਮਾਰੀ ਨੂੰ ਪਛਾੜ ਦਿੱਤਾ। 1947 ਤੋਂ ਬਾਦ ਕੁਝ ਅਰਸੇ ਵਾਸਤੇ ਨੂਰਜਹਾਂ ਵੀ ਬੰਬਈ ਵਿਚ ਹੀ ਸੀ। ਫਿਲਮੀ ਗਾਇਕਾਵਾਂ ਵਿਚ ਉਸਦਾ ਪਹਿਲਾ ਸਥਾਨ ਬਣ ਚੁੱਕਾ ਸੀ। ਉਸਦੀ ਅਵਾਜ਼ ਬਹੁਤ ਤਿੱਖੀ ਸੀ ਅਤੇ ਬਚਪਨ ਵਾਲੀ ਚੰਚਲਤਾ ਵੀ ਉਸਦੀ ਅਵਾਜ਼ ਵਿਚੋਂ ਟਪਕਦੀ ਸੀ। ਉਸਦੀ ਅਵਾਜ਼ ਲਤਾ ਅਤੇ ਆਸ਼ਾ ਵਾਂਗੂ ਮਿੱਠੀ ਵੀ ਬਹੁਤ ਸੀ।

ਨੂਰਜਹਾਂ ਦਾ ਦਿਲ ਬੰਬਈ ਵਿਚ ਨਹੀਂ ਲੱਗਾ। ਅਨੇਕਾਂ ਅਨੁਭਵੀ ਸੰਗੀਤ ਨਿਰਦੇਸ਼ਕਾਂ ਦੇ ਇਸਰਾਰ ਦੇ ਬਾਵਜੂਦ ਵੀ ਨੂਰਜਹਾਂ ਨੇ ਲਾਹੌਰ ਵਾਪਿਸ ਜਾਣ ਦੀ ਅੜੀ ਨਹੀਂ ਛੱਡੀ। 1948 ਵਿਚ ਹੀ ਉਹ ਲਹੌਰ ਵਾਪਿਸ ਚਲੀ ਗਈ। ਫੇਰ ਲਤਾ ਐਸੀ ਆਈ ਕਿ ਉਸਨੇ ਸੱਭ ਨੂੰ ਪਛਾੜ ਦਿੱਤਾ।

ਨੂਰਜਹਾਂ ਦੇ ਜਾਣ ਤੋਂ ਬਾਦ ਕੁੱਝ ਸਮੇਂ ਵਾਸਤੇ ਉਸਦਾ ਸਥਾਨ ਸੁਰੱਈਆ ਨੇ ਪ੍ਰਾਪਤ ਕਰ ਲਿਆ ਪਰ ਦੂਜੀ ਗਾਇਕਾ ਦੇ ਤੌਰ ਤੇ ਸ਼ਮਸ਼ਾਦ ਬੇਗਮ ਹੀ ਕਾਇਮ ਰਹੀ। ਮਾਸਟਰ ਗ਼ੁਲਾਮ ਹੈਦਰ ਤੋਂ ਇਲਾਵਾ ਸ਼ਮਸ਼ਾਦ ਨੇ ਉਸ ਵਕਤ ਦੇ ਹਰ ਇਕ ਮਸ਼ਹੂਰ ਸੰਗੀਤ ਨਿਰਦੇਸ਼ਕ ਦੀਆਂ ਰਚਨਾਵਾਂ ਨੂੰ ਸਵਰ ਦਿੱਤੇ। ਇਨ੍ਹਾਂ ਵਿਚ ਨੌਸ਼ਾਦ, ਸੱਜਾਦ ਹੁਸੈਨ, ਹੁਸਨਲਾਲ ਭਗਤਰਾਮ, ਸ੍ਰੀ ਰਾਮਚੰਦਰ, ਗ਼ੁਲਾਮ ਮੁਹੰਮਦ, ਅਨਿਲ ਬਿਸਵਾਸ, ਸ਼ੰਕਰ ਜੈਕਿਸ਼ਨ, ਓ. ਪੀ. ਨਈਅਰ, ਵਿਨੋਦ, ਅੱਲਾ ਰੱਖਾ ਕੁਰੈਸ਼ੀ, ਸ਼ਾਮ ਸੁੰਦਰ ਅਤੇ ਮਾਸਟਰ ਹੰਸ ਰਾਜ ਬਹਿਲ ਸ਼ਾਮਿਲ ਸਨ।

1950 ਤੱਕ ਤਿੰਨ ਮਸ਼ਹੂਰ ਪੰਜਾਬੀ ਫਿਲਮਾਂ ਬੰਬਈ ਵਿਚ ਬਣੀਆਂ। ਇਹ ਸਨ ਚਮਨ, ਲੱਛੀ ਅਤੇ ਛਲੀ । ਲੱਛੀ ਅਤੇ ਛਲੀ ਵਿਚ ਮਾਸਟਰ ਹੰਸ ਰਾਜ ਬਹਿਲ ਦਾ ਸੰਗੀਤ ਸੀ। ਇਨ੍ਹਾਂ ਦੋਹਾਂ ਫਿਲਮਾਂ ਦੇ ਹੀ ਨਗ਼ਮੇ ਬਹੁਤ ਮਕਬੂਲ ਹੋਏ। ਇਸ ਤਰ੍ਹਾਂ ਸ਼ਮਸ਼ਾਦ ਬੇਗ਼ਮ ਪੰਜਾਬੀ ਦੀ ਨੰਬਰ ਇਕ ਦੀ ਪਾਰਸ਼ ਗਾਇਕਾ ਬਣ ਗਈ। ਫਿਲਮ ਮਦਾਰੀ ਵਿਚ ਉਸਤਾਦ ਅੱਲਾ ਰੱਖਾ ਨੇ ਵੀ ਬਹੁਤ ਪੁਰ-ਅਸਰ ਸੰਗੀਤ ਦਿੱਤਾ।

ਫਿਲਮ ਪੋਸਤੀ 1949 ਵਿਚ ਬਣਨੀ ਸ਼ੁਰੂ ਹੋਈ ਅਤੇ 1950 ਵਿਚ ਰੀਲੀਜ਼ ਹੋਈ। ਇਸ ਫਿਲਮ ਵਿਚ ਇਕ ਨਵੇਂ ਸੰਗੀਤ ਨਿਰਦੇਸ਼ਕ ਸਰਦਾਰ ਸਰਦੂਲ ਸਿੰਘ ਕਵਾਤੜਾ ਨੇ ਕਾਮਯਾਬੀ ਦੀਆਂ ਬੁਲੰਦੀਆਂ ਛੋਹੀਆਂ। ਸਰਦੂਲ ਸਿੰਘ ਵੀ ਲਾਹੌਰੀਏ ਹੀ ਹਨ। ਅੱਜ ਕਲ੍ਹ ਸਾਨਫਰਾਂਸਿਸਕੋ ਕੇਲੀਫੋਰਨੀਆਂ ਵਿਖੇ ਵਸਦੇ ਹਨ। ਪੰਜਾਬੀ ਸੰਗੀਤ ਇਨ੍ਹਾਂ ਦੀ ਰਗ ਰਗ ਵਿਚ ਸਮਾਇਆ ਹੋਇਆ ਹੈ। ਪੋਸਤੀ ਫਿਲਮ ਦੇ ਸ਼ਮਸ਼ਾਦ ਦੇ ਗਾਏ ਗੀਤ 'ਚੱਲੀ ਪਿਆਰ ਦੀ ਹਵਾ ਮਸਤਾਨੀ ਕਿ ਘੁੰਡ ਲਹਿ ਗਏ ਕਲੀਆਂ ਦੇ', 'ਚਿੱਟੇ ਚਿੱਟੇ ਬੱਦਲਾਂ ਦੀ ਛਾਂ ਢੋਲ ਜੀ' ਅਤੇ 'ਗੋਰੀਏ ਗੰਨੇ ਦੀਏ ਪੋਰੀਏ' ਅੱਜ ਤੱਕ ਲੋਕਾਂ ਨੂੰ ਯਾਦ ਹਨ

ਸ਼ਮਸ਼ਾਦ ਬੇਗਮ ਦੀ ਅਵਾਜ਼ ਵਿਚ ਪੰਜਾਬੀਅਤਾ ਸੀ। ਇਕ ਜਟਕਾ-ਪਣ ਜੋ ਹੋਰ ਕਿਸੇ ਗੁਲੂਕਾਰਾਂ ਦੀ ਅਵਾਜ਼ ਵਿਚ ਨਹੀਂ ਸੀ, ਕੇਵਲ ਸ਼ਮਸ਼ਾਦ ਬੇਗਮ ਦੀ ਆਵਾਜ਼ ਦਾ ਹੀ ਸ਼ਿੰਗਾਰ ਸੀ। ਮਾਸਟਰ ਗ਼ੁਲਾਮ ਹੈਦਰ ਨੇ ਆਪਣੀਆਂ ਦੋ ਹੋਰ ਸ਼ਾਗਿਰਦਾਂ, ਸੁਰਿੰਦਰ ਕੌਰ ਅਤੇ ਉਮਰਾਜ਼ੀਆਂ ਬੇਗਮ ਜੋ ਬਾਦ ਵਿਚ ਉਨ੍ਹਾਂ ਦੀ ਧਰਮ ਪਤਨੀ ਬਣੀ, ਨੂੰ ਸ਼ਾਸਤਰੀ ਸੰਗੀਤ ਸਿੱਖਣ ਵਾਸਤੇ ਮਜ਼ਬੂਰ ਕੀਤਾ। ਪਰ ਸ਼ਮਸ਼ਾਦ ਬੇਗਮ ਨੂੰ ਉਨ੍ਹਾਂ ਨੇ ਅਜਿਹਾ ਕਰਨ ਤੇ ਮਜ਼ਬੂਰ ਨਹੀਂ

ਕੀਤਾ। ਉਹ ਕਹਿੰਦੇ ਸਨ "ਮੈਂ ਇਸਦੀ ਅਵਾਜ਼ ਦਾ ਸਜਰਾਪਨ ਮਹਿਫੂਜ਼ ਰਹਿਣ ਦੇਣਾ ਚਾਹੁੰਦਾ ਹਾਂ, ਜੋ ਕੁਝ ਇਸ ਕੋਲੋਂ ਗਵਾਉਣਾ ਚਾਹੁੰਦਾ ਹਾਂ ਉਹ ਇਹ ਸ਼ਾਸਤਰੀ ਸੰਗੀਤ ਤੋਂ ਬਗੈਰ ਹੀ ਸੋਹਣਾ ਗਾ ਲੈਂਦੀ ਹੈ।"

'ਪੋਸਤੀ' ਫਿਲਮ ਤੋਂ ਬਾਅਦ ਸਰਦੂਲ ਕਵਾਤੜਾ ਨੇ 'ਕੌਡੇ ਸ਼ਾਹ' ਫਿਲਮ ਦਾ ਸੰਗੀਤ ਦਿੱਤਾ। ਇਸ ਫਿਲਮ ਦੇ ਸੰਗੀਤ ਨੇ ਪੋਸਤੀ ਦੀ ਵੀ ਯਾਦ ਭੁਲਾ ਦਿੱਤੀ। ਇਸ ਫਿਲਮ ਦੇ ਨਗ਼ਮੇ 'ਕੱਚੀ ਕਲੀ ਸੀ ਨਾਜ਼ੁਕ ਦਿਲ ਮੇਰਾ, ਕੋਈ ਸੁੰਘ ਕੇ ਐਵੇਂ ਵਰੋਲ ਗਿਆ' ਅਤੇ 'ਛਣ ਛਣ ਕਰਦੀ ਗਲੀ ਵਿਚੋਂ ਲੰਘਦੀ ਵੇਹ ਮੇਰੇ ਸੱਜਣਾਂ ਦੀ ਭਾਰੀ ਬਦਾਮੀ ਰੰਗ ਦੀ' ਕਮਾਲ ਦੀਆਂ ਸੰਗੀਤ ਰਚਨਾਵਾਂ ਹਨ।

ਫੇਰ ਸਰਦੂਲ ਨੇ ਹੀ 'ਵਣਜਾਰਾ' ਫਿਲਮ ਦਾ ਸੰਗੀਤ ਦਿੱਤਾ। ਇਸ ਵਿਚ ਸ਼ਮਸ਼ਾਦ ਦਾ ਗੀਤ 'ਜੱਟ ਪੱਲੇ ਪੈ ਗਿਆ' ਬਹੁਤ ਮਸ਼ਹੂਰ ਹੋਇਆ। ਇਸ ਫਿਲਮ ਵਿਚ ਲਤਾ ਮੰਗੇਸ਼ਕਰ ਨੇ ਵੀ ਨਵੀਆਂ ਸਿਖਰਾਂ ਛੋਹੀਆਂ ਹਨ।

'ਜੁਗਨੀ' ਫਿਲਮ ਵਿਚ ਮਾਸਟਰ ਹੰਸ ਰਾਜ ਬਹਿਲ ਨੇ ਸੰਗੀਤ ਦਿੱਤਾ। ਉਸ ਫਿਲਮ ਦੇ ਗੀਤ 'ਉਹ ਵੇਲਾ ਯਾਦ ਕਰ, ਜਦ ਗਲੀ 'ਚ ਝਾਤੀ ਮਾਰ ਕੇ, ਮੈਨੂੰ ਬਾਰੀ ਵਿਚ ਖਲਾਰਰ ਕੇ, ਰੋਜ਼ ਬੁਲਾਉਂਦਾ ਸੈਂ' ਅਤੇ 'ਟੁੱਟੀ ਅੱਧ ਵਿਚੋਂ ਮੇਰਾ ਲੱਥੜਾ ਨਚਾਵੇ, ਇਹੋ ਜੇਹੀ ਜਵਾਨੀ ਬਾਲਾ ਕਿਸੇ ਤੇ ਨਾ ਆਵੇ' ਆਇ ਬੱਚੇ ਬੱਚੇ ਦੀ ਜ਼ਬਾਨ ਤੇ ਸਨ।

ਫਿਲਮ 'ਭੰਗੜਾ' ਵਿਚ ਵੀ ਮਾਸਟਰ ਹੰਸ ਰਾਜ ਬਹਿਲ ਦਾ ਹੀ ਸੰਗੀਤ ਸੀ। ਉਸ ਫਿਲਮ ਦੇ ਸ਼ਮਸ਼ਾਦ ਦੇ ਗਾਏ ਗੀਤ ਬਹੁਤ ਹੀ ਹਰਮਨ ਪਿਆਰੇ ਹੋਏ।

ਗੱਲ ਕੀ ਪੰਜਾਬੀ ਦੀ ਕੋਈ ਹੀ ਅਜਿਹੀ ਫਿਲਮ ਹੋਵੇਗੀ ਜੋ 1950, 1960 ਅਤੇ 1970 ਦੇ ਦਹਾਕਿਆਂ ਵਿਚ ਬਣੀ ਹੋਵੇਗੀ ਅਤੇ ਜਿਸ ਵਿਚ ਸ਼ਮਸ਼ਾਦ ਦੀ ਆਵਾਜ਼ ਨਾਂ ਗੂੰਜੀ ਕੁਝ ਗ਼ੈਰ ਫਿਲਮੀ ਪੰਜਾਬੀ ਗੀਤ ਵੀ ਸ਼ਮਸ਼ਾਦ ਨੇ ਗਾਏ ਜਿਨ੍ਹਾਂ ਵਿਚੋਂ ਇਕ ਹੈ 'ਜਿੰਦੜੀ ਨਿਮਾਣੀ ਰੋਈ, ਲੈ ਲੈ ਤੇਰਾ ਨਾਂ ਵੇਹ'। ਇਨ੍ਹਾਂ ਗੀਤਾਂ ਦਾ ਆਪਣਾ ਹੀ ਅਜੀਬ ਰਸ ਹੈ।

ਲਾਹੌਰੋਂ ਹੀ ਬੰਬਈ ਆ ਕੇ ਵਸੇ ਇਕ ਹੋਰ ਪੰਜਾਬੀ ਸੰਗੀਤ ਨਿਰਦੇਸ਼ਕ ਓ. ਪੀ. ਨਈਅਰ ਨੇ ਸ਼ਮਸ਼ਾਦ ਬੇਗਮ ਦੀ ਅਵਾਜ਼ ਨੂੰ ਨਵੀਆਂ ਬੁਲੰਦੀਆਂ ਤੇ ਪਹੁੰਚਾਇਆ ਪਰ ਉਨ੍ਹਾਂ ਦੇ ਸੰਗੀਤ ਦਾ ਢੰਗ ਭਾਵੇਂ ਪੰਜਾਬੀ ਸੀ ਲੇਕਿਨ ਕਿਸੇ ਵੀ ਪੰਜਾਬੀ ਫਿਲਮ ਵਿਚ ਉਨ੍ਹਾਂ ਨੇ ਸੰਗੀਤ ਨਹੀਂ ਦਿੱਤਾ। ਪਰ 'ਨੈਯਾ ਦੌਰ' ਜਿਹੀਆਂ ਫਿਲਮਾਂ ਵਿਚ ਉਨ੍ਹਾਂ ਦਾ ਸੰਗੀਤ ਸੌ ਫੀਸਦੀ ਪੰਜਾਬੀ ਸੀ।

ਅੱਜ ਸ਼ਮਸ਼ਾਦ ਬੇਗਮ ਨੂੰ ਗਾਉਂਦਿਆਂ 54 ਵਰ੍ਹੇ ਹੋ ਗਏ ਹਨ। ਪੰਜਾਬੀ ਸੰਗੀਤ ਨੂੰ ਉਨ੍ਹਾਂ ਦੀ ਵੱਡੀ ਦੇਣ ਹੈ। ਕਿਤੇ ਪੰਜਾਬੀ ਉਨ੍ਹਾਂ ਨੂੰ ਵਿਸਾਰ ਨਾ ਦੇਣ, ਇਸ ਕਰਕੇ ਇਸ ਲੇਖ ਰਾਹੀਂ ਉਨ੍ਹਾਂ ਦੀ ਯਾਦ ਪੰਜਾਬੀਆਂ ਦੇ ਜਿਹਨ ਵਿਚ ਵਸਾ ਦੇਣਾ ਚਾਹੁੰਦਾ ਹਾਂ। ਆਸ ਹੈ ਮੇਰਾ ਇਹ ਯਤਨ ਸਫਲ ਰਹੇਗਾ।

## ਸਾਹਿਤ ਵਿਚਾਰ ਮੰਚ ਵਿਨੀਪੈਗ ਵਲੋਂ ਸਾਹਿਤਕ ਕਾਨਫਰੰਸ

ਤੁਹਾਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਪੰਜਾਬੀ ਸਾਹਿਤ ਅਤੇ ਸਾਹਿਤਕਾਰ ਦੀ ਪ੍ਰਤੀਬੱਧਤਾ ਅਤੇ ਹੋਰ ਵਿਸ਼ਿਆਂ ਬਾਰੇ ਦੋ ਦਿਨ ਦੀ ਕਾਨਫਰੰਸ 10 ਅਤੇ 11 ਜੁਲਾਈ 1993 ਨੂੰ ਵਿੰਨੀਪੈਗ (ਮੈਨੀਟੋਬਾ) ਵਿਖੇ ਹੋ ਰਹੀ ਹੈ। ਇਸ ਬਾਰੇ ਵਿਦਵਾਨ ਲੇਖਕਾਂ ਅਤੇ ਚਿੰਤਕਾਂ ਨੇ ਪਰਚੇ ਲਿਖੇ ਹਨ ਜਾਂ ਲਿਖ ਰਹੇ ਹਨ, ਜੋ ਇਸ ਕਾਨਫਰੰਸ ਦੀਆਂ ਵੱਖੋ ਵੱਖਰੀਆਂ ਬੈਠਕਾਂ ਵਿਚ ਪੜ੍ਹੇ ਤੇ ਵਿਚਾਰੇ ਜਾਣਗੇ। ਸਾਨੂੰ ਪੂਰੀ ਆਸ ਹੈ ਕਿ ਕਿ ਤੁਸੀ ਇਸ ਕਾਨਫਰੰਸ ਵਿਚ ਸ਼ਾਮਲ ਹੋ ਕੇ ਆਪਣਾ ਪੂਰਾ ਮਿਲਵਰਤਣ ਅਤੇ ਸਹਿਯੋਗ ਦੇਣ ਦੀ ਕ੍ਰਿਪਾਲਤਾ ਕਰੋਗੇ।

ਸਾਡੀ ਸਨਿਮਰ ਬੇਨਤੀ ਹੈ ਕਿ ਆਉਣ ਵਾਲੇ ਸਾਹਿਤਕਾਰ ਅਤੇ ਸਾਹਿਤ ਪ੍ਰੇਮੀ ਆਪਣੇ ਪਹੁੰਚਣ ਦਾ ਸਮਾਂ ਅਤੇ ਹੋਰ ਵੇਰਵਾ 5 ਜੁਲਾਈ 93 ਤੱਕ ਪੁੱਜਦਾ ਕਰ ਦੇਣ ਤਾਂ ਕਿ ਕਾਨਫਰੰਸ ਦੀ ਤਿਆਰੀ ਨੂੰ ਵੇਲੇ ਸਿਰ ਨੇਪਰੇ ਚਾੜ੍ਹਿਆ ਜਾ ਸਕੇ।

ਵਧੇਰੇ ਜਾਣਕਾਰੀ ਲਈ:-

| | |
|---|---|
| ਗੁਰਦੀਪ | 1-(204) - 783-0184 |
| ਅਮਰਜੀਤ | 1-(204) - 837-1999 |
| ਦਲਜੀਤ ਧਨੋਆ | 1-(204) - 694-8337 |
| ਗੁਰਦੀਪ ਚਾਹਲ | 1-(204) - 796-2017 |
| ਗੁਰਮੇਲ ਸਿਧੀਆ | 1-(204) - 772-5798 |

ਨੋਟ:

ਕਾਨਫਰੰਸ ਵਿਚ ਕਿਤਾਬਾਂ ਦੀ ਨੁਮਾਇਸ਼ ਵੀ ਲਾਈ ਜਾ ਰਹੀ ਹੈ। ਸਾਰੇ ਲਿਖਾਰੀਆਂ ਅਤੇ ਦੋਸਤਾਂ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਕਿਤਾਬਾਂ ਦੀਆਂ ਘੱਟੋ ਘੱਟ ਦੋ ਤੇ ਵੱਧ ਤੋਂ ਵੱਧ ਪੰਜ ਕਾਪੀਆਂ ਸਾਨੂੰ ਪੁੱਜਦੀਆਂ ਕਰ ਦੇਣ। ਇਹਨਾਂ ਕਿਤਾਬਾਂ ਵਿਚੋਂ ਜਿਹੜੀ ਵਿਕ ਗਈ ਉਸਦੇ ਪੈਸੇ ਅਤੇ ਜੋ ਕਿਤਾਬਾਂ ਬਚ ਗਈਆਂ ਉਹ ਵਾਪਸ ਕਰ ਦਿੱਤੀਆਂ ਜਾਣਗੀਆਂ।


MOTI RAJA

CURRY IN HURRY FOODS INC.

Serving Indian & Canadian Cuisine Since 1975
Complete Wedding Banquet Centre

M·R
MOTI
RAJA

8246 FRASER
VANCOUVER, B.C. V5X 3X6

Ph.: 325-5014
Fax.: 321-3223

City Kitchen
Ph.: 322-2489

## ਪੁਸਤਕ ਪਰਿਚੇ

### ਗਦਰ ਦੀ ਗੂੰਜ ਦੀਆਂ ਕਵਿਤਾਵਾਂ (ਕਾਵਿ ਸੰਗ੍ਰਹਿ)

**ਪ੍ਰਕਾਸ਼ਕ:** ਦੇਸ਼ ਭਗਤ ਯਾਦਗਾਰ ਕਮੇਟੀ, ਦੇਸ਼ ਭਗਤ ਯਾਦਗਾਰ ਹਾਲ, ਜੀ. ਟੀ. ਰੋਡ, ਜਲੰਧਰ,

**ਮੁੱਲ:** ਪੇਪਰ ਬੈਕ - 15 ਰੁਪਏ; ਲਾਇਬ੍ਰੇਰੀ ਐਡੀਸ਼ਨ - 100 ਰੁਪਏ

ਖਾਤਰ ਵਤਨ ਦੀ ਚੜ੍ਹੇ ਹਾਂ ਫਾਸੀਆਂ 'ਤੇ.......
ਹਿੰਦੁਸਤਾਨੀਓ ਰਖਣਾ ਯਾਦ ਸਾਨੂੰ
ਕਿਤੇ ਦਿਲ ਤੋਂ ਨਹੀਂ ਭੁਲਾ ਜਾਣਾ
ਖਾਤਰ ਵਤਨ ਦੀ ਚੜ੍ਹੇ ਹਾਂ ਫਾਸੀਆਂ 'ਤੇ
ਦੇਖ ਅਸਾਂ ਨੂੰ ਨਹੀਂ ਘਬਰਾ ਜਾਣਾ.....

ਸਭ ਤੋਂ ਪਹਿਲਾਂ ਗ਼ਦਰ ਲਹਿਰ ਦੀਆਂ ਕਵਿਤਾਵਾਂ ਨਾਲ ਮੇਰਾ ਵਾਹ 1975 'ਚ ਪਿਆ। ਮੈਂ ਗਿਆਨੀ ਦੇ ਪੇਪਰ ਦੇ ਰਿਹਾ ਸਾਂ ਤੇ ਕੋਰਸ ਵਿਚ ਗ਼ਦਰ ਦੀਆਂ ਗੂੰਜਾਂ 'ਚੋਂ ਕੁਝ ਕਾਵਿ ਟੁਕੜੀਆਂ ਵੀ ਸਨ। ਕਹਿਰਾਂ ਦਾ ਜੋਸ਼ ਸੀ ਇਸ ਕਵਿਤਾ 'ਚ ਅਤੇ ਅੰਗਰੇਜ਼ੀ ਸਾਮਰਾਜ ਖਿਲਾਫ਼ ਅੱਗ ਉਗਲਦੀ ਹੋਈ ਬਗ਼ਾਵਤ। ਇਹਨਾਂ ਕਾਵਿ ਟੁਕੜੀਆਂ ਨੂੰ ਪੜ੍ਹ ਕੇ ਮੇਰਾ ਹੋਰ ਵੀ ਗਦਰੀ ਸਾਹਿਤ ਪੜ੍ਹਨ ਨੂੰ ਚਿਤ ਕੀਤਾ, ਕਈ ਕਿਤਾਬਾਂ ਦੀਆਂ ਦੁਕਾਨਾਂ, ਪ੍ਰਕਾਸ਼ਕਾਂ ਤੋਂ ਪਤਾ ਵੀ ਕੀਤਾ ਪਰ ਮੇਰੇ ਉਸ ਵੇਲੇ ਦੇ ਸਾਧਨਾਂ ਅਤੇ ਸਰੋਤਾਂ ਦੀਆਂ ਸੀਮਤਾਈਆਂ ਕਾਰਨ ਕੁਝ ਵੀ ਮਿਲ ਨਾ ਸਕਿਆ। ਉਂਝ ਚਿਣਗ ਜ਼ਰੂਰ ਭੱਖਦੀ ਰਹੀ, ਸੁਲਘਦੀ ਰਹੀ। ਕਦੀ ਵੀ, ਕਿਧਰੋਂ ਵੀ ਜੇ ਕਦੀ ਕੋਈ ਗ਼ਦਰੀ ਸਾਹਿਤ ਦਾ ਟੁਕੜਾ ਨਜ਼ਰੀਂ ਪੈ ਜਾਂਦਾ ਤਾਂ ਉਸ ਨੂੰ ਜ਼ਰੂਰ ਹੀ ਪੜ੍ਹਦਾ ਭਾਵੇਂ ਕਿ ਸਮੁੱਚੇ ਰੂਪ ਵਿਚ ਕੁਝ ਪ੍ਰਾਪਤ ਨਾ ਹੋ ਸਕਿਆ।

ਕੁਝ ਹੋਸ਼ ਸੰਭਲੀ ਤਾਂ ਕਮਿਊਨਿਸਟ ਰਾਜਨੀਤੀ 'ਚ ਸਰਗਰਮੀ ਆਰੰਭੀ। ਕਮਿਊਨਿਸਟ ਸਾਹਿਤ ਦੇ ਨਾਲ-ਨਾਲ ਪੰਜਾਬੀ 'ਚ ਬਗਾਵਤ ਦੇ ਸਾਹਿਤ ਦੇ ਅਧਿਐਨ ਤੇ ਵਿਸ਼ਲੇਸ਼ਣ ਅਤੇ ਪੱਤਰਕਾਰਤਾ ਨੂੰ ਮੈਂ ਆਪਣਾ ਖੇਤਰ ਚੁਣਿਆ ਅਤੇ ਇਹਨਾਂ ਹੀ ਸਰਗਰਮੀਆਂ 'ਚ ਦੇਸ਼ ਭਗਤ ਯਾਦਗਾਰ ਹਾਲ ਜਲੰਧਰ 'ਚ ਆਉਣਾ ਜਾਣਾ ਹੋਇਆ ਜਿੱਥੇ ਪਹਿਲੀ ਵਾਰ 'ਗ਼ਦਰ ਦੀ ਗੂੰਜ' ਦੀਆਂ ਫਾਇਲਾਂ 'ਕਿਰਤੀ' ਦੀਆਂ ਫਾਇਲਾਂ ਤੇ ਦੂਸਰੇ ਇਨਕਲਾਬੀ ਸਾਹਿਤ ਦੇ ਰੂਬਰੂ ਹੋਇਆ।

'ਗ਼ਦਰ ਦੀ ਗੂੰਜ' ਅਸਲ ਵਿਚ ਅਮਰੀਕਾ 'ਚ ਭਾਰਤੀਆਂ ਦੀ ਜਥੇਬੰਦੀ 'ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਦਾ ਮੁੱਖ ਬੁਲਾਰਾ ਸੀ। ਇਹਦੀਆਂ ਨੀਤੀਆਂ, ਇਸ ਦੇ ਮੰਤਵਾਂ ਨੂੰ ਸਪਸ਼ਟ ਕਰਦਾ ਰਸਾਲਾ। ਪਰ ਰਸਾਲੇ ਨਾਲੋਂ ਜ਼ਿਆਦਾ ਇਹਦਾ ਸੰਵਿਧਾਨਕ ਐਲਾਨਨਾਮਾ। ਗ਼ਦਰ ਦੀ ਗੂੰਜ ਦੀਆਂ ਕਵਿਤਾਵਾਂ ਸਿਰਫ਼ ਕਵਿਤਾਵਾਂ ਨਹੀਂ ਹਨ। ਇਹ ਬਗਾਵਤ ਦੀਆਂ ਚੰਗਿਆੜੀਆਂ ਨਾਲ ਭਰੇ ਹੋਏ ਉਹ ਬੋਲ ਹਨ ਜਿਨ੍ਹਾਂ ਨੂੰ ਗ਼ਦਰ ਪਾਰਟੀ ਦੇ ਆਗੂ, ਇਹਦੇ ਕਵੀ ਸਟੇਜਾਂ 'ਤੇ ਬੋਲਦੇ ਤਾਂ ਹਜ਼ਾਰਾਂ ਦੇ ਜੁੜੇ ਇਕੱਠ ਆਪਣਾ ਸਭ ਕੁਝ ਛੱਡ ਛਡਾ ਕੇ ਦੇਸ਼ ਦੀ ਆਜ਼ਾਦੀ ਦੀ ਤਹਿਰੀਕ 'ਚ ਸ਼ਾਮਲ ਹੋਣ ਲਈ ਮਚਲ ਉਠਦੇ ਸਨ। ਇਹਨਾਂ ਕਵਿਤਾਵਾਂ ਨੂੰ ਲਿਖਣ ਦਾ ਸਪਸ਼ਟ ਮੰਤਵ ਸੀ, ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਪ੍ਰਤੀ ਤਿਆਰ ਕਰਨਾ। ਉਹਨਾਂ ਨੂੰ ਇਸ ਗੱਲ ਦਾ ਅਹਿਸਾਸ ਕਰਾਉਣਾ ਕਿ ਗੁਲਾਮੀ ਦੀ ਜ਼ਿੰਦਗੀ, ਕੁੱਤਿਆਂ ਦੀ ਜ਼ਿੰਦਗੀ ਤੋਂ ਵੀ ਬਦਤਰ ਹੁੰਦੀ ਹੈ ਕਿ ਭਾਰਤੀਆਂ ਦਾ ਪੂਰੇ ਸੰਸਾਰ ਭਰ 'ਚ ਕਿਤੇ ਵੀ ਸਨਮਾਨ ਇਸ ਲਈ ਨਹੀਂ ਮਿਲਦਾ ਕਿਉਂਕਿ ਉਹ ਅੰਗਰੇਜ਼ਾਂ ਦੇ ਗੁਲਾਮ ਹਨ ਤੇ ਇਸ ਦਾ ਇਕੋ ਇੱਕ ਹੱਲ ਹੈ ਅੰਗਰੇਜ਼ਾਂ ਦੇ ਖਿਲਾਫ਼ ਹਥਿਆਰਬੰਦ ਬਗਾਵਤ:

ਹਿੰਦੂ ਸਿੱਖ ਪਠਾਣ 'ਤੇ ਮੁਸਲਮਾਨੋ
ਫ਼ੌਜਾਂ ਵਾਲਿਓ ਜ਼ਰਾ ਖਿਆਲ ਕਰਨਾ
ਸਾਡਾ ਦੇਸ਼ ਫਰੰਗੀਆਂ ਲੁਟ ਖਾਧਾ
ਅਸੀਂ ਯੁੱਧ ਹੁਣ ਉਹਨਾਂ ਦੇ ਨਾਲ ਕਰਨਾ
ਕਰਕੇ ਦੂਰ ਫਰੰਗੀਆਂ ਬਾਂਦਰਾਂ ਨੂੰ
ਰੋਸ਼ਨ ਹਿੰਦ ਨੂੰ ਵਾਂਗ ਮਸ਼ਾਲ ਕਰਨ
ਬੜਾ ਕੰਮ ਕਰਨਾ ਲੜਨੋਂ ਨਹੀਂ ਡਰਨਾ
ਦੇਸੋਂ ਦੂਰ ਪਲੇਗ ਤੇ ਕਾਲ ਕਰਨਾ....।

ਇਹ ਸੀ ਗ਼ਦਰ ਪਾਰਟੀ ਤੇ ਗ਼ਦਰ ਦੀ ਗੂੰਜ ਦੀਆਂ ਕਵਿਤਾਵਾਂ ਦਾ ਮੂਲ ਮੰਤਰ। ਇਹ ਸਿਰਫ਼ ਨਿਰੀਆਂ ਕਵਿਤਾਵਾਂ ਹੀ ਨਹੀਂ ਹਨ, ਇਹਨਾਂ ਨੂੰ ਪੜ੍ਹਕੇ ਹਜ਼ਾਰਾਂ ਭਾਰਤੀ ਆਪਣੇ ਬਣੇ ਬਣਾਏ ਕਾਰੋਬਾਰ ਛੱਡ ਕੇ ਦੇਸ਼ ਨੂੰ ਆਜ਼ਾਦ ਕਰਾਉਣ ਦਾ ਬੀੜਾ ਚੁੱਕ ਦੇਸ਼ ਆਏ। ਇੱਥੇ ਵੀ ਹਜ਼ਾਰਾਂ ਨੇ ਆਪਣੀਆਂ ਜਾਇਦਾਦਾਂ ਕੁਰਕ ਕਰਾਈਆਂ, ਸੈਂਕੜੇ ਕਾਲੇ ਪਾਣੀ ਤੇ ਲਾਹੌਰ ਸੈਂਟਰਲ ਜੇਲ੍ਹ ਦੀਆਂ ਹੁੰਮਸ ਭਰੀਆਂ ਕੋਠੜੀਆਂ 'ਚ ਆਪਣੀਆਂ ਜ਼ਿੰਦਗੀਆਂ ਗੁਜ਼ਾਰ ਗਏ। ਦਰਜਨਾਂ ਫਾਂਸੀ ਚੜ੍ਹੇ। ਗ਼ਦਰ ਦੀ ਗੂੰਜ ਨੰਬਰ ਇਕ ਦੇ ਅੰਤ ਤੇ ਨਾਹਰਾ ਹੈ: 'ਆਓ ਸ਼ਹੀਦ ਹੋਈਏ' ਅਤੇ ਗ਼ਦਰ ਲਹਿਰ ਤੇ ਇਸਦੇ ਕਾਰਕੁੰਨਾਂ ਨੇ ਇਸ ਨਾਅਰੇ ਨੂੰ ਸੱਚ ਕਰ ਵਿਖਾਇਆ ਕਿ ਹਕੂਮਤ ਭਾਵੇਂ ਕਿੱਡੀ ਵੀ ਜਾਬਰ ਹੋਵੇ ਤੇ ਬਗਾਵਤ ਦੀ ਚੰਗਿਆੜੀ ਸ਼ੁਰੂ 'ਚ ਭਾਵੇਂ ਕਿਡੀ ਵੀ ਕਮਜ਼ੋਰ-ਪਰ ਉਹ ਬਗ਼ਾਵਤ ਦੀ ਚੰਗਿਆੜੀ ਜਦੋਂ ਭੜਕਦੀ ਹੈ ਤਾਂ ਵੱਡੀਆਂ-ਵੱਡੀਆਂ ਹਕੂਮਤਾਂ ਨੂੰ ਕੰਬਣ ਲਾ ਦਿੰਦੀ ਹੈ। ਚੇਤੰਨ ਤੇ ਆਪਣੇ ਅਕੀਦਿਆਂ ਪ੍ਰਤੀ ਦ੍ਰਿੜ੍ਹ ਲੋਕ ਮੌਤ ਤੋਂ ਨਹੀਂ ਡਰਿਆ ਕਰਦੇ।

ਇਹ ਗ਼ਦਰ ਦੀ ਗੂੰਜ ਦੀਆਂ ਕਵਿਤਾਵਾਂ ਦੀ ਹੀ ਕਮਾਲ ਸੀ ਕਿ ਗ਼ਦਰ ਫੇਲ੍ਹ ਹੋ ਜਾਣ ਉਪਰੰਤ ਅੰਗਰੇਜ਼ ਸਾਮਰਾਜ ਦੀ ਫੜੋ-ਫੜੀ ਤੋਂ ਬਚਣ ਲਈ ਪੇਸ਼ਾਵਰ ਜਾਂਦੇ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਵਾਪਸ ਮੁੜ ਪਏ:

ਸਿਰ ਦਿੱਤੇ ਬਾਝ ਨਹੀਂ ਕੰਮ ਸਰਨਾ
ਯੁੱਧ ਵਿਚ ਪਵੇਗਾ ਜ਼ਰੂਰ ਮਰਨਾ
ਪਵੇ ਲਲਕਾਰ ਸ਼ੇਰਾਂ ਵਾਂਗ ਗਜਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ
ਸ਼ੇਰ ਹੋ ਕੇ ਗਿੱਦੜਾਂ ਦੇ ਕਰੋ ਕੰਮ ਉਏ
ਸੁਣ ਕੇ ਗ਼ਦਰ ਦਿਲ ਖਾਓ ਗਮ ਓਏ
ਗੀਦੀ ਬਣੋ ਸ਼ੇਰੋ ਕਿਉਂ ਮੈਦਾਨੋ ਭੱਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣ ਭੱਜ ਕੇ...।

'ਗ਼ਦਰ ਦੀ ਗੂੰਜ' ਦੀ ਸਾਰੀ ਦੀ ਸਾਰੀ ਕਵਿਤਾ ਦੀ ਇਕ ਹੋਰ ਦਿਲਚਸਪ ਗੱਲ ਇਹ ਹੈ ਕਿ ਕਿਸੇ ਇਕ ਵੀ ਕਵਿਤਾ ਉਪਰ ਕਿਸੇ ਇਕ ਕਵੀ ਦਾ ਨਾਮ ਨਹੀਂ। ਭਾਵੇਂ ਰਤਾ ਵੀ ਡੂੰਘਾਈ ਨਾਲ ਅਧਿਐਨ ਕਰਨ 'ਤੇ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਇਹ ਇਕ ਨਹੀਂ, ਅਨੇਕ ਕਵੀਆਂ ਦੀਆਂ ਰਚਨਾਵਾਂ ਹਨ। ਪਰ ਇਕ ਗੱਲ ਜੋ ਇਹਨਾਂ ਸਾਰੀਆਂ ਕਵਿਤਾਵਾਂ 'ਚ ਸਾਂਝੀ ਹੈ ਉਹ ਹੈ ਬਗਾਵਤ ਦੀ ਸੁਰ, ਦੇਸ਼ ਲਈ ਲੜ ਮਰਨ ਦਾ ਸੰਕਲਪ। ਬਹੁਤ ਸੌਖਾ ਹੁੰਦਾ ਹੈ ਕਿਸੇ ਉਸ ਨਿਸ਼ਾਨੇ ਲਈ ਜੂਝਣਾ ਜਿਸ ਦੀ ਪ੍ਰਾਪਤੀ ਸਾਹਮਣੇ ਦਿਸ ਰਹੀ ਹੋਵੇ, ਜਿਹਦੀ ਪ੍ਰਾਪਤੀ ਦੇ ਨਕਸ਼ ਸਪਸ਼ਟ ਹੋਣ। ਪਰ ਜਿਸ ਪ੍ਰਾਪਤੀ ਦੇ ਨਕਸ਼ ਸਪਸ਼ਟ ਨਾ ਹੋਣ, ਇਸ ਗੱਲ ਦੀ ਆਸ ਹੀ ਨਾ ਹੋਵੇ ਕਿ ਪ੍ਰਾਪਤੀ ਅਵੱਸ਼ ਹੀ ਹੋਵੇਗੀ, ਫਿਰ ਵੀ ਜੂਝਣਾ ਅਤੇ ਪੂਰੇ ਦਿਲ ਨਾਲ ਜੂਝਣਾ, ਸ਼ਹੀਦੀ ਦਾ ਇਹ ਸੰਕਲਪ ਗ਼ਦਰ ਪਾਰਟੀ ਤੇ ਗ਼ਦਰ ਸਾਹਿਤ 'ਚੋਂ ਹੀ ਲੱਭਿਆ ਜਾ ਸਕਦਾ ਹੈ। ਤੇ ਜਦੋਂ ਕੋਈ ਸਭ ਕੁਝ ਦੀ ਕੁਰਬਾਨੀ ਦੀ ਭਾਵਨਾ ਨਾਲ ਆਪਣੇ ਨਿਸ਼ਾਨੇ ਵਲ ਤੁਰਦਾ ਹੈ ਤਾਂ ਉਸ ਨੂੰ ਆਪਣੇ ਨਾਂ ਦੀ, ਆਪਣੇ ਨਿੱਜ ਦੀ, ਆਪਣੇ ਵਿਅਕਤੀਤਵ ਦੀ ਬਹੁਤੀ ਫ਼ਿਕਰ ਨਹੀਂ ਹੁੰਦੀ। ਤੇ ਸ਼ਾਇਦ ਇਹੋ ਕਾਰਨ

ਹੈ ਕਿ 'ਗ਼ਦਰ ਦੀ ਗੂੰਜ' ਦੀਆਂ ਕਵਿਤਾਵਾਂ ਦੇ ਕਵੀਆਂ ਨੇ ਉਹਨਾਂ 'ਤੇ ਆਪਣੇ ਨਾਂ ਨਹੀਂ ਉਕਰੇ।

ਮੈਂ ਸਾਹਿਤ 'ਚ ਵਿਸ਼ੇ ਦੇ ਨਾਲ-ਨਾਲ ਉਹਦੇ ਸੁਹਜ ਸ਼ਾਸਤਰ ਉਪਰ ਵੀ ਬਰਾਬਰ ਜ਼ੋਰ ਦੇਣ ਦਾ ਸਦਾ ਹਾਮੀ ਰਿਹਾ ਹਾਂ ਅਤੇ ਹੁਣ ਵੀ ਹਾਂ। ਪਰ 'ਗ਼ਦਰ ਦੀ ਗੂੰਜ' ਦੀਆ ਕਵਿਤਾਵਾਂ ਨੂੰ ਪੜ੍ਹਕੇ ਮੈਨੂੰ ਪਹਿਲੀ ਵਾਰ ਅਹਿਸਾਸ ਹੋਇਆ ਹੈ ਕਿ 'ਸੁਹਜ ਸ਼ਾਸਤਰ' ਦਾ ਕਦੀ ਇੱਕ ਕੋਈ ਨਿਸ਼ਚਤ ਮਿਆਰ ਨਹੀਂ ਹੁੰਦਾ ਨਾ ਕੋਈ ਇੱਕ ਨਿਸ਼ਚਿਤ ਪ੍ਰੀਭਾਸ਼ਾ। ਭਲਾ ਜਿਨਾਂ ਕਵਿਤਾਵਾਂ ਨੂੰ ਪੜ੍ਹਕੇ, ਸੁਣਕੇ ਜਾਂ ਉਹਨਾਂ ਦੇ ਰਚਨਾ ਕਰਮ 'ਚ ਹਜ਼ਾਰਾਂ ਲੋਕਾਂ ਨੇ ਆਪਣੀਆਂ ਜਾਇਦਾਦਾਂ ਜ਼ਬਤ ਕਰਾਈਆਂ, ਕੈਦਾਂ ਕੱਟੀਆਂ, ਦਰਜਨਾਂ ਫਾਂਸੀਆਂ 'ਤੇ ਚੜ੍ਹੇ, ਉਹਨਾਂ ਕਵਿਤਾਵਾਂ ਦਾ ਕਿੱਡਾ ਮਹਾਨ ਸੁਹਜ ਸਾਸ਼ਤਰ ਹੋਵੇਗਾ। ਗ਼ਦਰ ਦੀ ਗੂੰਜ ਦੀ ਕਵਿਤਾ ਦੁਨੀਆ ਦੇ ਇਨਕਲਾਬੀ ਸਾਹਿਤ ਦੀ ਮਾਣਯੋਗ ਪ੍ਰਾਪਤੀ ਹੈ ਤੇ ਇਸ ਗੱਲ 'ਤੇ ਪੰਜਾਬੀ ਮਾਣ ਕਰ ਸਕਦੇ ਹਨ ਕਿ ਇਹ ਉਹਨਾਂ ਦੀ ਵਿਰਾਸਤ ਹੈ ਤੇ ਇਹਨਾਂ ਬਗਾਵਤ ਦੀਆਂ ਕਵਿਤਾਵਾਂ ਵਾਲੇ 'ਗ਼ਦਰ ਦੀ ਗੂੰਜ' ਦੇ ਪਹਿਲੇ ਤਿੰਨ ਅੰਕਾਂ ਨੂੰ ਜਿਹੜੇ ਕਿ ਸਾਨ ਫਰਾਂਸਿਸਕੋ ਅਮਰੀਕਾ ਦੇ 'ਯੁਗਾਂਤਰ ਆਸ਼ਰਮ' ਵਿਚੋਂ 1914, 1916 ਅਤੇ 1918 ਵਿਚ ਛਪੇ ਸਨ, ਉਹਨਾਂ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਹੁਣ ਇਕ ਜਿਲਦ ਵਿਚ ਛਾਪਿਆ ਗਿਆ ਹੈ। ਪੁਰਾਣੇ ਇਨਕਲਾਬੀ ਸਾਹਿਤ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਦਾ ਦੇਸ਼ ਭਗਤ ਯਾਦਗਾਰ ਕਮੇਟੀ ਦਾ ਇਹ ਯਤਨ ਜਿਥੇ ਸਲਾਹੁਣਯੋਗ ਹੈ, ਉਥੇ ਨਾਲ ਦੀ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਆਪਣੀ ਵਿਰਾਸਤ ਨਾਲ ਜੋੜਨ ਦਾ ਸਾਰਥਕ ਉਪਰਾਲਾ ਵੀ ਹੈ।

ਤੇ ਇਹ ਪੁਸਤਕ ਸਮੂਹ ਪੰਜਾਬੀ ਪ੍ਰੇਮੀ ਆਪਣੇ ਪੜ੍ਹਨ ਕਮਰਿਆਂ 'ਚ ਰੱਖਣ ਦਾ ਮਾਣ ਮਹਿਸੂਸ ਕਰਨਗੇ, ਇਸ ਦਾ ਮੈਨੂੰ ਯਕੀਨ ਹੈ।

**ਬਲਬੀਰ ਪਰਵਾਨਾ, ਜਲੰਧਰ।**

## ਸੰਤਾਨ ਤੇ ਮਾਪੇ

**ਲੇਖਕ:** ਅਜਮੇਰ ਕਵੈਂਟਰੀ
**ਪ੍ਰਕਾਸ਼ਕ:** ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
**ਕੀਮਤ:** ਪਚਾਸੀ ਰੁਪਏ, **ਸਫੇ:** 179

ਬਰਤਾਨੀਆਂ ਦੇ ਪੰਜਾਬੀ ਲਿਖਾਰੀਆਂ 'ਚੋਂ ਅਜਮੇਰ ਪਹਿਲਾ ਲਿਖਾਰੀ ਹੈ ਜਿਹਨੇ ਇਸ ਬੜੇ ਅਹਿਮ ਅਤੇ ਗੁੰਝਲਦਾਰ ਮਸਲੇ ਨੂੰ ਸਭ ਤੋਂ ਪਹਿਲਾਂ ਹੱਥ ਪਾਇਆ ਹੈ। ਮੈਂ ਅਜੇ ਜਵਾਨੀ ਦੇ ਪੌੜੇ ਹੀ ਚੜਦਾ ਪਿਆ ਸਾਂ ਜਦ ਗੁਰਬਖਸ਼ ਸਿੰਘ ਪ੍ਰੀਤਲੜੀ ਦੀ 'ਸਾਡੇ ਵਾਰਿਸ' ਕਿਤਾਬ ਪੜ੍ਹਨ ਦਾ ਮੌਕਾ ਮਿਲਿਆ ਸੀ। ਇਸ ਕਿਤਾਬ 'ਚ ਵੀ ਗੁਰਬਖਸ਼ ਸਿੰਘ ਨੇ ਉਹਨਾਂ ਵੱਖ ਵੱਖ ਮਸਲਿਆਂ ਤੇ ਉਂਗਲ ਨਹੀਂ ਧਰੀ ਜਿਹਨਾਂ ਬਾਰੇ ਅਜਮੇਰ ਨੇ ਬੜੀ ਬੇਬਾਕ ਅਤੇ ਜ਼ੋਰਦਾਰ ਗਲ ਕੀਤੀ ਹੈ।

ਮੈਨੂੰ ਇਹ ਕਹਿਣ 'ਚ ਸੰਕੋਚ ਨਹੀਂ ਕਿ 'ਸੰਤਾਨ ਤੇ ਮਾਪੇ' ਪੰਜਾਬੀ ਸਾਹਿਤ 'ਚ ਆਪਣੀ ਕਿਸਮ ਦੀ ਨਿਵੇਕਲੀ ਪੁਸਤਕ ਹੈ ਅਤੇ ਇਸ ਲਈ ਅਜਮੇਰ ਇਹ ਪਹਿਲ ਅਤੇ ਘਾਟ ਪੂਰੀ ਕਰਨ ਲਈ ਸਾਡੀ ਵਧਾਈ ਦਾ ਹੱਕਦਾਰ ਹੈ।

ਕਿਤਾਬ ਨੂੰ ਮੈਂ ਇਕ ਪੂਰਾ ਦਿਨ ਰਾਖਵਾਂ ਰੱਖ ਕੇ ਪੜ੍ਹਿਆ ਹੈ ਤਾਂਕਿ ਅਜਮੇਰ ਨਾਲ ਪੂਰਾ ਇਨਸਾਫ ਕਰ ਸਕਾਂ। ਮੇਰੇ ਲਈ ਇਹ ਗੱਲ ਇਸ ਕਰਕੇ ਵੀ ਮੁਸ਼ਕਿਲ ਹੋ ਜਾਂਦੀ ਹੈ ਕਿ ਅਜਮੇਰ ਮੇਰੇ ਲੱਠਾਂ ਵਰਗੇ ਦੋਸਤਾਂ ਚੋਂ ਇਕ ਹੈ। ਮੈਂ ਆਪਣੇ ਤੇ ਇਹ ਬਿੱਲਾ ਬਿਲਕੁਲ ਨਹੀਂ ਲੁਆਉਣਾ ਚਾਹੁੰਦਾ ਕਿ ਦੋਸਤ ਹੋਣ ਦੇ ਨਾਤੇ ਮੁਫਤ 'ਚ ਹੀ ਵੂਕ ਬੰਨ੍ਹੀਂ ਜਾਵਾਂ, ਪਰ ਦੂਜੇ ਪਾਸੇ ਮੈਂ ਇਸ ਗੱਲ ਤੋਂ ਵੀ ਸੁਚੇਤ ਹਾਂ ਕਿ ਸੱਚ ਨੂੰ ਸੱਚ ਕਹਿਣ ਦਾ ਪੱਲਾ ਵੀ ਮੇਰੇ ਕੋਲੋਂ ਨਾ ਛੁੱਟ. ਜਾਵੇ।

ਅਜਮੇਰ ਦੇ ਕਹਿਣ ਮੁਤਾਬਕ ਕਿਤਾਬ ਵਿਚਲੇ ਬਹੁਤ ਸਾਰੇ ਲੇਖ 1983 ਅਤੇ 1990 ਦੇ ਸਾਲਾਂ ਵਿਚਕਾਰ ਪੰਜਾਬੀ ਦੇ ਵੱਖ ਵੱਖ ਪਰਚਿਆਂ 'ਚ ਛਪਦੇ ਰਹੇ ਹਨ। ਇਹ ਵੀ ਠੀਕ ਹੈ ਕਿ ਮੈਂ ਅਜਮੇਰ ਤੇ ਜ਼ੋਰ ਪਾਉਂਦਾ ਰਿਹਾ ਹਾਂ ਕਿ ਉਹ ਇਹਨਾਂ ਲੇਖਾਂ ਨੂੰ ਜਲਦੀ ਤੋਂ ਜਲਦੀ ਕਿਤਾਬੀ ਰੂਪ ਦੇਵੇ। ਮੈਂ ਇਹਨਾਂ ਦੀ ਅਹਿਮੀਅਤ ਸਮਾਝਦਾ ਹਾਂ ਅਤੇ ਲੇਖਾਂ ਵਿਚਲੀ ਸਮੱਗਰੀ ਦਾ ਕਾਇਲ ਹਾਂ। ਇਹ ਜਿੱਥੇ ਇਕ ਪਾਸੇ ਅਜਮੇਰ ਦੀ 20 ਸਾਲਾਂ ਦੀ ਟੀਚਿੰਗ ਦਾ ਨਚੋੜ ਹੈ ਉਥੇ ਦੂਜੇ ਪਾਸੇ ਉਹਦੇ ਤਜ਼ਰਬਿਆਂ ਨੂੰ ਉਹਦੇ ਬਰਮਿੰਘਮ ਯੂਨੀਵਰਸਿਟੀ ਤੋਂ ਕੀਤੇ 'ਚਾਈਲਡ ਸਾਈਕਾਲੋਜ਼ੀ' ਦੇ ਡਿਪਲੋਮੇ ਨੇ ਵੀ ਸਾਣ ਚਾੜ੍ਹਿਆ ਹੈ। ਮਨੋਵਿਗਿਆਨ (ਸਾਈਕਾਲੋਜ਼ੀ) ਦੀ ਸਾਇੰਸ ਨੂੰ ਆਮ ਲੋਕਾਂ ਦੀ ਬੋਲੀ 'ਚ ਲਿਖਣਾ ਕੋਈ ਸੌਖਾ ਕੰਮ ਨਹੀਂ ਹੁੰਦਾ। ਪਰ ਅਜਮੇਰ ਨੇ ਜਿਵੇਂ ਆਪਣੇ 'ਦੋ ਲਫਜ਼' ਖਾਕੇ 'ਚ ਹੀ ਸਾਫ ਕਰ ਦਿਤਾ ਹੈ ਕਿ ਉਹਨੇ ਉਸ ਬੋਲੀ 'ਚ ਗੱਲ ਕਰਨੀ ਹੈ ਜਿਸ 'ਚ ਲੋਕਾਂ ਨੂੰ ਸਮਝ ਆ ਸਕੇ। ਇਸ ਪ੍ਰਣ ਨੂੰ ਉਹਨੇ ਸਾਰੀ ਕਿਤਾਬ 'ਚ ਬੜੀ ਚੌਕਸੀ ਨਾਲ ਨਿਭਾਇਆ ਹੈ ਤੇ ਮੇਰਾ ਨਹੀਂ ਖਿਆਲ ਕਿ ਪੰਜਾਬੀ ਨੂੰ ਮਾੜਾ ਮੋਟਾ ਮੂੰਹ ਮਾਰਦਾ ਇਨਸਾਨ ਵੀ ਕਿਤਾਬ ਪੜ੍ਹ ਕੇ ਮੇਰੇ ਨਾਲ ਇਸ ਗੱਲ ਤੋਂ ਅਸਹਿਮਤ ਹੋ ਸਕੇ। ਮੈਂ ਖੁਦ ਉਹਨਾਂ ਅਪੰਡਤਾਂ ਦੇ ਖਿਲਾਫ ਹਾਂ ਜੋ ਲਫਜ਼ਾਂ ਨੂੰ ਤੋੜ ਮਰੋੜ ਕੇ ਜਾਂ ਹਿੰਦੀ, ਉਰਦੂ, ਸੰਸਕ੍ਰਿਤ ਜਾਂ ਅੰਗਰੇਜ਼ੀ ਦੇ ਲਫਜ਼ਾਂ ਨੂੰ ਧੱਕੇ ਨਾਲ ਲਿਖਤ 'ਚ ਵਾੜ ਕੇ ਆਪਣਾ ਰੋਹਬ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਮੇਰੀ ਸਮਝ ਮੁਤਾਬਕ ਸਭ ਤੋਂ ਸਾਦਾ ਤੇ ਸੌਖਾ ਫਿਕਰਾ ਲਿਖਣਾ ਔਖਾ ਹੈ ਤੇ ਅਜਮੇਰ ਦੀ ਇਹ ਕਿਤਾਬ ਇਹਨਾਂ ਸਾਦੇ ਤੇ ਸੌਖਿਆਂ ਫਿਕਰਿਆਂ, ਲਫਜ਼ਾਂ ਨਾਲ ਭਰੀ ਪਈ ਹੈ। ਇਹ ਅਜਮੇਰ ਦੀ ਪ੍ਰਾਪਤੀ ਹੈ।

ਕਿਤਾਬ ਦੇ ਲੇਖਾਂ ਦੀਆਂ ਗੱਲਾਂ ਬਰਤਾਨੀਆਂ 'ਚ ਵਸੇ ਪੰਜਾਬੀਆਂ ਦੀਆਂ ਲੋੜਾਂ ਮੁਤਾਬਕ ਹਨ ਅਤੇ ਇਹ ਹੀ ਅਜਮੇਰ ਦਾ ਕਮਾਲ ਹੈ ਕਿ ਉਹਨੇ ਸਾਨੂੰ ਕੋਈ ਮਨੋਵਿਗਿਆਨਕ ਫਾਰਮੂਲੇ ਨਹੀਂ ਦਿੱਤੇ ਸਗੋਂ ਆਮ ਬੋਲ ਚਾਲ 'ਚ, ਕੁਦਰਤੀ ਲਹਿਜ਼ੇ 'ਚ ਗੱਲ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ।

ਮਾਪੇ ਤੇ ਸੰਤਾਨ ਦੇ ਲੇਖਕ ਨੇ ਸਾਡੇ ਬਹੁਤੇ ਸਮੁੰਦਰੋਂ ਪਾਰ ਦੇ ਲੇਖਕਾਂ ਵਾਂਗ ਜਬਲੀਆਂ ਨਹੀਂ ਮਾਰੀਆਂ ਅਤੇ ਨਾਂ ਹੀ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਹੈ (ਕਈ ਸਮੁੰਦਰੋਂ ਪਾਰ ਲੇਖਕਾਂ ਵਾਂਗ) ਜਿਸ ਵਿਚ ਗੋਰੀਆਂ ਅਤੇ ਗੋਰਿਆਂ ਦੀਆਂ ਸਿਫਤਾਂ ਹੀ ਹੋਣ। ਦੇਸੀ ਅਤੇ ਵਿਦੇਸ਼ੀ ਗੱਲਾਂ ਦਾ ਵਿਸ਼ਲੇਸ਼ਣ ਕਰਕੇ ਠੋਸ ਨਤੀਜੇ ਕੱਢੇ ਹਨ ਅਤੇ ਸਾਡੀਆਂ ਕਈ ਪੁੱਠੀਆਂ ਰਵਾਇਤਾਂ ਤੇ ਕਰਾਰੀ ਸੱਟ ਮਾਰੀ ਹੈ ਜਿਵੇਂ:

'ਸਾਈਂ ਲੱਤ ਨਾ ਮਾਰਸੀ,
ਮੱਤ ਅਵੱਲੀ ਦਿਹ!'

ਕਿਤਾਬ 'ਚ ਕੁਲ 30 ਖਾਕੇ ਹਨ ਅਤੇ ਹਰ ਖਾਕੇ ਦੇ ਮੁਹਰੇ ਕੁੱਝ ਜ਼ਰੂਰੀ ਲਾਇਨਾਂ ਕੱਢ ਕੇ ਲਿਖੀਆਂ ਗਈਆਂ ਹਨ ਜੋ ਪਾਠਕ ਦਾ ਧਿਆਨ ਆਪਣੇ ਵਲ ਮੱਲੋਮੱਲੀ ਖਿਚਦੀਆਂ ਹਨ। ਇਹਨਾਂ ਖਾਕਿਆਂ ਵਿਚਲੀਆਂ ਕਈ ਗੱਲਾਂ ਤਾਂ ਸਦਾ ਯਾਦ ਰੱਖਣ ਵਾਲੀਆਂ ਗੱਲਾਂ ਅਤੇ ਮੁਹਾਵਰਿਆਂ ਵਾਂਗ ਟੂਕਾਂ ਬਣ ਗਈਆਂ ਹਨ ਜਿਵੇਂ:

'ਜਿਹੜਾ ਬੱਚੇ ਨੂੰ ਪਿਆਰ ਨਹੀਂ ਕਰਦਾ ਉਹ ਜ਼ਰੂਰ ਦਿਮਾਗੀ ਤੌਰ ਤੇ ਬਿਮਾਰ ਹੋਵੇਗਾ ਅਤੇ ਜਿਹੜਾ ਬੱਚਿਆਂ ਅਤੇ ਫੁੱਲਾਂ ਨੂੰ ਨਫਰਤ ਕਰਦਾ ਹੈ, ਉਹ ਪਾਗਲ ਹੈ, ਬਿਮਾਰ ਹੈ ਅਤੇ ਪਸ਼ੂਆਂ ਤੋਂ ਵੀ ਭੈੜਾ ਹੈ।' (ਸਫਾ16)

'ਜਿੰਨੇ ਐਕਸੀਡੈਂਟ ਸੜਕਾਂ ਉਤੇ ਹੁੰਦੇ ਹਨ, ਉਸ ਤੋਂ ਵਧੇਰੇ ਹਾਦਸੇ ਘਰਾਂ ਵਿਚ ਹੁੰਦੇ ਹਨ।' (ਸਫਾ 17)

'ਔਰਤ ਦਾ ਸਹੁੱਪਣ ਕੇਵਲ ਕੁੱਖ ਨਾਲ ਨਹੀਂ ਬੱਝਾ ਸਗੋਂ ਉਸ ਦਾ ਸੁਹਪੱਣ ਆਪਣੀ ਸੰਤਾਨ ਨੂੰ ਸੁਚੱਜੇ ਢੰਗ ਨਾਲ ਪਾਲਣ-ਪੋਸਣ ਵਿਚ ਲੁੱਕਿਆ ਹੋਇਆ ਹੈ।' (ਸਫਾ 21)

ਮੈਂ ਇਹ ਗੱਲਾਂ ਸਿਰਫ ਇਕੋ ਖਾਕੇ ਵਿਚੋਂ ਹੀ ਦਿੱਤੀਆਂ ਹਨ ਜਦੋਂ ਕਿ ਬਾਕੀ ਦੇ ਖਾਕਿਆਂ ਵਿਚ ਵੀ ਇਹਨਾਂ ਅਣਮੋਲ ਮੋਤੀਆਂ ਦਾ ਘਾਟਾ ਨਹੀਂ।

ਅਜਮੇਰ ਵਧੀਆ ਕਵੀ ਹੋਣ ਕਰਕੇ, ਆਪਣੀ ਕਵਿਤਾ ਦਾ ਰੰਗ ਥਾਂ ਥਾਂ ਖਲੇਰਦਾ ਹੈ ਜੋ ਮੇਰੇ ਵਰਗਾ ਵਾਰਤਿਕ ਲਿਖਾਰੀ ਵੀ ਝੱਟ ਪਛਾਣ ਲੈਂਦਾ ਹੈ। ਵਾਰਤਿਕ ਚੋਂ ਕਵਿਤਾ ਦੀਆਂ ਕੁੱਝ ਵੰਨਗੀਆਂ ਪੇਸ਼ ਹਨ:

'ਖੇਡ ਕਲਪਿਤ ਵੀ ਹੋ ਸਕਦੀ ਹੈ
ਅਤੇ ਅਸਲੀ ਵੀ।
ਖੇਡ ਤਫਰੀਹ ਹੈ, ਖੇਡ ਹਾਸਾ ਹੈ,
ਖੇਡ ਵਿਦਿਆ, ਸਿੱਖਿਆ ਅਤੇ
ਤਮਾਸ਼ਾ ਹੈ।' (ਸਫਾ 24)

'ਬੱਚੇ ਮਨੁੱਖਤਾ ਦਾ ਭਵਿੱਖ ਹਨ,
ਇਨਸਾਨੀਅਤ ਦੀ ਆਸ ਹਨ।
ਸਾਡੇ ਆਉਣ ਵਾਲੇ ਕੱਲ ਦੀਆਂ
ਸੁਰਜੀ ਕਿਰਨਾਂ ਹਨ।' (ਸਫਾ 91)

ਮੈਂ ਅਜਮੇਰ ਦੀ ਸ਼ੈਲੀ ਅਤੇ ਪੰਜਾਬੀ ਦੇ ਲਫਜ਼ ਭੰਡਾਰ ਤੋਂ ਵੀ ਬੜਾ ਪ੍ਰਭਾਵਿਤ ਹੋਇਆ ਹਾਂ। ਸਫਾ 166 ਤੇ ਉਹ ਲਿਖਦਾ ਹੈ: 'ਬੱਚਿਆਂ ਦਾ ਪਿਆਰ ਸਾਡੀ ਸ਼ਖਸ਼ੀਅਤ ਦੇ ਊਣੇਪਨ ਨੂੰ ਖਤਮ ਕਰਕੇ ਸਾਨੂੰ ਆਨੰਦ ਦਾ ਚਸ਼ਮਾ ਬਖਸ਼ ਸਕਦਾ ਹੈ।'

ਸੰਤਾਨ ਤੇ ਮਾਪੇ ਕਿਤਾਬ 'ਹਾਰਡਬੈਕ' 'ਚ ਹੈ। ਵਧੀਆ ਛਪਾਈ ਅਤੇ ਗੈਟਅਪ ਲਈ ਰਵੀ ਸਾਹਿਤ ਪ੍ਰਕਾਸ਼ਨ ਵਧਾਈ ਦਾ ਹੱਕਦਾਰ ਹੈ।

ਕਿਤਾਬ ਦੀ ਕੀਮਤ 85 ਰੁਪਏ ਮੈਨੂੰ ਖਾਸੀ ਰੜਕੀ ਹੈ ਜਿਹਦੇ ਵਿਚ ਭਾਵੇਂ ਅਜਮੇਰ ਦਾ ਕੋਈ ਕਸੂਰ ਨਹੀਂ। ਦੂਜੀ ਗੱਲ ਇਹ ਵੀ ਰੜਕੀ ਹੈ ਕਿ ਕਿਤਾਬ 'ਚ ਕੁੱਝ ਥਾਵਾਂ ਤੇ ਕੁੱਝ ਗੱਲਾਂ ਦਾ ਦੁਹਰਾਅ ਹੋਇਆ ਹੈ। ਇਸ ਦੁਹਰਾਅ ਦਾ ਕਾਰਨ ਭਾਵੇਂ ਸਾਫ ਹੈ ਕਿ ਇਹ ਲੇਖ 8 ਸਾਲਾਂ ਦੇ ਸਮੇਂ ਦੌਰਾਨ ਵੱਖ ਵੱਖ ਸਮਿਆਂ 'ਚ ਲਿਖੇ ਗਏ ਹਨ ਪਰ ਜਦ ਕਿਤਾਬ ਦਾ ਦੂਜਾ ਐਡੀਸ਼ਨ ਛਪੇ ਤਾਂ ਅਜਮੇਰ ਨੂੰ ਸ਼ੀਸ਼ੇ ਤੇ ਪਏ ਤ੍ਰੇਲ ਤੁਪਕਿਆਂ ਦਾ ਖਿਆਲ ਰੱਖਣਾ ਚਾਹੀਦਾ ਹੈ।

ਆਖੀਰ 'ਚ ਜਿੱਥੇ ਮੈਂ ਅਜਮੇਰ ਨੂੰ ਇਹੋ ਜਿਹੀ ਵਧੀਆ ਕਿਤਾਬ ਪੰਜਾਬੀ ਸਾਹਿਤ ਨੂੰ ਦੇਣ ਲਈ ਤਹਿ ਦਿਲੋਂ ਵਧਾਈ ਦਿੰਦਾ ਹਾਂ ਉਥੇ ਮੈਂ ਆਸ ਕਰਦਾ ਹਾਂ ਕਿ ਉਹ ਬਾਲ ਸਾਹਿਤ ਅਤੇ ਬਾਲਾਂ ਨਾਲ ਸਬੰਧਤ ਮਸਲਿਆਂ ਬਾਰੇ ਸਾਨੂੰ ਭਵਿੱਖ 'ਚ ਹੋਰ ਵੀ ਵਧੀਆ ਕਿਤਾਬਾਂ ਦੇਵੇਗਾ। ਪਾਠਕਾਂ ਨੂੰ ਮੈਂ ਜ਼ੋਰਦਾਰ ਸਿਫਾਰਸ਼ ਕਰਦਾ ਹਾਂ ਕਿ ਉਹ ਇਸ ਬਹੁਗੁਣੀ ਕਿਤਾਬ ਨੂੰ ਹਰ ਪੰਜਾਬੀ ਦੇ ਘਰ ਪਹੁੰਚਾਨ ਦਾ ਬੀੜਾ ਚੁੱਕਣ ਤਾਂ ਕਿ ਅਸੀਂ ਆਪਣੀ ਸੰਤਾਨ ਨੂੰ ਨਰੋਇਆ ਅਤੇ ਉੱਜਲ ਜੀਵਨ ਦੇ ਸਕੀਏ।

ਕਿਤਾਬ ਮਿਲਣ ਦਾ ਪਤਾ:
Ajmer Singh Bains
48 Rowleyis Green Lane, Coventry . W. Midlands
ਕੀਮਤ: ਸਮੇਤ ਡਾਕ ਖਰਚ ਚਾਰ ਪੌਂਡ

**ਹਰੀਸ਼ ਮਲਹੋਤਰਾ, ਬਰਮਿੰਘਮ**

## 'ਹਾਬੀ ਨਾਨਕਿਆਂ ਨੂੰ ਚੱਲਿਆ' (ਬੱਚਿਆਂ ਲਈ ਗੀਤਾਂ ਦੀ ਟੇਪ)
## ਗਾਇਕ: ਕਮਲਜੀਤ ਨੀਲੋਂ

ਪਿਛਲੇ ਹਫਤੇ ਦੇਸੋਂ ਮੁੜਿਆ ਮੇਰਾ ਇਕ ਰਿਸ਼ਤੇਦਾਰ ਮੇਰੇ ਬੱਚਿਆਂ ਲਈ ਇਕ 'ਆਡੀਓ ਟੇਪ' ਲੈ ਕੇ ਆਇਆ। 'ਹਾਬੀ ਨਾਨਕਿਆਂ ਨੂੰ ਚਲਿਆ' ਨਾਂ ਦੀ ਇਹ ਟੇਪ ਕਮਲਜੀਤ ਨੀਲੋਂ ਨੇ ਆਪਣੀ ਆਵਾਜ਼ ਵਿਚ ਬੱਚਿਆਂ ਲਈ ਰਿਕਾਰਡ ਕਰਵਾਈ ਹੈ।

ਇਸ ਟੇਪ ਵਿਚ ਬੱਚਿਆਂ ਲਈ 7 ਗੀਤ ਹਨ ਜੋ ਕਿ ਬੱਚਿਆਂ ਦੇ ਖਿਆਲਾਂ ਨੂੰ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਪੇਸ਼ ਕਰਦੇ ਹਨ। ਕਮਲਜੀਤ ਨੀਲੋਂ ਨੇ ਇਹ ਗੀਤ ਬੱਚਿਆਂ ਦੀ ਮਾਨਸਿਕਤਾ ਨੂੰ ਮੁੱਖ ਰੱਖ ਕੇ ਗਾਏ ਹਨ। ਘਰ ਵਿਚ ਵਾਪਰਦੀ ਹਰ ਇਕ ਖੁਸ਼ੀ, ਗਮੀ ਨੂੰ ਉਹ ਕਿਵੇਂ ਮਹਿਸੂਸ ਕਰਦੇ ਹਨ, ਇਸ ਦਾ ਵਰਨਣ ਬੜੇ ਖੂਬਸੂਰਤ ਤਰੀਕੇ ਨਾਲ ਕੀਤਾ ਹੈ। ਜਿਵੇਂ:

ਜਦੋਂ ਪੀ ਲੈਂਦੇ ਨੇ ਸ਼ਰਾਬ ਡੈਡੀ
ਫਿਰ ਬਣ ਜਾਂਦੇ ਨੇ ਨਵਾਬ ਡੈਡੀ
ਦੇਂਖਦੇ ਨੇ ਗੌਂਡੇ ਹੈ ਕਿੰਨਾ ਮੰਦਾ ਹਾਲ
ਮੰਮੀ ਦਾ ਤਾਂ ਉਹਨਾਂ ਨੂੰ ਕੋਈ ਨਹੀਂ ਖਿਆਲ
ਆਪਣੇ ਹੀ ਦੇਖਦੇ ਨੇ ਖਾਬ ਡੈਡੀ
ਜਦੋਂ ਪੀ.....

ਇਸੇ ਟੇਪ ਦਾ ਇਕ ਹੋਰ ਗੀਤ 'ਸਾਡੇ ਹਿੱਸੇ ਦੀਆਂ ਲੋਰੀਆਂ' ਵੀ ਬਹੁਤ ਖੂਬਸੂਰਤ ਹੈ ਜਿਸ ਵਿਚ ਇਕ ਕੁੜੀ ਆਪਣੀ ਮਾਂ ਨੂੰ ਪੁੱਛਦੀ ਹੈ –ਮਾਂ ਇਹ ਲੋਰੀਆਂ ਸਿਰਫ਼ ਮੁੰਡਿਆਂ ਲਈ ਨੇ, ਕੁੜੀਆਂ ਲਈ ਕੋਈ ਲੋਰੀ ਨਹੀਂ, ਮੈਨੂੰ ਤਾਂ ਕੋਈ ਕੁੜੀਆਂ ਵਾਲੀ ਲੋਰੀ ਸੁਣਾ:

ਬਹੁਤੀਆਂ ਨਹੀਂ ਸੀ ਤਾਂ ਦੇ ਦਿੰਦੀ ਥੋੜ੍ਹੀਆਂ
ਕਿੱਥੇ ਗਈਆਂ ਮਾਂ ਨੀ ਮੇਰੇ ਹਿੱਸੇ ਦੀਆਂ ਲੋਰੀਆਂ

ਤੋਤਲੀ ਆਵਾਜ਼ ਵਿਚ ਬੱਚਿਆਂ ਵਾਂਗ ਗਾਏ ਇਹ ਗੀਤ ਸਿਆਣਿਆਂ ਨੂੰ ਵੀ ਸੁਣਨ ਲਈ ਮਜ਼ਬੂਰ ਕਰਦੇ ਹਨ। ਸਾਡੀ ਵਸੋਂ ਦਾ ਇਕ ਵੱਡਾ ਹਿੱਸਾ ਬੱਚੇ ਹਨ। ਉਹਨਾਂ ਨੂੰ ਮੁੱਖ ਰੱਖ ਕੇ ਤਿਆਰ ਕੀਤੀ ਇਹ ਟੇਪ ਜਿੱਥੇ ਬੱਚਿਆਂ ਦਾ ਮਨੋਰੰਜਨ ਕਰਦੀ ਹੈ, ਉਥੇ ਸਾਡੇ ਸਮਾਜ ਦੀਆਂ ਚੰਗਿਆਈਆਂ, ਬੁਰਾਈਆਂ ਬਾਰੇ ਬੱਚੇ ਕਿਵੇਂ ਸੋਚਦੇ ਹਨ, ਦੀ ਝਲਕ ਵੀ ਪੇਸ਼ ਕਰਦੀ ਹੈ।

ਇਸ ਟੇਪ ਦੇ ਦੂਜੇ ਗਾਣੇ ਵੀ ਬਹੁਤ ਖੂਬਸੂਰਤ ਹਨ ਜਿਵੇਂ 'ਹਾਬੀ ਨਾਨਕਿਆਂ ਨੂੰ ਚੱਲਿਆ', 'ਮੰਮੀ ਫਰਾਕ ਲੈ ਕੇ ਆਈ', 'ਅੰਬਾਂ ਵਾਲੀ ਕੋਠੜੀ' ਅਤੇ 'ਅਸੀਂ ਗੱਲਾਂ ਕੀਤੀਆਂ'। ਪੰਜਾਬੀ ਵਿਚ ਬੱਚਿਆਂ ਲਈ ਇਸ ਤਰ੍ਹਾਂ ਦੀਆਂ ਟੇਪਾਂ ਦੀ ਬਹੁਤ ਜ਼ਰੂਰਤ ਹੈ। ਭੰਗੜਿਆਂ, ਇਸ਼ਕਾਂ 'ਤੇ ਕੁਰਬਾਨੀਆਂ ਦੇ ਚਰਚੇ ਕਰਦੀਆਂ ਟੇਪਾਂ ਨਿਆਣਿਆਂ ਦੇ ਹਾਣ ਦੀਆਂ ਨਹੀਂ। ਹਰ ਸਾਲ ਸੈਂਕੜਿਆਂ ਦੀਆਂ ਗਿਣਤੀ ਵਿਚ ਨਿਕਲ ਰਹੀਆਂ ਟੇਪਾਂ ਵਿਚ ਇਨ੍ਹਾਂ ਨੰਨਿਆਂ ਮੁੰਨਿਆਂ ਲਈ ਕੁੱਝ ਵੀ ਨਹੀਂ ਹੁੰਦਾ।

ਅਸੀਂ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਆਪਣੀ ਔਲਾਦ ਦੇ ਪੰਜਾਬੀ ਬਣੇ ਰਹਿਣ ਲਈ ਬੜੇ ਚਿੰਤਤ ਰਹਿੰਦੇ ਹਾਂ। ਸਾਡੇ ਛੋਟੇ ਬੱਚਿਆਂ ਲਈ ਇਹੋ ਜਿਹੀਆਂ ਟੇਪਾਂ ਬਹੁਤ ਲਾਭਦਾਇਕ ਹੋ ਸਕਦੀਆਂ ਹਨ। ਦੁੱਖ ਦੀ ਗੱਲ ਹੈ ਕਿ ਸਾਡੇ ਇਧਰਲੇ ਵੀਡਿਓ ਸਟੋਰਾਂ ਤੋਂ ਬੱਚਿਆਂ ਲਈ ਅਜਿਹਾ ਕੁਝ ਵੀ ਨਹੀਂ ਮਿਲਦਾ। ਪੰਜਾਬੀ ਦੀ ਸੇਵਾ ਕਰਦੇ ਅਖੌਤੀ ਰੇਡਿਓ ਤੇ ਟੀ.ਵੀ. ਪ੍ਰੋਗਰਾਮਾਂ ਵਿਚ ਵੀ ਵਲੈਤੀ ਸਾਜ਼ਾਂ ਤੇ ਭੰਗੜੇ ਵਾਲੇ ਗਾਣਿਆਂ ਤੋਂ ਬਿਨਾ ਕੁੱਝ ਨਹੀਂ। ਇਸ ਤਰ੍ਹਾਂ ਦੀ ਟੇਪ ਕੱਢਣ ਲਈ ਕਮਲਜੀਤ ਨੀਲੋਂ ਵਧਾਈ ਦਾ ਪਾਤਰ ਹੈ। ਬੱਚਿਆਂ ਦਾ ਇਹ ਚਹੇਤਾ ਕਲਾਕਾਰ, ਭਵਿੱਖ ਵਿਚ ਹੋਰ ਵੀ ਖੂਬਸੂਰਤ ਗੀਤ ਪੇਸ਼ ਕਰੇ, ਮੇਰੀ ਇਹ ਦੁਆ ਹੈ।

**ਗੁਰਮੇਲ ਰਾਏ, ਸਰੀ**

# LASER SCREEN PRINTING

**Custom Printing and Specialty Advertising**

Manufacturer and Distributors of:

*T-Shirts *Sportswear *Team Jackets
*Crests *Caps *Decals
*Transfers *Emblems *Calendars
*Pens *Matches *Glasswear
*Lighters *Buttons *Sales Aids
*Playing Cards *Lapel Pins *Safety Awards
*Promotional Gifts *Incentives *Plus much more

**Ram Sharma**
5311 - 91 Street
Edmonton, Alberta, T6E 6E2
**Ph. (403) 468-6435**



# CLAY OVEN RESTAURANT

ਕਲੇਅ ਓਵਨ ਰੈਸਟੋਰੈਂਟ

9386–120 ਸਟਰੀਟ, ਸਰੀ ਬੀ.ਸੀ.

ਸਰੀ ਵਿਚ ਸਵਾਦਿਸ਼ਟ ਖਾਣਿਆਂ ਦਾ ਮਸ਼ਹੂਰ ਰੈਸਟੋਰੈਂਟ।

ਵੈਜੇਟੇਰੀਅਨ (ਸ਼ਾਕਾਹਾਰੀ) ਭੋਜਨ ਵੀ ਮਿਲਦਾ ਹੈ।

**ਫੋਨ: ਜਗਮਿੰਦਰ ਮਾਂਗਟ**

**(604) 589–7622**



# DEVINDERJIT (DAVE) SINGH PUREWAL

**(BARRISTER, SOLICITOR & NOTARY PUBLIC)**

**ਦਵਿੰਦਰਜੀਤ ਸਿੰਘ ਪੁਰੇਵਾਲ**

**PH: (403) 462-7555**

**GENERAL PRACTICE OF LAW INCLUDING:**

* ਕ੍ਰਿਮੀਨਲ (Criminal) *ਇਮੀਗਰੇਸ਼ਨ (Immigration)
*ਰੀਅਲ ਅਸਟੇਟ ਤੇ ਮੋਰਗੇਜ (Real Estate & Mortgage)
*ਵਿੱਲ ਅਤੇ ਅਸਟੇਸ (Wills & Estate) *ਸਿਵਲ (Civil)
*ਡਾਇਵੋਰਸ ਤੇ ਫੈਮਲੀ ਕਾਨੂੰਨ (Divorce & Family Law)
*ਨਿੱਜੀ ਸੱਟਾਂ ਦੇ ਕਲੇਮ (Personal Injury Claims)

**Venkatraman & Associates**
**Ph: (403) 436-7060**
#440-4445 Calgary Tr. South Edmonton
**Millwood Office:**
9209 - 34th Ave. Edmonton
Alberta, T6E 5T5

**ਸੇਵਾਵਾਂ ਪੰਜਾਬੀ, ਹਿੰਦੀ ਤੇ ਉਰਦੂ ਵਿਚ ਵੀ ਮਿਲਦੀਆਂ ਹਨ।**





**LAND DEVELOPMENTS**

**SALE of**

**COMMERCIAL PROPERTY**

**If you are thinking of selling your home contact: Karamjit S. Ghuman**
**Bus: 572-1211 Fax 572-8110**
**Pager:686 - 5731**

**SUTTON GROUP**
**Medallion Realty**
**7832 - 120th St.**
**Surrey, B.C., V3W 3N2**

Sutton GROUP

# ... ਤੇ ਤੁਸੀਂ ਲਿਖਿਆ

'ਵਤਨ' ਦਾ 'ਬਹਾਰ 93' ਦਾ ਪਰਚਾ ਮਿਲਿਆ। ਮਿਲਣ ਤੋਂ ਲੈ ਕੇ ਜੱਦ ਤੱਕ ਉਹ ਮੁੱਕ ਨਹੀਂ ਗਿਆ, ਪਰ੍ਹੇ ਨਹੀਂ ਰੱਖਿਆ। ਪਹਿਲੇ ਸਫ਼ੇ ਦੇ ਪਹਿਲੇ ਅੱਖਰ ਤੋਂ ਲੈ ਕੇ ਆਖਰੀ ਸਫ਼ੇ ਦੇ ਆਖਰੀ ਲਫ਼ਜ਼ ਤੱਕ ਪੜ੍ਹਣ ਦਾ ਇਕੋ ਹੀ ਕਾਰਣ ਹੋ ਸਕਦਾ ਹੈ ਕਿ 'ਵਤਨ' ਵਿਚ ਲਿਖੇ ਲੇਖ, ਕਹਾਣੀਆਂ ਤੇ ਕਵਿਤਾਵਾਂ ਉੱਚੀ ਪੱਧਰ ਦੀਆਂ ਹੋਣਗੀਆਂ। ਨਹੀਂ ਤੇ ਕਿਸ ਕੋਲ ਇਨ੍ਹਾਂ ਸਮਾਂ ਹੈ ਤੇ ਕਿਸ ਦਾ ਜੀਅ ਕਰਦਾ ਹੈ ਕਿ ਉਹ ਫ਼ਜ਼ੂਲ ਲੇਖ-ਲਿਖਤਾਂ ਪੜ੍ਹੀ ਜਾਵੇ। ਰਾਮਪੁਰੀ ਹੋਣਾ ਦਾ ਪਤਰ ਬਹੁਤ ਪਸੰਦ ਆਇਆ। ਜਿਸ ਵਿਚ ਉਨ੍ਹਾਂ ਨੇ ਬਹੁਤ ਅਣਮੁੱਲੀਆਂ ਗੱਲਾਂ ਲਿਖੀਆਂ ਨੇ। ਬੋਲੀ ਦਾ ਗਿਆਨ ਰੱਖਣ ਵਾਲੇ ਲਿਖਾਰੀਆਂ ਨੂੰ ਚਾਹੀਦਾ ਹੈ ਕਿ ਉਹ ਵੀ ਰਾਮਪੁਰੀ ਹੁਰਾਂ ਵਰਗਾ ਕਦਮ ਉਠਾਣ ਤਾਂ ਜੋ ਪੜ੍ਹਣ ਲਿਖਣ ਵਾਲੇ ਇਨ੍ਹਾਂ ਗੱਲਾਂ ਤੋਂ ਫਾਇਦਾ ਉਠਾਣ ਤੇ ਕੁੱਝ ਸਿਖ ਸਕਣ। ਮੈਂ 'ਵਤਨ' ਦੇ ਸੰਪਾਦਕਾਂ ਨੂੰ ਇਸ ਅੰਕ ਦੀ ਅਸ਼ਾਇਤ ਤੇ ਵਧਾਈ ਪੇਸ਼ ਕਰਦਾ ਹਾਂ ਤੇ ਆਸ ਰੱਖਦਾ ਹਾਂ ਕਿ ਉਹ ਇਸ ਤਰ੍ਹਾਂ ਹੀ ਦਿਲ ਲਾਕੇ ਪਰਚੇ ਨੂੰ ਉੱਚਾ ਚੁਕਦੇ ਰਹਿਣਗੇ ਤੇ ਬੋਲੀ ਦੀ ਸੇਵਾ ਕਰਦੇ ਰਹਿਣਗੇ।

'ਵਤਨ' ਵਿਚ ਜਿੱਥੇ ਅੱਛੇ ਲੇਖ ਕਹਾਣੀਆਂ ਛੱਪ ਰਹੇ ਨੇ, ਉਥੇ ਇਸ ਦੇ ਕਾਵਿ ਅੰਗ ਵਿਚ; ਖਾਸਤੌਰ ਤੇ ਗਜ਼ਲ ਸਨਫ ਵਿਚ ਅੱਛੀਆਂ ਗਜ਼ਲਾਂ ਨਹੀਂ ਆ ਰਹੀਆਂ। ਇਸ ਅੰਕ ਤੋਂ ਪਹਿਲਿਆਂ ਅੰਕਾਂ ਵਿਚ ਬੇ-ਬਹਰੀਆਂ ਗਜ਼ਲਾਂ ਪੜ੍ਹਨ ਨੂੰ ਮਿਲੀਆਂ। ਗਜ਼ਲ ਦੇ ਬੇ-ਬਹਿਰ ਹੋਣ ਨਾਲ 'ਸਕਤਾ' (ਅਟਕਾਓ) ਪੈ ਜਾਂਦਾ ਹੈ, ਜਿਸ ਨਾਲ ਪਾਠਕ ਦਾ ਮਨ ਉਕਤਾ ਜਾਂਦਾ ਹੈ ਤੇ ਉਸਦਾ ਮਜ਼ਾ ਕਿਰਕਰਾ ਹੋ ਜਾਂਦਾ ਹੈ। ਬਹੁਤ ਸਾਰੀਆਂ ਗਜ਼ਲਾਂ ਵਿਚ ਤੇ ਕਾਫੀਆ ਜਾਂ ਰਦੀਫ ਵੀ ਠੀਕ ਨਹੀਂ ਹੁੰਦੀ। ਕਈਆਂ ਗਜ਼ਲਾਂ ਵਿਚ ਗਜ਼ਲਗੋ ਨੇ ਰਦੀਫ ਤੇ ਬਹੁਤ ਸੁੰਦਰ ਲਬ ਲਈ ਹੁੰਦੀ ਹੈ ਪਰ ਉਸ ਨੂੰ ਅੱਛੀ ਤਰ੍ਹਾਂ ਨਿਭਾਣ ਵਿਚ ਉਹ ਸਫਲ ਨਹੀਂ ਹੋਇਆ ਹੁੰਦਾ। ਕਦੀਂ ਕਦੀਂ ਇਸ ਤਰ੍ਹਾਂ ਦੇ ਲਫਜ਼ ਵੀ ਪੜ੍ਹਨ ਨੂੰ ਮਿਲਦੇ ਨੇ ਜਿਨ੍ਹਾਂ ਦਾ ਮਤਲਬ ਸਮਝਣ ਲਈ ਮਹਾਂ ਕੋਸ਼ ਦਾ ਸਹਾਰਾ ਲੈਣਾ ਪੈਂਦਾ ਹੈ। ਜੱਦ ਉਸ ਅੱਖਰ ਦੇ ਮੈਅਨੇ ਨਹੀਂ ਮਿਲਦੇ ਤੇ ਸ਼ੇਅਰ ਸਮਝ ਨਹੀਂ ਆਉਂਦਾ। ਫਿਰ ਇਹ ਆਖ ਕੇ ਗਜ਼ਲ ਪੜ੍ਹਣੀ ਬੰਦ ਕਰਨੀ ਪੈਂਦੀ ਹੈ ਕਿ 'ਇਹ ਪੰਜ-ਔਖੀ ਗਜ਼ਲ ਹੈ'।

ਇਹ ਵੀ ਦੇਖਣ ਵਿਚ ਆਇਆ ਹੈ ਕਿ ਸ਼ੇਅਰ ਦਾ ਪਹਿਲਾ ਮਿਸਰਾ ਛੋਟਾ ਹੈ ਤੇ ਦੂਜਾ ਲੰਬਾ ਹੈ। ਲਿਖਤ ਵਿਚ ਨਹੀਂ, ਪਿੰਗਲ ਦੇ ਹਿਸਾਬ ਨਾਲ। ਜਾਂ ਇਸ ਦਾ ਉਲਟ ਵੀ। ਇਹ ਗੱਲ ਤੇ ਠੀਕ ਹੈ ਕਿ ਕਵਿਤਾ ਜਜ਼ਬਾਤ ਤੇ ਨਿਰਭਰ ਹੈ ਪਿੰਗਲ ਤੇ ਨਹੀਂ। ਹਰ ਕਵੀ ਪਿੰਗਲ ਨਹੀਂ ਜਾਣ ਸਕਦਾ ਤੇ ਹਰ ਪਿੰਗਲ ਜਾਨਣ ਵਾਲਾ ਕਵੀ ਨਹੀਂ ਹੋ ਸਕਦਾ। ਫਿਰ ਵੀ ਕਵੀ ਨੂੰ ਸਨਫ਼ ਦੇ ਇਸ ਪੱਖ ਬਾਰੇ ਵਾਕਫੀਅਤ ਹੋਣੀ ਜ਼ਰੂਰੀ ਹੈ। ਇਨ੍ਹਾਂ ਖੋਟਾਂ ਨੂੰ ਦੇਖ ਕੇ ਦਿਲ ਨੂੰ ਬਹੁਤ ਦੁੱਖ ਹੁੰਦਾ ਹੈ।

ਪੰਜਾਬੀ ਗਜ਼ਲ ਉਰਦੂ ਤੇ ਫਾਰਸੀ ਦੀ ਗਜ਼ਲ ਨਾਲੋਂ ਇਸ ਵੇਲੇ ਕਿਸੇ ਵੀ ਪੱਖੋਂ ਘੱਟ ਨਹੀਂ। ਪੰਜਾਬੀ ਗਜ਼ਲ ਵਿਚ ਬਹੁਤ ਸਾਰੇ ਉੱਘੇ ਸ਼ਾਇਰ ਹੋਏ ਹਨ ਤੇ ਹਨ ਜਿਵੇਂ ਤਖਤ ਸਿੰਘ, ਚਾਨਣ ਗੋਬਿੰਦ ਪੁਰੀ, ਦੀਪਕ ਜਤੋਈ, ਸਾਧੂ ਸਿੰਘ ਹਮਦਰਦ, ਸ਼ਿਵ ਬਟਾਲਵੀ, ਮਨਜ਼ੂਰ ਹੋਸ਼ਿਆਰ ਪੁਰੀ, ਮੈਹਿਰਮ ਦਸੂਹਵੀ, ਸੁਰਜੀਤ ਪਾਤਰ ਆਦਿ ਕੁਝ ਨਾਮ ਹਨ।

ਗਜ਼ਲ ਲਿਖਣੀ ਜਿਨ੍ਹੀ ਸੌਖੀ ਹੈ ਉਨ੍ਹੀ ਔਖੀ ਵੀ ਹੈ। ਮੇਰੀ ਗਜ਼ਲਗੋਆਂ ਅੱਗੇ ਬੇਨਤੀ ਹੈ ਕਿ ਉਹ ਪੰਜਾਬੀ ਗਜ਼ਲ ਦੀ ਸਾਹਿਤਕ ਸੇਹਤ ਬਣਾਈ ਰੱਖਣ। ਉਸ ਦੀ ਹਾਸਲ ਕੀਤੀ ਹੋਈ ਉਚਾਈ ਤੋਂ ਥੱਲੇ ਨਾਂ ਗਿਰਾਉਣ ਬਲਕਿ ਉਸ ਨੂੰ ਹੋਰ ਵੀ ਉੱਚਾ ਚੁੱਕਣ। ਇਹ ਤੱਦ ਹੀ ਹੋ ਸਕਦਾ ਹੈ ਜੱਦ ਕਿ ਗਜ਼ਲਗੋ; ਗਜ਼ਲ ਬਾਰੇ ਪੜ੍ਹਣ ਤੇ ਕਿਸੇ ਅੱਛੇ ਗਜ਼ਲਗੋ ਕੋਲੋਂ ਗਜ਼ਲ ਦੀ ਵਿਦਿਆ ਪ੍ਰਾਪਤ ਕਰਣ। ਜੇ ਕਰ ਉਹਨਾਂ ਤੋਂ ਇਹ ਨਹੀਂ ਹੋ ਸਕਦਾ ਤਾਂ ਉਹ ਕਵਿਤਾ ਦੀ ਹੋਰ ਸਨਫ ਅਪਨਾਉਣ। ਗਜ਼ਲ ਨਾਲ ਬੇਇਨਸਾਫੀ ਨਾ ਕਰਨ। ਜੇ ਕਰ ਉਨ੍ਹਾਂ ਕੋਲੋਂ ਇਹ ਨਹੀਂ ਹੋ ਸਕਦਾ ਤਾਂ ਉਹ ਕਵਿਤਾ ਦੀ ਹੋਰ ਸਨਫ ਅਪਨਾਣ। ਗਜ਼ਲ ਨਾਲ ਬੇ-ਅਨਸਾਫੀ ਨਾ ਕਰਨ।

ਨਾਲ ਹੀ ਮੇਰਾ ਸੰਪਾਦਕਾਂ ਨੂੰ ਇਹ ਸੁਝਾਓ ਹੈ ਕਿ ਉਹ ਗਜ਼ਲ ਛਾਪਣ ਤੋਂ ਪਹਿਲਾਂ, ਗਜ਼ਲ ਨੂੰ ਗਜ਼ਲ ਦੀਂ ਕਸੌਟੀ ਤੇ ਪਰਖ ਲੈਣ। ਛਪਣ ਆਈ ਗਜ਼ਲ ਵਿਚੋਂ ਜੇ ਕਰ ਉਹ ਪੰਜ ਨਫੀਸ ਸ਼ੇਅਰ ਵੀ ਚੁਣਕੇ ਛਾਪ ਦੇਣ ਤਾਂ ਮੇਰਾ ਖਿਆਲ ਹੈ ਕਿ ਉਹ ਪਰਚੇ, ਗਜ਼ਲਗੋ, ਗਜ਼ਲ ਤੇ ਪਾਠਕਾਂ ਨਾਲ ਪੂਰਾ ਨਿਆਂ ਕਰਨਗੇ।

ਇਸ ਅੰਕ ਵਿਚ ਜਿਹੜੀ ਅਸਚਰਜ ਗਲ ਦੇਖਣ ਵਿਚ ਆਈ ਹੈ, ਉਹ ਇਹ ਹੈ ਕਿ 'ਗਜ਼ਲਨੁਮਾ ਨਜ਼ਮ' ਤੇ ਪੜ੍ਹਦੇ ਸੁਣਦੇ ਆਏ ਹਾਂ ਪਰ ਕਦੀ 'ਨਜ਼ਮ ਨੁਮਾ ਗਜ਼ਲ' ਨਹੀਂ ਪੜੀ ਸੀ, ਨਾ ਸੁਣੀ ਤੇ ਨਾ ਹੀ ਦੇਖੀ ਸੀ। ਗਜ਼ਲ ਸਿਰਫ ਦੋ ਤਰ੍ਹਾਂ ਦੀ ਹੀ ਹੁੰਦੀ ਹੈ। ਵਾਹਦ ਅਸ਼ਆਰ ਤੇ ਮੁਸਲਸਲ। ਮੁਸਲਸਲ ਗਜ਼ਲ ਨੂੰ ਲੜੀਵਾਰ ਖਿਆਲ ਵਾਲੀ ਗਜ਼ਲ ਆਖਿਆ ਜਾਂਦਾ ਹੈ। ਉਸਦਾ ਕੋਈ ਸਿਰ ਲੇਖ ਨਹੀਂ ਹੁੰਦਾ ਉਸਨੂੰ ਗਜ਼ਲ ਹੀ ਆਖੀਦਾ ਹੈ। ਯਾਰੋ ਐਡਾ ਵੱਡਾ ਸਿਤਮ ਗਜ਼ਲ ਨਾਲ ਤੇ ਨਾ ਕਰੋ। ਉਸਦੇ ਨਾਂ ਕੁਨਾਂ ਤੇ ਨਾ ਪਾਉ। ਗਜ਼ਲ ਦੇ ਦੀਵਾਨਿਆਂ ਦੇ ਦਿਲ ਏਦਾਂ ਛਲਣੀ ਨਾਲ ਕਰੋ। ਸੰਪਾਦਕੋ, ਤੇ ਗਜ਼ਲਗੋ ਸ਼ਾਇਰੋ, ਥੋੜਾ ਜਿਹਾ ਲਿਹਾਜ਼ ਤੇ ਕਰੋ।

ਇਕ ਗੱਲ ਹੋਰ, ਜਿਨ੍ਹਾਂ ਗਲਤੀਆਂ ਬਾਰੇ (ਹੇਜੇ) ਰਾਮਪੁਰੀ ਹੋਣੀ ਪੱਤਰ ਲਿਖਿਆ ਸੀ, ਉਹ ਉਨ੍ਹਾਂ ਦੇ ਪਤਰ ਵਿਚ ਹੀ ਮਿਲ ਰਹੀਆਂ ਹਨ। ਮੇਰਾ ਸੁਝਾਉ ਹੈ ਕਿ ਸੰਪਾਦਕ ਥੋੜਾ ਜਿਹਾ ਪਰੂਫ ਰੀਡਿੰਗ ਤੇ ਜ਼ੋਰ ਦੇਣ ਤਾਂ ਅੱਛਾ ਹੈ। ਇਸ ਨਾਲ ਕਾਫੀ ਗਲਤੀਆਂ ਠੀਕ ਹੋ ਸਕਦੀਆਂ ਨੇ।

**–ਨਦੀਮ ਪਰਮਾਰ, ਬਰਨਬੀ, ਬੀ.ਸੀ.**

ਖੁਸ਼ੀ ਦੀ ਗੱਲ ਇਹ ਹੈ ਕਿ ਦਿਨ-ਬ-ਦਿਨ 'ਵਤਨ' ਅੱਗੇ ਤੋਂ ਨਿਖਰ ਕੇ ਤੇ ਨਿੱਗਰ ਹੋ ਕੇ ਸਾਹਮਣੇ ਆ ਰਿਹਾ ਹੈ। ਤੁਹਾਡੀ ਮੇਹਨਤ ਅਤੇ ਸਿਦਕ ਦਾ ਹੀ ਸਦਕਾ ਹੈ ਇਹ। ਮੈਨੂੰ ਤਾਂ ਇਹ ਕਹਿੰਦੇ ਕੋਈ ਅੱਤਕਥਨੀ ਨਹੀਂ ਲੱਗਦੀ ਕਿ ਇਸ ਪਾਏ ਦਾ ਤੇ ਇਸ ਟੋਨ ਦਾ ਪੰਜਾਬੀ ਦਾ ਪਰਚਾ ਸ਼ਾਇਦ ਹਿੰਦੁਸਤਾਨ ਵਿਚ ਵੀ ਕੋਈ ਘੱਟ ਹੀ ਨਿਕਲ ਰਿਹਾ ਹੋਵੇ, ਖਾਸ ਕਰਕੇ ਵਿਸ਼ੇਸ਼ ਅੰਕ ਤਾਂ ਸਨਦ ਹਨ ਜਿਨ੍ਹਾਂ ਨੂੰ ਸਾਂਭ ਕੇ ਰੱਖਿਆ ਜਾਣਾ ਚਾਹੀਦਾ ਹੈ। 'ਕਨੇਡੀਅਨ ਪੰਜਾਬੀ ਰੰਗ ਮੰਚ ਵਿਸ਼ੇਸ਼ ਅੰਕ' ਤੇ ਆਹ ਇੰਟਰਵਿਊਜ਼ ਵਾਲਾ "ਮੁਲਾਕਾਤ ਵਿਸ਼ੇਸ਼ਾਂਕ" ਵਿਸ਼ੇਸ਼ ਤੌਰ ਤੇ ਬਹੁਤ ਸ਼ਲਾਘਾ ਯੋਗ ਹਨ। ਇਸ ਖੂਬਸੂਰਤ ਕਿਰਤ ਲਈ ਸਾਰੇ ਵਧਾਈ ਦੇ ਪਾਤਰ ਹੋ।

**–ਭਾਰਤੀ, ਸਰਕਾਰੀ ਕਾਲਜ ਹੁਸ਼ਿਆਰਪੁਰ**

ਮੈਂ 'ਵਤਨ' ਮੈਗਜ਼ੀਨ ਨੂੰ ਦੋ ਕੁ ਸਾਲਾਂ ਤੋਂ ਪੜ੍ਹਦੀ ਆ ਰਹੀ ਹਾਂ। ਸਾਰਾ ਮੈਟੀਰੀਅਲ ਕਾਫੀ ਚੰਗਾ ਹੁੰਦਾ ਹੈ ਪਰ ਤੁਸੀਂ ਜਵਾਨ ਮੁੰਡੇ-ਕੁੜੀਆਂ ਜੋ ਕਿ ਸਕੂਲਾਂ ਕਾਲਜਾਂ ਵਿਚ ਪੜ੍ਹਦੇ ਹਨ, ਬਾਰੇ ਬਹੁਤਾ ਨਹੀਂ ਲਿਖਦੇ। ਇਸ ਬਾਰੇ ਮੈਨੂੰ ਥੋੜਾ ਗਿਲ੍ਹਾ ਹੈ। ਸਾਰੇ ਹੀ ਭਾਰਤੀ ਨਿਆਣੇ 'ਪਜ਼ਲਡ' ਹਨ ਕਿ ਅਸੀਂ ਕਿਸ ਦੀ ਸੁਣੀਏ। ਘਰਦਿਆਂ ਦੀ ਜਾਂ ਦੋਸਤਾਂ ਦੀ ਜਿਨ੍ਹਾਂ ਨਾਲ ਅਸੀਂ ਸਾਰਾ ਦਿਨ ਗੁਜ਼ਾਰਦੇ ਹਾਂ। ਮੈਂ ਤਾਂ ਕੌਂਨਸਲਿੰਗ ਵੀ ਕੀਤੀ ਪਰ ਠੀਕ ਜਵਾਬ ਨਹੀਂ ਮਿਲਦਾ। ਤੁਸੀਂ ਵਤਨ ਵਿਚ ਜਵਾਨ ਮੁੰਡੇ ਕੁੜੀਆਂ ਨੂੰ ਨਸੀਅਤ ਭਰੀਆਂ ਗੱਲਾਂ ਦੱਸਿਆ ਕਰੋ ਤੇ ਮਾਪਿਆਂ ਨੂੰ ਵੀ ਕੁਝ ਨਸੀਹਤ ਦਿਆ ਕਰੋ। ਬਾਕੀ ਕਵਿਤਾ ਕਹਾਣੀਆਂ ਵੱਧ ਤੋਂ ਵੱਧ ਛਾਪਣ ਦੀ ਕੋਸ਼ਿਸ਼ ਕਰਿਆ ਕਰੋ।

**–ਮੀਨਾ ਪਰਮਾਰ**

'ਵਤਨ' ਦੇ ਤਾਜ਼ਾ ਅੰਕ ਦੀ ਦਿਲੀ ਮੁਬਾਰਕਬਾਦ ਪੇਸ਼ ਕਰਦਾ ਹਾਂ। ਪ੍ਰੋ: ਸਾਈਦ ਫਿਰਾਨੀ 'ਕੰਮੀ' ਦੀ ਇੰਟਰਵਿਊ ਖਾਸ ਤੌਰ ਤੇ ਬਹੁਤ ਵਧੀਆ ਲੱਗੀ। ਸੱਚ ਪੁੱਛੋ ਤਾਂ ਪ੍ਰੋ: ਸਾਹਿਬ ਨੂੰ ਦੋ ਵੇਰ ਮਿਲ ਕੇ ਤੇ ਘੰਟਿਆਂ ਬੱਧੀ ਗੱਲਾਂ ਬਾਤਾਂ ਕਰਨ ਤੋਂ ਬਾਅਦ ਵੀ ਇੰਟਰਵਿਊ ਪੜ੍ਹ ਕੇ ਇੰਝ ਲੱਗਾ ਜਿਵੇਂ ਅਸਲੀ ਮੁਲਾਕਾਤ ਹੁਣ ਹੀ ਹੋਈ ਹੋਵੇ। ਆਪ ਵਧਾਈ ਦੇ ਹੱਕਦਾਰ ਹੋ।

**–ਉਂਕਾਰਪ੍ਰੀਤ, ਓਨਟੇਰੀਓ**

ਵਧਾਈਆਂ ਕੋਈ ਚੰਗਾ ਮੈਗਜ਼ੀਨ ਪ੍ਰਦੇਸ ਵਿਚ ਕੱਢਣ ਤੇ। ਆਸ ਕਰਦਾ ਹਾਂ, ਬਹੁਤ ਤਰੱਕੀ ਕਰੋਗੇ। 'ਵਤਨ' ਪੜ੍ਹਕੇ 'ਆਰਸੀ' ਜਾਂ 'ਸਮਤਾ' ਦਾ ਭੁਲੇਖਾ ਪੈਂਦਾ ਹੈ ਤੇ ਆਸ ਕਰਦਾ ਹਾਂ ਕਿ ਇਹ ਸਟੈਂਡਰਡ ਬਰਕਰਾਰ ਰੱਖੋਗੇ।

**–ਰਣਜੀਤ ਬੈਨੀਪਾਲ, ਈਸਟ ਵਿੰਡਸਰ**

ਤੁਹਾਡਾ ਭੇਜਿਆ ਹੋਇਆ 'ਵਤਨ' ਦਾ ਜਨਵਰੀ-ਮਾਰਚ 1993 ਦਾ ਅੰਕ ਕੱਲ ਮਿਲਿਆ। ਬਹੁਤ ਬਹੁਤ ਧੰਨਵਾਦ। ਮੈਨੂੰ ਇਹ ਅੰਕ ਬਹੁਤ ਪਸੰਦ ਆਇਆ ਹੈ। ਅਸਲ ਵਿਚ ਵਤਨ ਨਾਲ ਮੇਰੀ ਇਹ ਪਹਿਲੀ ਪਹਿਚਾਣ ਹੈ। ਸਾਰੀਆਂ ਕਵਿਤਾਵਾਂ ਹੀ ਡੂੰਘੀਆਂ ਭਾਵਨਾਵਾਂ ਦਾ ਪ੍ਰਗਟਾਵਾ ਹਨ। ਜਿਸ ਵਿਚੋਂ ਬਹੁਤ ਭਾਵਨਾਵਾਂ 'ਦੁੱਖ' ਨਾਲ ਸਬੰਧਤ ਹਨ। ਗੁਰਚਰਨ ਰਾਮਪੁਰੀ ਦੀ ਕਵਿਤਾ 'ਇੰਦਰ ਕਾਹਤੋਂ ਰਹੇ ਕੁਲੀਨ' ਵਿਚ ਪੁੱਛੇ ਖਾਸ ਸਵਾਲ ਦਾ ਜਵਾਬ 'ਕਿਉਂਕਿ ਉਹਨਾਂ ਦੇਵਤਿਆਂ ਨੂੰ ਅਸੀਂ ਮਨੁੱਖੀ ਕਲਪਣਾ ਰਾਹੀਂ ਤ੍ਰਾਸ਼ਿਆ ਹੈ' ਜਾਪਦਾ ਹੈ। 'ਵਤਨ' ਵੀ ਅੱਛੀ ਕਵਿਤਾ ਹੈ। ਦੇਵ ਜੀ, ਵਤਨ, ਵਤਨ ਹੀ ਹੁੰਦਾ ਹੈ ਤੇ ਵਤਨ ਰੋਜ਼ ਰੋਜ਼ ਨਹੀਂ ਬਦਲੇ ਜਾਂਦੇ। ਇਸੇ ਕਰਕੇ ਤੁਹਾਡੀ ਕਵਿਤਾ ਵਿਚੋਂ 'ਦੁੱਖ' ਟਪਕਦਾ ਹੈ। ਸ਼ਸ਼ੀ ਜੀ, ਯਕੀਨ ਜ਼ਰੂਰੀ ਤਾਂ ਹੈ ਕਿ ਯਕੀਨ ਤੇ ਬਗੈਰ ਸਾਡੀ ਜਿੰਦਗੀ ਪੱਧਰੀ ਨਹੀਂ ਚਲਦੀ'। ਇਕਬਾਲ ਦੀ ਕਵਿਤਾ 'ਕਵਿਤਾ ਮੈਨੂੰ ਲਿਖਦੀ ਹੈ' ਬਹੁਤ ਫਿਲਸਾਫਿਕ ਹੈ। ਕਹਾਣੀ 'ਬਰਫ ਦਾ ਗੀਤ' ਮੈਨੂੰ ਬਹੁਤ ਚੰਗੀ ਲੱਗੀ ਹੈ। ਇਸ ਦੇ ਚੰਗੀ ਲੱਗਣ ਦਾ ਕਾਰਣ ਇਹ ਵੀ ਹੈ ਕਿ ਇਹ ਅਸਲੀਅਤ ਤੇ ਅਧਾਰਤ ਹੈ। ਦੂਸਰੀਆਂ ਦੋਨੋਂ ਕਹਾਣੀਆਂ ਵੀ ਚੰਗੀਆਂ ਹਨ।

–ਪ੍ਰਸ਼ਾਂਤ ਕੌਰ ਰਾਏ, ਨੀਪਨ, ਓਨਟੇਰੀਓ

'ਵਤਨ' ਦੇ ਪਿਛਲੇ ਸਾਰੇ ਹੀ ਅੰਕ ਮਿਲ ਗਏ ਸਨ। ਮੁਲਾਕਾਤ ਅੰਕ ਚੰਗਾ ਜਰਿਆ। ਵੱਖ ਵੱਖ ਸ਼ਖਸੀਅਤਾਂ ਨਾਲ ਗਲਬਾਤ ਜਾਣਕਾਰੀ ਭਰੀ ਹੈ। ਜਨਵਰੀ-ਮਾਰਚ, 93 ਅੰਕ ਵਿਚਲੀਆਂ ਰਚਨਾਵਾਂ ਵਿਚੋਂ ਸੁਖਵਿੰਦਰ ਕੰਬੋਜ ਦੀ ਡਾ: ਰਵੀ ਤੇ ਪਾਸ਼ ਨੂੰ ਸਮਰਪਿਤ ਕਵਿਤਾ, ਸ਼ਸ਼ੀ ਸਮੁੰਦਰਾ, ਪ੍ਰੇਮ ਕੁਮਾਰ ਦੀਆਂ ਕਵਿਤਾਵਾਂ, ਹਰਪ੍ਰੀਤ ਸੇਖਾ ਤੇ ਸਾਧੂ ਦੀਆਂ ਕਹਾਣੀਆਂ ਦੇ ਨਾਲ ਨਾਲ ਸੁਖਵੰਤ ਹੁੰਦਲ ਦਾ IMF ਤੇ ਤੀਜੀ ਦੁਨੀਆਂ ਦੇ ਮੁਲਕਾਂ ਬਾਰੇ ਲੇਖ ਵਧੀਆ ਲੱਗੇ।

ਕੁਲਦੀਪ ਰੰਧਾਵਾ, ਬਰੈਂਪਟਨ, ਓਨਟੇਰੀਓ

ਸਰੀ-ਡੈਲਟਾ ਦੀ ਪੰਜਾਬੀ ਮਾਰਕੀਟ ਵਿਚ ਵਿਆਹ-ਸ਼ਾਦੀ ਦੇ ਸਾਮਾਨ ਦਾ ਬੀ.ਸੀ. ਦਾ ਸੱਭ ਤੋਂ ਵੱਡਾ ਸਟੋਰ।

**Delta Wedding Centre**
**9463- 120th St.** (95 Ave. & Scott Rd)
**Delta, B.C.**
**Ph: (604) 589-3656**

ਵਿਆਹ ਸ਼ਾਦੀਆਂ ਦੇ ਕਾਰਡ, ਤਾਜ਼ੇ ਅਤੇ ਸਿਲਕ ਦੇ ਫੁੱਲ, ਕਾਰਾਂ ਤੇ ਪਾਉਣ ਵਾਲੇ ਫੁੱਲਾਂ ਦਸੇ ਜਾਲ, ਮਹਿੰਦੀ ਚੂੜੇ ਤੇ ਕਲੀਰੇ ਤੇ ਵਿਆਹ ਦਾ ਹਰ ਤਰ੍ਹਾਂ ਦਾ ਸਾਮਾਨ, ਹਸਪਤਾਲ ਜਾਂ ਘਰ ਲਿਜਾਣ ਲਈ ਫੁਲਾਂ ਦੇ ਗੁਲਦਸਤੇ, ਬੱਚਿਆਂ ਦੇ ਜਨਮਦਿਨ ਦਾ ਸਾਮਾਨ, ਹਰ ਮੌਕੇ ਤੇ ਦੇਣ ਲਈ ਗਿਫਟ ਆਦਿ ਮਿਲਦੇ ਹਨ।

**ਹਾਲ ਵਿਚ ਡੈਕੋਰੇਸ਼ਨ ਦਾ ਪੂਰਾ ਪ੍ਰਬੰਧ ਹੈ।**

ਹਾਲ ਡੈਕੋਰੇਸ਼ਨ ਵਾਸਤੇ ਕਿਰਾਏ ਤੇ ਕੇਕ, ਆਰਚ, ਗਜ਼ੀਬੋ, ਫੁੱਲਾਂ ਦੀਆਂ ਟੋਕਰੀਆਂ ਅਤੇ ਹਰ ਲੋੜੀਂਦਾ ਸਾਮਾਨ ਹੈ। ਵੱਖ ਵੱਖ ਰੰਗਾਂ ਵਿਚ ਟੇਬਲਾਂ ਦੀਆਂ ਸਕੱਰਟਾਂ, ਕਪੜੇ, Streamers, Bells, Fans, Plume Pens, Guest Books, Ribbons, Candles, Candies ਅਤੇ ਕੇਕ ਮਿਲਦੇ ਹਨ।

ਹੋਰ ਜਾਣਕਾਰੀ ਲਈ:

ਮੈਨੇਜਰ:ਮੱਖਣ ਟੁੱਟ ਫਲੋਰੈਸਟ:ਗੁਰਬਖਸ਼ਕੌਰ ਦਿਉ।

ਹਰ ਪ੍ਰਕਾਰ ਦੀ ਇਨਸ਼ੋਰੈਂਸ ਲਈ

**ਪੰਜਾਬੀ ਮਾਰਕੀਟ ਦੇ ਸੱਭ ਤੋਂ ਭਰੋਸੇਯੋਗ ਇਨਸ਼ੋਰੈਂਸ ਦਫਤਰ**


ਦਲਜੀਤ ਸਿੰਘ ਸਿੱਧੂ

**S &S INSURANCE**
(Associated Professional Insurance Services Inc.)
**6656 Main St. (2nd Floor)**
**Vancouver, B.C.**
**Ph: 324 - 5711**

**Auto - Home - Commercial Insurance**

ਅਸੀਂ ਵਿਜ਼ਟਰਾਂ ਦੀ ਮੈਡੀਕਲ ਇਨਸ਼ੋਰੈਂਸ ਵੀ ਕਰਦੇ ਹਾਂ।

**Specializing in the finest**

East Indian Cuisine

Natraj Restaurant

&

Catering Services

Contact your famous Chef



TARLOK SACHDEVA
**5656 Fraser St.,**
(Between 40 & 41 Ave.)
**Ph: 327-6141**
**Now Open For Lunch**
**12 to 2:30 pm**
**Dinner Served**
**5 to 11 pm**

# ਸਰਗਰਮੀਆਂ

**21 ਮਾਰਚ, ਤਲਵੰਡੀ ਸਲੇਮ:** ਪੰਜ ਵਰ੍ਹੇ ਪਹਿਲਾਂ ਦਹਿਸ਼ਤਗਰਦਾਂ ਦੀਆਂ ਬੁਜ਼ਦਿਲ ਗੋਲੀਆਂ ਨੇ ਜਿਸ ਧਰਤੀ ਤੇ 'ਖੇਤਾਂ ਦੇ ਪੁੱਤ' ਤੇ ਪੰਜਾਬੀ ਸਾਹਿਤ ਦੇ ਗੌਰਵ ਪਾਸ਼ ਤੇ ਉਸਦੇ ਦੋਸਤ ਹੰਸਰਾਜ ਦੇ ਸਰੀਰ ਨੂੰ ਛਲਣੀ ਕਰ ਦਿੱਤਾ ਸੀ, ਉਸੇ ਧਰਤੀ ਤੇ ਖੇਤਾਂ ਦੇ ਸੈਂਕੜੇ ਪੁੱਤਾਂ ਨੇ ਆਪਣੇ ਵਿਛੜੇ ਸਾਥੀਆਂ ਨੂੰ ਰੋਹ ਭਰੇ ਅੰਦਾਜ਼ ਵਿਚ ਪਿਆਰ ਭਰੀ ਸ਼ਰਧਾਂਜਲੀ ਦੇ ਕੇ ਪਾਸ਼ ਦੇ ਇਨ੍ਹਾਂ ਬੋਲਾਂ ਨੂੰ ਸੱਚ ਕਰ ਦਿਖਾਇਆ 'ਤੂਫਾਨਾਂ ਨੇ ਕਦੇ ਵੀ ਮਾਤ ਨਹੀਂ ਖਾਧੀ'।

ਪਾਸ਼-ਹੰਸਰਾਜ ਯਾਦਗਾਰ ਕਮੇਟੀ ਅਤੇ ਪਾਸ਼ ਮੈਮੋਰੀਅਲ ਇੰਟਰਨੈਸ਼ਨਲ ਟਰਸਟ ਵੱਲੋਂ ਹਰ ਵਰ੍ਹੇ ਵਾਂਗ ਇਸ ਸਾਲ ਵੀ ਸ਼ਹੀਦਾਂ ਦੀ ਸ਼ਹਾਦਤ ਦੀ ਪੰਜਵੀ ਵਰ੍ਹੇ ਗੰਢ ਤੇ ਤਲਵੰਡੀ ਸਲੇਮ ਵਿਖੇ ਸ਼ਹੀਦੀ ਯਾਦਗਾਰ ਸਮਾਗਮ ਕੀਤਾ ਗਿਆ। ਪੂਰਾ ਪੰਡਾਲ ਪਾਸ਼ ਦੀਆਂ ਕਾਵਿ-ਟੂਕਾਂ ਨਾਲ ਸਜਾਇਆ ਗਿਆ ਸੀ ਅਤੇ ਮੰਚ ਤੇ ਪਾਸ਼-ਹੰਸਰਾਜ ਦੇ ਨਾਲ ਨਾਲ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਚਿੱਤਰ ਵੀ ਸੁਸ਼ੋਭਤ ਸੀ ਜਿਸਦੇ ਪਵਿੱਤਰ ਸ਼ਹੀਦੀ ਦਿਹਾੜੇ ਹੀ ਇਨ੍ਹਾਂ ਸੂਰਬੀਰਾਂ ਨੇ ਵੀ ਆਪਣੀ ਜਿੰਦ ਲੋਕਾਈ ਦੇ ਲੇਖੇ ਲਾਈ।

ਸਮਾਗਮ ਵਿਚ ਪਾਸ਼ ਦੇ ਗੀਤਾਂ ਤੇ ਨਜ਼ਮਾਂ ਨੂੰ ਵੱਖ ਵੱਖ ਗਾਇਕਾਂ ਤੇ ਕਲਮਦਾਰਾਂ ਨੇ ਗਾਇਆ। ਭਾਅ ਗੁਰਸ਼ਰਨ ਸਿੰਘ ਨੇ 'ਬੇਗਮੋ ਦੀ ਧੀ' ਤੇ ਹੋਰ ਨਾਟਕਾਂ ਰਾਹੀਂ ਚੇਤਨਾ ਨੂੰ ਟੁੰਬਿਆ। ਮਹਿੰਦਰ ਸ਼ਾਹਕੋਟ, ਜਸਪਾਲ ਜੱਸੀ, ਅਮੋਲਕ ਸਿੰਘ, ਮਹਿੰਦਰ ਸਿੰਘ ਸੰਧੂ ਤੇ ਮਾਸਟਰ ਸੁਦਰਸ਼ਨ ਕੁਮਾਰ ਹੋਰਾਂ ਵਿਛੜੇ ਹੀਰਿਆਂ ਨੂੰ ਨਿੱਘੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ।

ਏਸ ਮੌਕੇ ਵਿਸ਼ੇਸ਼ ਰੂਪ ਵਿਚ ਦੋ ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ। ਪਾਸ਼ ਪਰੰਪਰਾ ਦੇ ਨੌਜਵਾਨ ਸ਼ਾਇਰ ਸਵਰਾਜਬੀਰ ਦੁਆਰਾ ਰਚਿਤ ਇਸ ਦਿਨ ਦੇ ਮਹੱਤਵ ਨੂੰ ਸੰਬੋਧਤ ਕਾਵਿ-ਪੁਸਤਕ '23 ਮਾਰਚ' ਦੀ ਕਾਪੀ ਸਵਰਾਜਬੀਰ ਦੇ ਮਿੱਤਰ ਸੁਖਚੈਨਜੀਤ ਢਿੱਲੋਂ ਵੱਲੋਂ ਪਾਸ਼ ਮੈਮੋਰੀਅਲ ਟਰਸਟ ਦੇ ਭਾਰਤੀ ਮੈਂਬਰ ਤੇ ਜਮਹੂਰੀ ਅਧਿਕਾਰ ਸਭਾ, ਪੰਜਾਬ ਦੇ ਪ੍ਰਧਾਨ ਸ: ਮਹਿੰਦਰ ਸਿੰਘ ਸੰਧੂ ਹੁਰਾਂ ਨੂੰ ਭੇਟ ਕੀਤੀ ਗਈ। ਕੈਨੇਡਾ ਵਸੇ ਪੰਜਾਬੀ ਕਵੀ ਅਜਮੇਰ ਰੋਡੇ ਦੀ ਸੱਜਰੀ ਪ੍ਰਕਾਸ਼ਤ ਕਾਵਿ-ਪੁਸਤਕ 'ਸ਼ੁਭਚਿੰਤਨ' ਦੀ ਕਾਪੀ ਪ੍ਰਸਿੱਧ ਕਲਾ ਸਮੀਖਿਅਕ ਡਾ: ਸਰੋਜ ਚਮਨ ਨੇ ਨਾਟਕਕਾਰ ਅਤੇ ਪਾਸ਼ ਮੈਮੋਰੀਅਲ ਕੌਮਾਂਤਰੀ ਟਰਸਟ ਦੇ ਦੂਜੇ ਭਾਰਤੀ ਮੈਂਬਰ ਸ: ਗੁਰਸ਼ਰਨ ਸਿੰਘ ਨੂੰ ਭੇਟ ਕੀਤੀ।

ਇਨ੍ਹਾਂ ਦੋਵਾਂ ਪੁਸਤਕਾਂ ਦੀ ਜਾਣ-ਪਛਾਣ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਡਾ: ਚਮਨ ਲਾਲ ਵਲੋਂ ਕਰਵਾਈ ਗਈ। ਸਮਕਾਲੀ ਹਿੰਦੀ ਤੇ ਪੰਜਾਬੀ ਸਾਹਿਤ ਨਾਲ ਜੁੜੇ ਸਮੀਖਿਅਕ ਡਾ: ਚਮਨ ਲਾਲ ਹੁਰਾਂ ਨੇ ਕਿਹਾ ਕਿ ਸਵਰਾਜਬੀਰ ਨੇ ਸੁਚੇਤ ਰੂਪ ਵਿਚ ਆਪਣੇ ਆਪ ਨੂੰ ਪਾਸ਼ ਦੀ ਕਾਵਿ-ਪਰੰਪਰਾ ਨਾਲ ਜੋੜਿਆ ਹੈ ਅਤੇ '23 ਮਾਰਚ' ਦੀਆਂ ਸਾਰੀਆਂ ਕਵਿਤਾਵਾਂ ਹੀ ਪਾਸ਼ ਨੂੰ ਸਮਰਪਤ ਤੇ ਸੰਬੋਧਤ ਹਨ। ਉਨ੍ਹਾਂ ਕਿਹਾ ਕਿ ਅਜਮੇਰ ਰੋਡੇ ਦੀ ਕਵਿਤਾ ਵਿਚ ਭਾਰਤੀ ਮਿਥਿਹਾਸ ਨੂੰ ਮਨੁੱਖਵਾਦੀ ਨਜ਼ਰੀਏ ਤੋਂ ਤਰਕਪੂਰਵ ਢੰਗ ਨਾਲ ਪੇਸ਼ ਕਰਕੇ ਪੰਜਾਬੀ ਸ਼ਾਇਰੀ ਨੂੰ ਨਿਵੇਕਲਾ ਰੂਪ ਦਿੱਤਾ ਹੈ।

ਇਹ ਕਲਮਕਾਰ ਕੁੱਝ ਦੋਸਤਾਂ ਨਾਲ ਪਾਸ਼ ਦੇ ਪਰਿਵਾਰਕ ਘਰ, ਜਿਸਨੂੰ ਅੱਜ ਕੱਲ ਤਾਲਾ ਲੱਗਾ ਹੈ, ਵੀ ਗਿਆ ਹੈ ਤੇ ਘਰ ਦੇ ਲਾਗੇ ਹੀ ਉਨ੍ਹਾਂ ਖੇਤਾਂ ਵਿਚ ਤੇ ਟਿਊਬਵੈਲ ਤੇ ਵੀ, ਜਿੱਥੇ ਪੰਜ ਸਾਲਾਂ ਪਹਿਲਾਂ 'ਖੇਤਾਂ ਦੇ ਪੁੱਤ' ਦਾ ਖੂਨ ਖੇਤਾਂ ਵਿਚ ਹੀ ਜਜ਼ਬ ਹੋ ਗਿਆ ਸੀ ਤੇ ਜਿੱਥੇ ਫਸਲਾਂ ਲਹਿਲਹਾ ਰਹੀਆਂ ਸਨ। ਬਿਨਾ ਸ਼ੱਕ ਪਾਸ਼ ਦੇ ਵਿਚਾਰ ਤੇ ਕਵਿਤਾ ਵੀ ਆਪਣੇ ਤੂਫਾਨੀ ਵੇਗ ਨਾਲ ਫਿਰ ਉਨ੍ਹਾਂ ਫਸਲਾਂ ਤੇ ਖੇਤਾਂ ਦੇ ਅੰਗ ਸੰਗ ਹੋਵੇਗੀ।

**-ਡਾ: ਚਮਨ ਲਾਲ, ਪਟਿਆਲਾ**

**17 ਅਪ੍ਰੈਲ, '93,ਬਾਲਟੀਮੋਰ (ਅਮਰੀਕਾ):** ਅਮਰੀਕਾ ਦੇ ਪੂਰਬ 'ਚ ਵਸੇ ਸ਼ਹਿਰ ਬਾਲਟੀਮੋਰ (ਮੈਰੀਲੈਂਡ) ਵਿਚ 17 ਅਪਰੈਲ ਦੀ ਸ਼ਾਮ ਇਕ ਅਭੁੱਲ ਸ਼ਾਮ ਹੋ ਨਿਬੜੀ ਜਦੋਂ ਰਵਿੰਦਰ ਸਹਿਰਾਅ ਦੇ ਘਰ 45 ਦੇ ਕਰੀਬ ਸਰੋਤਿਆਂ ਦੀ ਹਾਜਰੀ ਵਿਚ ਨਿਊ ਜਰਸੀ, ਨਿਊਯਾਰਕ ਤੇ ਟਰਾਂਟੋ ਤੋਂ ਆਏ ਸ਼ਾਇਰਾਂ ਦੀ ਸ਼ਿਰਕਤ ਨਾਲ ਸ਼ਾਮ ਦੇ ਘੁਸਮੁਸੇ 'ਚ ਸ਼ਾਇਰੀ ਦਾ ਗੁਲਾਬੀ ਰੰਗ ਬਿਖਰਦਾ ਰਿਹਾ।

ਪ੍ਰੋਗਰਾਮ ਸ਼ੁਰੂ ਕਰਦਿਆਂ ਪੰਜਾਬੀ ਸੁਸਾਇਟੀ ਬਾਲਟੀਮੋਰ ਸਕੱਤਰ ਸ਼੍ਰੀ ਮਤੀ ਅਮਰਜੀਤ ਕੌਰ ਸਹਿਰਾਅ ਨੇ ਆਏ ਕਵੀਆਂ ਤੇ ਸਰੋਤਿਆਂ ਨੂੰ ਜੀਅ ਆਇਆਂ ਕਿਹਾ। ਕਵਿਤਾਵਾਂ ਦੇ ਦੌਰ ਵਿਚ ਰਜਿੰਦਰ ਜਿੰਦ, ਡਾ: ਸੁਖਪਾਲ ਸੰਘੇੜਾ, ਦਲਜੀਤ ਮੋਖਾ, ਸ਼੍ਰੀ ਮਨੋਹਰ ਸਿੰਘ ਮਾਰਕੋ, ਰਣਧੀਰ ਸਿੰਘ, ਸ਼੍ਰੀ ਇਕਬਾਲ ਰਾਮੂਵਾਲੀਆ (ਭਾਲੀ ਗਿੱਲ) ਅਤੇ ਰਵਿੰਦਰ ਸਹਿਰਾਅ ਨੇ ਕਵਿਤਾਵਾਂ ਸੁਣਾਈਆਂ।

ਪ੍ਰੋਗਰਾਮ ਦੇ ਅੰਧ 'ਚ ਬਲਬੀਰ ਮੋਮੀ ਨੇ ਹਿੰਦ-ਪਾਕਿ ਵੰਡ ਸਮੇਂ ਦੀ ਬਹੁਤ ਹੀ ਦਰਦਮਈ ਕਹਾਣੀ 'ਕੌੜੀ ਗਿਰੀ' ਸੁਣਾਈ। ਬਲਜੀਤ ਸਿੰਘ, ਗੁਰਜਤਿੰਦਰ ਕੌਰ ਬਖਸ਼ੀ ਤੇ ਅਮਰਜੀਤ ਕੌਰ ਸਹਿਰਾਅ ਨੇ ਗੀਤ ਸੁਣਾਏ ਅਤੇ ਕਾਕਾ ਜਗਮੋਹਣ ਸਿੰਘ ਨੇ ਸ਼ਿਵ ਦੀ ਨਜ਼ਮ ਪੜੀ। ਜੁਗਿੰਦਰ ਮਾਣਾ ਨੇ ਹਿੰਦੀ 'ਚ ਹਾਸਰਸ ਕਵਿਤਾ ਪੜ੍ਹੀ। ਅਮਰ ਬਾਜਵਾ ਨੇ ਚੁਟਕਲਿਆਂ ਨਾਲ ਰੰਗ ਬੰਨ੍ਹੀ ਰੱਖਿਆ।

ਸ਼ਾਇਦ ਅਮਰੀਕਾ ਦੀ ਧਰਤੀ ਤੇ ਆਪਣੀ ਕਿਸਮ ਦਾ ਇਹ ਪਹਿਲਾ ਕਵੀ ਦਰਬਾਰ ਸੀ ਜੋ ਆਪਣੀਆਂ ਮਿੱਠੀਆਂ ਯਾਦਾਂ ਸਰੋਤਿਆਂ ਦੇ ਮਨਾਂ ਤੇ ਛੱਡ ਗਿਆ। ਅੰਤ ਵਿਚ ਪੰ: ਸੁ: ਦੇ ਪ੍ਰਧਾਨ ਸ਼੍ਰੀ ਚਰਨਜੀਤ ਸਿੰਘ ਬਖਸ਼ੀ ਨੇ ਆਏ ਕਵੀਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।

**-ਰਵਿੰਦਰ ਸਹਿਰਾਅ**

**1 ਮਈ, 1993, ਵੈਨਕੂਵਰ:** ਪੰਜਾਬੀ ਲੇਖਕ ਮੰਚ ਵੈਨਕੂਵਰ ਵੱਲੋਂ ਕਿਲਾਰਨੀ ਕਮਿਊਨਿਟੀ ਸੈਂਟਰ ਦੇ ਹਾਲ ਵਿਚ ਕੈਨੇਡੀਅਨ ਪੰਜਾਬੀ ਲੇਖਕ ਅਜਮੇਰ ਰੋਡੇ ਦੀ ਬਹੁ ਚਰਚਿਤ ਕਾਵਿ-ਪੁਸਤਕ 'ਸ਼ੁਭਚਿੰਤਨ' ਰਿਲੀਜ਼ ਕੀਤੀ ਗਈ। ਸਮਾਗਮ ਦੁਪਹਿਰ ਤਿੰਨ ਵਜੇ ਸ਼ੁਰੂ ਹੋਇਆ ਅਤੇ ਇਸਦੇ ਦੌਰਾਨ ਅਜਮੇਰ ਹੁਰਾਂ ਨੇ ਇਹ ਪੁਸਤਕ ਆਪਣੀ ਮਾਤਾ ਸ੍ਰੀ ਮਤੀ ਸ਼ਾਮ ਕੌਰ ਜੀ ਨੂੰ ਆਦਰ ਸਹਿਤ ਭੇਟ ਕੀਤੀ।

ਮੰਚ ਦੇ ਕੋਆਰਡੀਨੇਟਰ ਸ਼੍ਰੀ ਬਲਦੇਵ ਦੂਹੜੇ ਨੇ ਇਸ ਮੌਕੇ ਉਪਰ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਭਾਵੇਂ ਸਮਕਾਲੀ ਸਥਿਤੀਆਂ ਵਿਚ ਪੰਜਾਬੀ ਸਾਹਿਤ ਰਚਨਾ ਵਿਚ ਲੇਖਕ ਦਾ ਪ੍ਰਗਤੀਵਾਦੀ ਕਦਰਾਂ ਕੀਮਤਾਂ ਦਾ ਧਾਰਨੀ ਹੋਣਾ ਜਾਂ ਉਨ੍ਹਾਂ ਕਦਰਾਂ ਦਾ ਲਿਖਤਾਂ ਵਿਚ ਪ੍ਰਗਟਾਵਾ ਕਰਨ ਦੀ ਕਿਰਿਆ ਉਸਦੇ ਵਧੀਆ ਸਾਹਿਤਕਾਰ ਹੋਣ ਦਾ ਸਬੂਤ ਮੰਨ ਲਏ ਜਾਣ ਦੀ ਪਰੰਪਰਾ ਪੈ ਰਹੀ ਹੈ ਪ੍ਰੰਤੂ ਅਜਮੇਰ ਦੀ ਇਹ ਰਚਨਾ ਸਿੱਧੇ ਤੌਰ ਤੇ ਪ੍ਰਗਤੀਵਾਦੀ ਨਾ ਹੁੰਦੀ ਹੋਈ ਵੀ ਮਾਨਵਵਾਦੀ ਕਦਰਾਂ ਕੀਮਤਾਂ ਨੂੰ ਕਲਾਤਮਕ ਛੋਹਾਂ ਦੇ ਕੇ ਪੇਸ਼ ਕਰਦੀ ਹੈ ਜੋ ਕਿ ਇਸਦੀ ਕਲਾਤਮਕ ਪ੍ਰਾਪਤੀ ਹੈ।

'ਵਤਨ' ਦੇ ਸਹਿ ਸੰਪਾਦਕ ਸੁਖਵੰਤ ਹੁੰਦਲ ਨੇ ਇਸ ਮੌਕੇ ਉਪਰ ਬੋਲਦਿਆਂ ਕਿਹਾ ਕਿ ਅਜਮੇਰ ਦੀ ਰਚਨਾ ਵਿਚ ਪਾਣੀ ਦੇ ਡਿਗਦੇ ਝਰਨੇ ਵਾਲਾ ਸ਼ੋਰ ਸ਼ਰਾਬਾ ਅਤੇ ਸਤਹੀਪਨ ਨਾ ਹੋ ਕੇ ਕਿਸੇ ਵਿਸ਼ਾਲ ਝੀਲ ਵਰਗੀ ਸ਼ਾਂਤੀ/ਸਹਿਜਤਾ ਅਤੇ ਡੂੰਘਾਪਨ ਹੈ।

ਇਸ ਦੇ ਦੌਰਾਨ ਨਰਿੰਦਰ ਭਾਗੀ ਨੇ ਦੋ ਨਜ਼ਮਾ ਦੀ ਕਲਾਤਮਿਕ ਪੇਸ਼ਕਾਰੀ ਨੇ ਸਮਾਗਮ ਦੀ ਸੰਜ਼ੀਦਗੀ ਵਿਚ ਵਾਧਾ ਕੀਤਾ ਅਤੇ ਜ਼ਹੀਨ ਗਾਇਕਾ ਸ਼ਸ਼ੀ ਵਿਰਕ ਨੇ ਅਜਮੇਰ ਰੋਡੇ ਦੀ ਇਕ ਗਜ਼ਲ ਕਮਾਲ ਦੀ ਖੂਬਸੂਰਤੀ ਨਾਲ ਗਾਕੇ ਪੇਸ਼ ਕੀਤੀ। ਇਸ ਤੋਂ ਉਪਰੰਤ ਅਜਮੇਰ ਹੁਰਾਂ ਨੇ ਇਸ ਪੁਸਤਕ ਵਿਚੋਂ ਕੁੱਝ ਕਵਿਤਾਵਾਂ ਅਤੇ ਵਾਰਤਕ ਦੇ ਟੁਕੜੇ ਪੜ੍ਹਕੇ ਸੁਣਾਏ, ਜਿਨ੍ਹਾਂ ਦਾ ਸਰੋਤਿਆਂ ਨੇ ਭਰਪੂਰ ਆਨੰਦ ਮਾਣਿਆ। ਉਪਸਥਿਤ ਸਰੋਤਿਆਂ ਵਿਚ ਟਰਾਂਟੋ ਦੇ ਲੇਖਕ ਨਵਤੇਜ ਭਾਰਤੀ ਅਤੇ ਵੈਨਕੂਵਰ ਦੇ ਰੂਡੀ ਪੈਨਰ ਅਤੇ ਉਨ੍ਹਾਂ ਵਰਗੇ ਕੁੱਝ ਹੋਰ ਅੰਗ੍ਰੇਜ਼ੀ ਦੇ ਲੇਖਕ ਵੀ ਸ਼ਾਮਿਲ ਸਨ। ਅੰਤ ਵਿਚ ਪੰਜਾਬੀ ਲੇਖਕ ਮੰਚ ਵਲੋਂ ਚਾਹ ਪਾਣੀ ਦਾ ਵੀ ਪ੍ਰਬੰਧ ਕੀਤਾ ਗਿਆ ਸੀ।

**-ਅਮਨਪਾਲ ਸਾਰਾ**

**29 ਮਈ, 1993, ਸੈਲਮਾ, ਕੈਲੇਫੋਰਨੀਆਂ:** ਪੰਜਾਬੀ ਸਾਹਿਤ ਸਭਾ (ਕੈਲੇਫੋਰਨੀਆਂ) ਦੀ ਮੀਟਿੰਗ ਸੁਰਿੰਦਰ ਸਿੰਘ ਸੀਰਤ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਦੀ

ਖਾਸ ਮਹੱਤਤਾ ਇਹ ਸੀ ਕਿ ਇਸ ਵਿਚ ਇਕ ਤਾਂ ਸਭਾ ਦੇ ਸੰਵਿਧਾਨ ਬਾਰੇ ਨਿਰਣਾ ਲਿਆ ਗਿਆ; ਦੂਸਰਾ ਸੁਪ੍ਰਸਿੱਧ ਕਹਾਣੀਕਾਰਾ ਸ੍ਰੀਮਤੀ ਬਚਿੰਤ ਕੌਰ ਜੀ ਦਾ ਸਨਮਾਨ ਕੀਤਾ ਗਿਆ।

ਮੀਟਿੰਗ ਦਾ ਆਗਾਜ਼ ਕਰਦਿਆਂ ਸ੍ਰੀ ਹਰਜਿੰਦਰ ਕੰਗ ਨੇ ਆਏ ਲੇਖਕਾਂ/ਸਰੋਤਿਆਂ ਨੂੰ ਜੀ ਆਇਆਂ ਆਖਿਆ। ਪ੍ਰਿੰ: ਸੁਜਾਨ ਸਿੰਘ, ਤਾਰਾ ਸਿੰਘ ਕਾਮਲ ਤੇ ਸੁਹੇਲ ਸਿੰਘ ਦੇ ਸਦੀਵੀ ਵਿਛੋੜੇ 'ਤੇ ਸਭਾ ਵਲੋਂ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ। ਇਕ ਮਿੰਟ ਦਾ ਮੌਨ ਸਾਧ ਕੇ ਵਿਛੜੇ ਅਦੀਬਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਮੀਟਿੰਗ ਦੇ ਸੰਚਾਲਕ ਜਨਾਬ ਸੁਖਵਿੰਦਰ ਕੰਬੋਜ ਨੇ ਸਭਾ ਦੀ ਅਗਲੀ ਕਾਰਵਾਈ ਨੂੰ ਵਿਧੀਬੱਧ ਰੂਪ 'ਚ ਸ਼ੁਰੂ ਕਰਨ ਤੋਂ ਪਹਿਲਾਂ ਯੂਬਾ ਸਿਟੀ ਯੂਨਿਟ ਦੀ ਗੈਰਹਾਜ਼ਰੀ ਨੂੰ ਅਸ਼ੁੱਭ ਸ਼ਗਨ ਦੱਸਦਿਆਂ ਅਫ਼ਸੋਸ ਪ੍ਰਗਟ ਕੀਤਾ। ਹਾਜ਼ਰੀਨ ਵੀ ਯੂਬਾ ਸਿਟੀ ਤੋਂ ਕਿਸੇ ਵੀ ਮੈਂਬਰ ਦੇ ਨਾ ਪੁੱਜਣ ਤੇ ਗਿਲ੍ਹਾ ਗ੍ਰਸਤ ਸਨ ਕਿਉਂਕਿ ਇਸ ਵਰ੍ਹੇ ਦੀਆਂ ਗਤੀਵਿਧੀਆਂ ਦੀ ਵਾਗਡੋਰ ਉਹਨਾਂ ਕੋਲ ਹੈ। ਐਸੇ ਮੌਕੇ ਤੇ ਇਕ ਵੀ ਮੈਂਬਰ ਦਾ ਸ਼ਰੀਕ ਨਾ ਹੋਣਾ ਸਭ ਨੂੰ ਸ਼ਿਕਵੇ ਵਾਂਗ ਰੜਕਦਾ ਰਿਹਾ।

ਸ੍ਰੀ ਸੁਰਿੰਦਰ ਸਿੰਘ ਸੀਰਤ ਨੇ ਸਭਾ ਦੇ ਸੰਵਿਧਾਨ ਬਾਰੇ ਵਿਸਥਾਰ ਸਹਿਤ ਦੱਸਿਆ। ਰਜ਼ਾਮੰਦੀ ਨਾਲ ਇਹ ਫੈਸਲਾ ਲਿਆ ਗਿਆ ਕਿ ਪੰਦਰਾਂ ਦਿਨਾਂ ਦੇ ਵਿਚ ਵਿਚ ਸੰਵਿਧਾਨ ਪ੍ਰਤੀ ਸਬੰਧਿਤ ਸਭਾਵਾਂ ਆਪਣੇ ਸੁਝਾਅ ਸ੍ਰੀ ਸੁਰਿੰਦਰ ਸਿੰਘ ਸੀਰਤ ਨੂੰ ਭੇਜ ਸਕਦੀਆਂ ਹਨ। ਨਹੀਂ ਤਾਂ ਮੌਜੂਦਾ ਸੰਵਿਧਾਨ ਸਭਾ ਰਜਿਸਟਰ ਕਰਾ ਦੇਏਗੀ।

ਪਹਿਲੇ ਸੈਸ਼ਨ ਦੀ ਅਗਲੀ ਕੜੀ ਵਿਚ ਡਾ: ਗੁਰਮੇਲ ਸਿੱਧੂ ਹੁਰਾਂ ਮੁੱਖ ਮਹਿਮਾਨ ਸ੍ਰੀਮਤੀ ਬਚਿੰਤ ਕੌਰ ਦੀ ਸ਼ਖ਼ਸੀਅਤ ਤੇ ਸਾਹਿਤਕ ਸਫ਼ਰ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਉਹਨਾਂ ਦੀਆਂ ਪੰਜਾਬੀ ਕਹਾਣੀਆਂ ਦੀਆਂ 21 ਕਿਤਾਬਾਂ, ਬਲੌਰੀ ਹੰਝੂ (ਕਵਿਤਾ), ਜੀਵਤ ਮਾਟੀ ਹੋਏ (ਨਾਵਲ), ਗੁੱਡੀਆਂ ਪਟੋਲੇ (ਬਾਲ ਸਾਹਿਤ), ਪਗਡੰਡੀਆਂ (ਸਵੈ-ਜੀਵਨੀ) ਅਤੇ ਕਈ ਹੋਰ ਕਿਤਾਬਾਂ ਸਰਕਾਰ ਵਲੋਂ ਵੀ ਛਾਪੀਆਂ ਗਈਆਂ ਹਨ। ਕੁੱਝ ਕਿਤਾਬਾਂ ਵੱਖ ਵੱਖ ਯੂਨੀਵਰਸਿਟੀਆਂ ਵਿਚ ਪੜ੍ਹਾਈਆਂ ਜਾਂਦੀਆਂ ਹਨ। ਕਈ ਕਿਤਾਬਾਂ ਪੰਜਾਬੀ ਸਾਹਿਤ ਅਕਾਦਮੀ ਵਲੋਂ ਮਾਨਤਾ ਪ੍ਰਾਪਤ ਹਨ। ਰੂਸੀ ਅਤੇ ਭਾਰਤੀ ਜ਼ੁਬਾਨਾਂ ਵਿਚ ਕੁੱਝ ਕਿਤਾਬਾਂ ਦਾ ਉਲਥਾ ਹੋ ਚੁੱਕਾ ਹੈ। 'ਜੀਵਤ ਮਾਟੀ ਹੋਏ' ਨਾਵਲ 'ਦਰੋਪਤੀ' ਨਾਂ ਹੇਠ ਅੰਗਰੇਜ਼ੀ ਵਿਚ ਅਤੇ 'ਮਾਟੀ' ਨਾਂ ਹੇਠ ਹਿੰਦੀ, ਉਰਦੂ ਅਤੇ ਕਈ ਹੋਰ ਭਾਸ਼ਾਵਾਂ ਵਿਚ ਛਪਿਆ ਹੈ।

ਸੁਖਵਿੰਦਰ ਕੰਬੋਜ ਨੇ ਬਚਿੰਤ ਕੌਰ ਦੀਆਂ ਕੁੱਝ ਕਹਾਣੀਆਂ ਬਾਰੇ ਚਰਚਾ ਕਰਦਿਆਂ ਕਿਹਾ ਕਿ 'ਢੁੱਬਲ ਦੀ ਅੱਗ' ਕਹਾਣੀ ਵਿਚ ਬੜੀ ਖੂਬਸੂਰਤੀ ਨਾਲ ਇਕ ਫੌਜੀ ਦੇ ਅੰਤਰਮਨ ਦਾ ਚਿਤਰਣ ਕੀਤਾ ਗਿਆ ਹੈ। 'ਸੁਮਨ-ਬੇਲਾ' ਕਹਾਣੀ ਵਿਚ ਔਰਤ-ਮਰਦ ਦੇ ਦਵੰਦਾਤਮਕ ਰਿਸ਼ਤੇ ਦਾ ਵਿਸ਼ਲੇਸ਼ਣ ਹੈ। ਇਸ ਉਪਰੰਤ ਡਾ: ਗੁਰਮੇਲ ਸਿੱਧੂ ਨੇ 101 ਡਾਲਰ ਅਤੇ ਇਕ ਸ਼ਾਲ ਨਾਲ ਬਚਿੰਤ ਕੌਰ ਨੂੰ ਸਭਾ ਵਲੋਂ ਸਨਮਾਨਿਤ ਕੀਤਾ।

ਸੁਰਿੰਦਰ ਸਿੰਘ ਸੀਰਤ ਨੇ ਕਿਹਾ ਕਿ ਮੇਰੇ ਅਨੁਭਵ ਅਨੁਸਾਰ ਬਚਿੰਤ ਕੌਰ ਦੀਆਂ ਕਹਾਣੀਆਂ ਵਿਚ ਮਰਦ ਨੂੰ ਖਲਨਾਇਕ ਵਜੋਂ ਹੀ ਪੇਸ਼ ਕੀਤਾ ਗਿਆ ਹੈ। ਇਸਦਾ ਸਪਸ਼ਟੀਕਰਨ ਦਿੰਦਿਆਂ ਬਚਿੰਤ ਕੌਰ ਨੇ ਆਖਿਆ ਕਿ ਮੇਰੀਆਂ ਕਹਾਣੀਆਂ ਵਿਚ ਔਰਤ-ਮਰਦ ਦੇ ਰਿਸ਼ਤੇ ਸਬੰਧੀ ਕੋਈ ਪਾਂਸਕ ਨਹੀਂ ਹੈ। ਮਰਦ ਦੇ ਦੁਖਾਂਤ ਔਰਤ ਦੇ ਦੁਖਾਂਤਾਂ ਨਾਲੋਂ ਘੱਟ ਨਹੀਂ ਭਾਵੇਂ ਉਹਨਾਂ ਦਾ ਰੰਗ-ਰੂਪ ਵੱਖਰਾ ਹੈ। ਆਪਣੇ ਬਾਰੇ ਹੋਰ ਜਾਣਕਾਰੀ ਦਿੰਦਿਆਂ ਬਚਿੰਤ ਕੌਰ ਨੇ ਦੱਸਿਆ ਕਿ ਉਸਦੀ ਪਹਿਲੀ ਕਹਾਣੀ 'ਦੀਵਿਆਂ ਵਾਲੀ ਰਾਤ' ਸੀ ਜਿਹੜੀ ਕਿ ਉਸਨੇ ਬਚਨ ਕੌਰ ਨਾਂ ਹੇਠ ਛਪਾਈ ਸੀ। ਆਪਣੀਆਂ ਸ਼ੁਰੂ ਦੀਆਂ ਕਹਾਣੀਆਂ ਵਿਚ ਉਸਨੇ ਆਪਣੇ ਪਤੀ ਨੂੰ ਹੀ ਖਲਨਾਇਕ ਵਜੋਂ ਪੇਸ਼ ਕੀਤਾ ਹੈ। ਔਰਤ-ਮਰਦ ਦੇ ਰਿਸ਼ਤੇ ਨੂੰ ਲੈ ਕੇ ਇਕ ਲੰਮੀ ਤੇ ਭਖਵੀਂ ਬਹਿਸ ਹੋਈ।

ਦੂਸਰੇ ਸੈਸ਼ਨ ਵਿਚ ਜਰਨੈਲ ਸਿੰਘ ਚੰਦੀ ਨੇ 'ਬ੍ਰਾਹਮਣਵਾਦ, ਸਿੱਖ ਇਨਕਲਾਬ ਤੇ ਨਵੇਂ ਮਨੁੱਖ ਦੀ ਸਿਰਜਣਾ' ਵਿਚੋਂ ਇਕ ਲੇਖ ਪੜ੍ਹਕੇ ਸੁਣਾਇਆ। ਜਿਸਤੇ ਉਸਾਰੂ ਸੁਝਾਅ ਦਿੱਤੇ ਗਏ। ਉਭਰ ਰਹੀ ਕਹਾਣੀਕਾਰਾ ਸ੍ਰੀ ਮਤੀ ਪਰਵੇਜ ਸੰਧੂ ਨੇ ਆਪਣੀ ਕਹਾਣੀ 'ਉਡਾਰੀ' ਲਈ ਖੂਬ ਪ੍ਰਸੰਸਾ ਖੱਟੀ। ਅਮਰਜੀਤ ਦਰਦੀ ਦੀ ਕਹਾਣੀ 'ਪੁਲਿਸ ਮੁਕਾਬਲਾ' ਵੀ ਸਲਾਹੀ ਗਈ। ਬਚਿੰਤ ਕੌਰ ਦੀ ਕਹਾਣੀ 'ਬੇੜ੍ਹਕੀਆਂ' ਤਹਿਤ ਡਾ: ਗੁਰੂਮੇਲ ਸਿੱਧੂ ਨੇ ਸੁਝਾਅ ਦਿੱਤਾ ਕਿ ਸ਼ਬਦ 'ਬੇੜ੍ਹਕੀਆਂ' ਦੀ ਵਿਸ਼ਾਲਤਾ ਦੇ ਸਨਮੁੱਖ ਕਹਾਣੀ ਦਾ ਪ੍ਰਸੰਗ ਸੁੰਗੜਿਆ ਹੋਇਆ ਜਾਪਦਾ ਹੈ।

ਆਖਰੀ ਸੈਸ਼ਨ ਵਿਚ ਕਵੀ ਦਰਬਾਰ ਸਜਾਇਆ ਗਿਆ ਜਿਸ ਵਿਚ ਡਾ: ਗੁਰੂਮੇਲ ਸਿੱਧੂ, ਸੁਖਵਿੰਦਰ ਕੰਬੋਜ, ਹਰਜਿੰਦਰ ਕੰਗ, ਸੁਰਿੰਦਰ ਸੀਰਤ, ਸ਼ਸ਼ੀ ਸਮੁੰਦਰਾ, ਸੁਖਦਰਸ਼ਨ ਧਾਰੀਵਾਲ, ਜਰਨੈਲ ਚੰਦੀ, ਗੁੱਡੀ ਸਿੱਧੂ, ਬਚਿੰਤ ਕੌਰ, ਜਰਨੈਲ ਬਹਿੰਦਰਪੁਰੀ, ਮੁਹੰਮਦ ਅਸਰਫ਼ ਗਿੱਲ, ਕੁਲਵੰਤ ਸੇਖੋਂ, ਮਨਜੀਤ ਮੀਤ, ਦਲਜੀਤ ਰਿਆੜ ਅਤੇ ਪਰਦੀਪ ਸਿੰਘ ਨੇ ਹਿੱਸਾ ਲਿਆ।

–ਹਰਜਿੰਦਰ ਕੰਗ

---

### ਸਫ਼ਾ 51 ਦੀ ਬਾਕੀ

ਰਿਸ਼ਤੇ ਕੋਈ ਆਦਰਸ਼ਕ ਰਿਸ਼ਤੇ ਨਹੀਂ ਹਨ ਪਰ ਸਾਡੇ ਬਾਕੀ ਦੇ ਜੀਵਨ ਵਿਚ ਹੁਣ ਇਹ ਹੀ ਰਿਸ਼ਤੇ ਮੌਜੂਦ ਹਨ ਤੇ ਨਿੱਤ ਨਵੇਂ ਹੋ ਰਹੇ ਹਨ। ਇਹਨਾਂ ਦਾ ਬਦਲ ਲੱਭਣ ਦੀ ਕੋਸ਼ਿਸ਼ ਜਾਰੀ ਰਹਿਣੀ ਚਾਹੀਦੀ ਹੈ ਪਰ ਜਿੰਨਾਂ ਚਿਰ ਇਹਨਾਂ ਦਾ ਬਦਲ ਲੱਭ ਨਹੀਂ ਲਿਆ ਜਾਂਦਾ ਉਨਾਂ ਚਿਰ ਅਸੀਂ ਇਸ ਸਚਾਈ ਤੋਂ ਅੱਖਾਂ ਮੀਟ ਕੇ ਕਿਸ ਤਰ੍ਹਾਂ ਜੀ ਸਕਦੇ ਹਾਂ?)।

ਮੌਜੂਦਾ ਹਾਲਤ ਵਿਚ ਸਾਨੂੰ ਕਿਸੇ ਨਵੇਂ ਤਰਕ ਦੇ ਸਹਾਰੇ ਕਿਸੇ ਤਰ੍ਹਾਂ ਇਸ ਸਥਿਤੀ ਨੂੰ ਸੁਖਾਵੀਂ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਕਿ ਲੇਖਕ ਜਾਂ ਪਰਚਿਆਂ ਦੇ ਸੰਪਾਦਕਾਂ ਵਲੋਂ ਲੈ ਗਏ ਫੈਸਲਿਆਂ ਨੂੰ ਦੋਸਤੀਆਂ ਦੁਸ਼ਮਣੀਆਂ ਦੀ ਨਜ਼ਰ ਨਾਲ ਦੇਖਣ ਪਰਖਣ ਤੋਂ ਬਚਾ ਹੋ ਸਕੇ। ਸਾਨੂੰ ਇਹ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਜਿਸ ਤਰ੍ਹਾਂ ਲੇਖਕ ਦੇ ਆਪਣੀ ਲਿਖਤ ਦੇ ਸੰਬੰਧ ਵਿਚ ਕੁਝ ਹੱਕ ਹਨ ਕਿ ਉਸਨੇ ਆਪਣੀ ਕਿਹੋ ਜਿਹੀ ਲਿਖਤ ਕਦੋਂ ਅਤੇ ਕਿਹੜੇ ਥਾਂ ਛਪਵਾਉਣੀ ਹੈ ਉਸੇ ਤਰ੍ਹਾਂ ਪਰਚਿਆਂ ਨੂੰ ਵੀ ਇਹ ਹੱਕ (ਭਾਵੇਂ ਸੀਮਤ ਹੀ ਸਹੀ) ਹੋਣਾ ਚਾਹੀਦਾ ਹੈ ਕਿ ਉਹ ਕੀ ਛਾਪਣ ਤੇ ਕੀ ਨਾ ਛਾਪਣ। ਭਾਵੇਂ ਇਹ ਹੱਕ ਹੁਣ ਵੀ ਹਾਸਿਲ ਹੈ ਪਰ ਜਦੋਂ ਕਦੀ ਸੰਪਾਦਕਾਂ ਵਲੋਂ ਇਸ ਹੱਕ ਦੀ ਵਰਤੋਂ ਕਿਸੇ ਲੇਖਕ ਨੂੰ ਅਸੁਖਾਵੀਂ ਲੱਗਦੀ ਹੈ ਤਾਂ ਉਹ ਇਸ ਬਾਰੇ ਸੰਜੀਦਾ ਲਿਖਤੀ ਵਿਚਾਰ ਵਟਾਂਦਰੇ ਨਾਲ ਆਪਣਾ ਪੱਖ ਪੇਸ਼ ਕਰਨ ਦੀ ਜਗ੍ਹਾ ਦੋਸਤੀਆਂ ਦੁਸ਼ਮਣੀਆਂ ਵਾਲੀਆਂ ਕਦਰਾਂ ਕੀਮਤਾਂ ਦੇ ਨਜ਼ਰੀਏ ਨਾਲ ਇਸਨੂੰ ਮਾਪਣ ਤੋਲਣ ਲੱਗਦਾ ਹੈ ਤਾਂ ਸਾਰੇ ਕੰਮ ਦਾ ਸੁਆਦ ਕਿਰਕਿਰਾ ਹੋ ਕੇ ਰਹਿ ਜਾਂਦਾ ਹੈ। ਇਸ ਤੋਂ ਵੀ ਵੱਧ ਜੋ ਨੁਕਸਾਨ ਸਾਹਿਤ ਤੇ ਬੋਲੀ ਦਾ ਹੁੰਦਾ ਹੈ ਉਸਦਾ ਅੰਦਾਜ਼ਾ ਵੀ ਨਹੀਂ ਲਾਇਆ ਜਾ ਸਕਦਾ। ਬੜੀ ਛੇਤੀ ਆ ਰਹੀ ਨਵੀਂ ਸਦੀ ਨਾਲ ਸਾਨੂੰ ਵੀ ਕੁਝ ਇਕ ਕਦਮ ਪੁੱਟਣ ਦੀ ਜ਼ਰੂਰਤ ਹੈ ਤਾਂਕਿ ਅਸੀਂ ਆਪਣੀ, ਆਪਣੀ ਬੋਲੀ ਦੀ, ਆਪਣੇ ਸਾਹਿਤ ਤੇ ਸਭਿਆਚਾਰ ਦੀ ਬਣਦੀ ਇਜ਼ਤ ਕਰ, ਕਰਵਾ ਸਕੀਏ।

ਇਸ ਸੰਪਾਦਕੀ ਵਿਚ ਵਿਚਾਰੇ ਗਏ ਨੁਕਤੇ ਹਰ ਸੰਜੀਦਾ ਲੇਖਕ ਪਾਠਕ ਦੇ ਧਿਆਨ ਦੀ ਮੰਗ ਕਰਦੇ ਹਨ ਤੇ ਅਸੀਂ ਆਸ ਕਰਦੇ ਹਾਂ ਕਿ ਉਹ ਇਸ ਸੰਬੰਧੀ **ਲਿਖਤੀ ਰੂਪ** (ਜਾਤੀ ਤੌਰ ਤੇ ਮਿਲਣ ਵੇਲੇ ਜਾਂ ਫੋਨ ਉੱਪਰ ਕੀਤੇ ਵਿਚਾਰ ਵਿਟਾਂਦਰੇ ਦੂਜੇ ਪਾਠਕਾਂ ਤੱਕ ਨਹੀਂ ਪਹੁੰਚਦੇ) ਵਿਚ ਆਪਣੇ ਵਿਚਾਰ ਵਤਨ ਤੱਕ ਪਹੁੰਚਾਣਗੇ।

**ਸਫਾ 2 (ਸੰਪਾਦਕੀ) ਦੀ ਬਾਕੀ**

ਆਪਣੇ ਢੰਗ ਨਾਲ ਸ਼ਬਦ-ਜੋੜ ਲਿਖਣਾ ਹੈ। ਸਾਡਾ ਖਿਆਲ ਹੈ ਕਿ ਵਤਨ ਨੂੰ ਲਿਖਤਾਂ ਭੇਜਣ ਵਾਲੇ ਲੇਖਕ ਜੇ ਆਪਣੀਆਂ ਲਿਖਤਾਂ ਦਾ ਇਕ ਇਕ ਸ਼ਬਦ-ਜੋੜ ਦੇਖ ਕੇ ਅਤੇ ਠੀਕ ਲਿਖ ਕੇ ਭੇਜਣ ਤਾਂ ਵਤਨ ਵਿਚ ਸ਼ਬਦ-ਜੋੜਾਂ ਦੀਆਂ ਗਲਤੀਆਂ ਨੂੰ ਕਾਫੀ ਹੱਦ ਤੱਕ ਠੀਕ ਕੀਤਾ ਜਾ ਸਕਦਾ ਹੈ।

ਲੇਖਕਾਂ ਕੋਲੋਂ ਇਹ ਸਹਿਯੋਗ ਮੰਗਣ ਪਿਛੇ ਸਾਡੇ ਕੁਝ ਅਮਲੀ ਕਾਰਨ ਹਨ। ਮੁੱਖ ਕਾਰਨ ਸਾਡੇ ਕੋਲ ਪ੍ਰਾਪਤ ਵਸੀਲਿਆਂ ਦੀ ਸੀਮਤਾ ਦਾ ਹੈ। ਜੇ ਅਸੀਂ ਪੰਜਾਬ ਜਾਂ ਹਿੰਦੋਸਤਾਨ ਦੇ ਹੋਰ ਹਿੱਸਿਆਂ ਤੋਂ ਛਪਣ ਵਾਲੇ ਪਰਚਿਆਂ ਨਾਲ ਆਪਣਾ ਮੁਕਾਬਲਾ ਕਰੀਏ ਤਾਂ ਇਹ ਤੱਥ ਸਾਹਮਣੇ ਆਉਂਦੇ ਹਨ: ਹਿੰਦੁਸਤਾਨ ਵਿਚ ਮਜ਼ਦੂਰੀ ਸਸਤੀ ਹੋਣ ਕਰਕੇ ਜਾਂ ਪਰਚੇ ਦੇ ਸੰਪਾਦਕਾਂ ਕੋਲ ਕਈ ਤਰ੍ਹਾਂ ਦੇ ਹੋਰ ਵਸੀਲੇ ਹੋਣ ਕਾਰਨ, ਉਹ ਪਰਚੇ ਨਾਲ ਸੰਬੰਧਤ ਕਈ ਕੰਮ ਦੂਜੇ ਲੋਕਾਂ ਕੋਲੋਂ ਕਰਵਾ ਲੈਂਦੇ ਹਨ ਜਾਂ ਕਰਵਾਉਣਯੋਗ ਹੁੰਦੇ ਹਨ। ਪਰ ਸਾਡੇ ਕੋਲ ਅਜਿਹੀ ਕੋਈ ਸਹੂਲਤ ਨਹੀਂ। ਸਾਨੂੰ ਲਿਖਤ ਨੂੰ ਰੀਸੀਵ ਕਰਨ (ਜਿਸ ਵਿਚ ਲੇਖਕਾਂ ਕੋਲੋਂ ਲਿਖਤ ਲੈਣ ਲਈ ਲੋੜੀਂਦੇ ਫੋਨ ਤੇ ਸਨੇਹੇ ਵੀ ਸ਼ਾਮਿਲ ਹਨ), ਛਾਪਣ ਲਈ ਚੁਨਣ, ਟਾਈਪ ਕਰਨ, ਪਰੂਫਰੀਡ ਕਰਨ, ਲੇਅ ਆਊਟ ਕਰਨ, ਪਰਚੇ ਨੂੰ ਪਰੈਸ ਵਿਚ ਲਿਜਾਣ, ਪ੍ਰੈਸ ਵਿਚੋਂ ਲਿਆਉਣ, ਪਰਚਿਆਂ ਤੇ ਐਡਰਸ ਕਰਨ ਅਤੇ ਡਾਕ ਵਿਚ ਪਾਉਣ, ਪਰਚੇ ਲਈ ਲੋੜੀਂਦੇ ਪੈਸਿਆਂ ਦਾ ਪ੍ਰਬੰਧ ਕਰਨ (ਜਿਹਦੇ ਵਿਚ ਪਾਠਕਾਂ ਕੋਲੋਂ ਚੰਦੇ ਮੰਗਣ - ਆਪ ਚੰਦਾ ਦੇਣ ਵਾਲੇ ਪਾਠਕ ਅਜੇ ਗਿਣਵੇਂ ਹੀ ਹਨ - ਵਪਾਰੀਆਂ ਕੋਲੋਂ ਇਸ਼ਤਿਹਾਰ ਲੈਣ ਤੇ ਦੋਸਤਾਂ ਮਿੱਤਰਾਂ ਕੋਲੋਂ ਮਦਦ ਮੰਗਣੀ ਵੀ ਸ਼ਾਮਿਲ ਹੈ) ਤੱਕ ਦੇ ਸੱਭ ਕੰਮ ਆਪ ਹੀ ਕਰਨੇ ਪੈਂਦੇ ਹਨ। ਇਸ ਲਈ ਸਾਡੇ ਕੋਲ ਨਾ ਹੋਣ ਵਰਗੇ ਸਾਧਨ ਹੋਰ ਸੀਮਤ ਹੋ ਜਾਂਦੇ ਹਨ ਅਤੇ ਅਸੀਂ ਕਈ ਕੁੱਝ ਕਰਨਾ ਚਾਹੁੰਦੇ ਹੋਏ ਵੀ ਕਰ ਨਹੀਂ ਸਕਦੇ।

ਇਕ ਹੋਰ ਗੱਲ ਜਿਹੜੀ ਅਸੀਂ ਲੇਖਕਾਂ ਨਾਲ ਸਾਂਝੀ ਕਰਨੀ ਚਾਹੁੰਦੇ ਹਾਂ ਉਹ ਹੈ ਕਿ ਵਤਨ ਦੇ ਸਫਿਆਂ ਦੀ ਸਹੀ ਤਰ੍ਹਾਂ ਵਰਤੋਂ ਕਰਨ ਲਈ ਅਸੀਂ ਵਤਨ ਵਿਚ ਉਹ ਹੀ ਲਿਖਤਾਂ ਛਾਪਣ ਦਾ ਫੈਸਲਾ ਕੀਤਾ ਹੈ ਜੋ ਪਹਿਲਾਂ ਕਿਤੇ ਹੋਰ ਤਾਂ ਛਪੀਆਂ ਨਾ ਹੋਣ। ਪਹਿਲਾਂ ਛਪੀ ਹੋਈ ਰਚਨਾ ਅਸੀਂ ਉਹ ਹੀ ਛਾਪਦੇ ਹਾਂ ਜਿਸਦੀ ਕੋਈ ਖਾਸ ਮਹੱਤਤਾ ਹੋਵੇ ਤੇ ਇਹ ਫੈਸਲਾ ਅਸੀਂ ਆਪ ਕਰਦੇ ਹਾਂ। ਕਈ ਲੇਖਕ ਆਪਣੀ ਲਿਖਤ ਸਾਨੂੰ ਵੀ ਭੇਜ ਦਿੰਦੇ ਹਨ ਤੇ ਹੋਰ ਅਖਬਾਰਾਂ ਰਸਾਲਿਆਂ ਨੂੰ ਵੀ। ਅਖਬਾਰਾਂ ਕਿਉਂਕਿ ਰੋਜ ਛਪਦੀਆਂ ਹਨ ਅਤੇ ਕਈ ਰਸਾਲੇ ਮਹੀਨੇ ਬਾਅਦ ਪਰ ਵਤਨ ਤਿੰਨ ਮਹੀਨਿਆਂ ਬਾਅਦ ਛਪਦਾ ਹੈ ਇਸ ਲਈ ਉਹ ਲਿਖਤਾਂ ਦੂਜੇ ਅਖਬਾਰਾਂ ਰਸਾਲਿਆਂ ਵਿਚ ਪਹਿਲਾਂ ਛਪ ਜਾਂਦੀਆਂ ਹਨ। ਕਿਉਂਕਿ ਵਤਨ ਦੇ ਪਾਠਕਾਂ ਦਾ ਕੁਝ ਹਿੱਸਾ ਉਹ ਅਖਬਾਰਾਂ ਰਸਾਲੇ ਵੀ ਪੜ੍ਹਦਾ ਹੈ ਇਸ ਲਈ ਉਹ ਉਹਨਾਂ ਰਚਨਾਵਾਂ ਨੂੰ ਪਹਿਲਾਂ ਹੀ ਪੜ੍ਹ ਲੈਂਦੇ ਹਨ। ਇਹ ਦੇਖਦਿਆਂ ਹੋਇਆਂ ਉਸ ਰਚਨਾ ਨੂੰ ਵਤਨ ਵਿਚ ਛਾਪਣਾ ਸਾਡੇ ਖਿਆਲ ਵਿਚ ਠੀਕ ਨਹੀਂ।

ਇਸ ਲਈ ਸਾਡੀ ਬੇਨਤੀ ਹੈ ਕਿ ਲੇਖਕ ਸਾਨੂੰ ਉਹ ਹੀ ਰਚਨਾ ਭੇਜਣ ਜੋ ਉਹਨਾਂ ਨੇ ਹੋਰ ਕਿਧਰੇ ਛਪਣ ਲਈ ਨਹੀਂ ਭੇਜੀ। ਜੇ ਉਹ ਰਚਨਾ ਦੂਜੇ ਥਾਂ ਵੀ ਛਪਣ ਲਈ ਭੇਜਦੇ ਹਨ ਤਾਂ ਉਹ ਇਸ ਗੱਲ ਤੋਂ ਸਾਨੂੰ ਜਾਣੂ ਕਰਵਾ ਦੇਣ ਤਾਂਕਿ ਉਸ ਰਚਨਾ ਬਾਰੇ ਅਸੀਂ ਉਸ ਆਧਾਰ ਤੇ ਫੈਸਲਾ ਕਰ ਸਕੀਏ। ਵਤਨ ਲਈ ਲਾਉਣ ਵਾਲੇ ਸਮੇਂ ਦੀ ਸਦਾ ਕਿੱਲਤ ਰਹਿੰਦੀ ਹੈ ਇਸ ਲਈ ਵਤਨ ਲਈ ਲਾਏ ਗਏ ਵਕਤ ਨੂੰ ਬੜੇ ਸੰਜਮ ਨਾਲ ਵਰਤਣਾਂ ਚਾਹੁੰਦੇ ਹਾਂ। ਉਦਾਹਰਣ ਵਜੋਂ ਇਸ ਹਥਲੇ ਅੰਕ ਲਈ ਅਸੀਂ ਦੋ ਰਚਨਾਵਾਂ ਨੂੰ ਟਾਈਪ ਕਰਨ ਅਤੇ ਪਰੂਫ-ਰੀਡ ਕਰਨ ਤੇ 8-9 ਘੰਟੇ ਲਾਏ। ਪਰ ਵਤਨ ਦੇ ਪ੍ਰੈਸ ਵਿਚ ਜਾਣ ਤੋਂ ਕੁੱਝ ਦਿਨ ਪਹਿਲਾਂ ਸਾਨੂੰ ਪਤਾ ਲੱਗਾ ਕਿ ਉਹ ਰਚਨਾਵਾਂ ਕਿਸੇ ਹੋਰ ਥਾਂ ਛੱਪ ਗਈਆਂ ਹਨ। ਇਸ ਲਈ ਉਹ ਰਚਨਾਵਾਂ ਸਾਨੂੰ ਰੋਕਣੀਆਂ ਪਈਆਂ ਅਤੇ ਸਾਡੇ 8-9 ਘੰਟੇ ਅੰਜਾਈ ਹੀ ਗਏ। ਇਸ ਲਈ ਇਸ ਮਾਮਲੇ ਵਿਚ ਵੀ ਤੁਹਾਡੇ ਸਹਿਯੋਗ ਦੀ ਬਹੁਤ ਲੋੜ ਹੈ।

ਸੰਪਾਦਕੀ ਦੇ ਸੰਬੰਧ ਵਿਚ ਆਖਰੀ ਗੱਲ ਇਹ ਹੈ ਕਿ ਪਰਚਿਆਂ ਦੇ ਸੰਪਾਦਕਾਂ ਦਾ ਅਤੇ ਲੇਖਕਾਂ ਦਾ ਆਪਸੀ ਰਿਸ਼ਤਾ ਕਿਸ ਤਰ੍ਹਾਂ ਨਿਰਧਾਰਿਤ (ਡਿਫਾਈਨ) ਕੀਤਾ ਜਾਵੇ। ਹੁਣ ਤੱਕ ਪੰਜਾਬੀ ਵਿਚ ਚਲਦਾ ਇਹ ਚੁੱਟਕਲਾ ਕਿ 'ਜੇ ਦੁਸ਼ਮਣ ਬਣਾਉਣੇ ਹੋਣ ਤਾਂ ਪੰਜਾਬੀ ਵਿਚ ਪਰਚਾ ਕੱਢਣਾ ਸ਼ੁਰੂ ਕਰ ਦਿਓ', ਹੀ ਕਾਫੀ ਹੱਦ ਤੱਕ ਇਸ ਮਾਮਲੇ ਵਿਚ ਸਚਾਈ ਦਾ ਧਾਰਨੀ ਰਿਹਾ ਹੈ। ਇਸ ਸਚਾਈ ਦੀ ਹੋਂਦ ਦਾ ਕਾਰਨ ਸਾਡੀ ਵਿਵੇਕਹੀਣ (ਇਰਰੈਸ਼ਨਲ) ਸੋਚ ਹੀ ਕਹੀ ਜਾ ਸਕਦੀ ਹੈ। ਜਿੰਨਾ ਚਿਰ ਅਸੀਂ ਚੇਤੰਨ ਤੌਰ ਤੇ ਇਸ ਵਿਵੇਕਹੀਣਤਾ ਤੋਂ ਖਿੱਛਾ ਛੁਡਾਉਣ ਦੀ ਲਗਾਤਾਰ ਕੋਸ਼ਿਸ਼ ਨਹੀਂ ਕਰਦੇ, ਉਨਾਂ ਚਿਰ ਸਾਹਿਤ ਦੇ ਸੰਦਰਭ ਵਿਚ ਵੀ ਗੱਲ 'ਦੁਸ਼ਮਣੀਆਂ' ਤੇ 'ਦੋਸਤੀਆਂ' ਦੇ ਜਗੀਰੂ ਪਹਿਲੂਆਂ ਦੁਆਲੇ ਹੀ ਘੁੰਮਦੀ ਰਹਿਣੀ ਹੈ। ਏਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਕਈ ਅਮਲੀ ਅੜਚਣਾਂ ਹਨ ਜਿਹੜੀਆਂ ਇਨ੍ਹਾਂ ਹਾਲਤਾਂ ਨੂੰ ਬਦਲਣ ਵਿਚ ਮੁਸ਼ਕਿਲਾਂ ਬਣਦੀਆਂ ਹਨ, ਜਿਨ੍ਹਾਂ ਵਿਚੋਂ ਇਕ ਇਹ ਹੈ ਕਿ ਪੰਜਾਬੀ ਪਰਚੇ ਅਜੇ ਤੱਕ ਲੇਖਕ ਨੂੰ ਉਸਦੀ ਲਿਖਤ ਦੀ ਕੀਮਤ (ਮਾਇਕ ਪੱਖੋਂ) ਨਹੀਂ ਦੇ ਰਹੇ। ਮੰਡੀ ਦੇ ਇਸ ਰਿਸ਼ਤੇ ਦੀ ਅਣਹੋਂਦ ਕਾਰਨ ਦੋਸਤੀਆਂ ਦੁਸ਼ਮਣੀਆਂ ਦੇ ਰਿਸ਼ਤੇ ਸੁਖਾਂਵੀਆਂ, ਅਸੁਖਾਂਵੀਆਂ ਸਥਿਤੀਆਂ ਪੈਦਾ ਕਰਦੇ ਰਹਿੰਦੇ ਹਨ। ਜਦੋਂ ਪਰਚੇ ਲੇਖਕ ਨੂੰ ਉਸਦੀ ਲਿਖਤ ਦੀ ਕੀਮਤ ਦੇਣ ਲੱਗ ਪਏ ਇਹ ਸਥਿਤੀ ਆਪਣੇ ਆਪ ਤਬਦੀਲ ਹੋਣੀ ਸ਼ੁਰੂ ਹੋ ਜਾਣੀ ਹੈ ਤੇ ਫੇਰ ਦੋਸਤੀਆਂ ਦੁਸ਼ਮਣੀਆਂ ਦੇ ਨਵੇਂ ਅਰਥ ਸਥਾਪਤ ਹੋ ਜਾਣੇ ਹਨ (ਅਸੀਂ ਇਹ ਗੱਲ ਮੰਨਦੇ ਹਾਂ ਕਿ ਮੰਡੀ ਦੇ

**ਬਾਕੀ ਸਫਾ 50 'ਤੇ**

ਪਿਛਲੇ ਕੁੱਝ ਮਹੀਨਿਆਂ ਦੌਰਾਨ ਪੰਜਾਬੀ ਦੇ ਸਾਹਿਤਕ ਅਤੇ ਪੱਤਰਕਾਰੀ ਦੇ ਜਗਤ ਦੀਆਂ ਤਿੰਨ ਕੀਮਤੀ ਸ਼ਖਸੀਅਤਾਂ- **ਕਹਾਣੀਕਾਰ ਸੁਜਾਨ ਸਿੰਘ**, ਕਵੀ ਤਾਰਾ ਸਿੰਘ ਕਾਮਲ, ਅਤੇ ਪੱਤਰਕਾਰ ਸੁਹੇਲ ਸਿੰਘ- ਮੌਤ ਕਾਰਨ ਸਾਡੇ ਕੋਲੋਂ ਵਿਛੜ ਗਈਆਂ ਹਨ। ਕਹਾਣੀਕਾਰ ਸੁਜਾਨ ਸਿੰਘ ਦੀ ਪੰਜਾਬੀ ਕਹਾਣੀ ਨੂੰ ਇਕ ਵੱਡਮੁੱਲੀ ਦੇਣ ਹੈ ਅਤੇ ਉਹਨਾਂ ਦੀ ਕਹਾਣੀਆਂ ਲੋਕਾਂ ਦੇ ਦੁੱਖ ਦਰਦ ਅਤੇ ਸੰਘਰਸ਼ ਨੂੰ ਚਿਤਰਦੀਆਂ ਸਨ। ਜਿਸ ਤਰ੍ਹਾਂ ਦੇ ਦੁੱਖ ਦਰਦ ਅਤੇ ਸੰਘਰਸ਼ ਵਿਚੋਂ ਉਹਨਾਂ ਦੇ ਕਹਾਣੀਆਂ ਦੇ ਪਾਤਰ ਗੁਜ਼ਰਦੇ ਸਨ, ਸੁਜਾਨ ਸਿੰਘ ਹੁਰੀਂ ਆਪਣੇ ਨਿਜੀ ਜੀਵਨ ਵਿਚ ਉਸ ਤਰ੍ਹਾਂ ਦੀਆਂ ਹਾਲਤਾਂ ਵਿਚ ਦੀ ਬਿਨਾਂ ਕੋਈ ਸ਼ਿਕਵਾ ਕੀਤੇ ਲੰਘੇ। ਪੰਜਾਬੀ ਕਹਾਣੀ ਦੇ ਇਸ ਥੰਮ ਦੀ ਮੌਤ ਨਾਲ ਪੰਜਾਬੀ ਸਾਹਿਤ ਜਗਤ ਨੂੰ ਇਕ ਨਾ ਸਹਿਣ ਵਾਲਾ ਘਾਟਾ ਪਿਆ ਹੈ।

**ਤਾਰਾ ਸਿੰਘ ਕਾਮਲ** ਬਹੁਤ ਹੀ ਖੂਬਸੂਰਤ ਅਤੇ ਬਿਨਾਂ ਕਿਸੇ ਸਮਝੌਤੇ ਦੇ ਸੱਚ ਭਰੀ ਕਵਿਤਾ ਲਿਖਣ ਵਾਲਾ ਸ਼ਾਇਰ ਸੀ। ਹੁਣ ਜਦੋਂ ਇਹ ਪ੍ਰਤਿਭਾਸ਼ੀਲ ਸ਼ਾਇਰ ਇਸ ਦੁਨੀਆਂ ਵਿਚ ਨਹੀਂ ਰਿਹਾ ਤਾਂ ਪੰਜਾਬੀ ਸਾਹਿਤ ਜਗਤ ਵਿਚ ਉਸਦੀ ਘਾਟ ਸਦਾ ਮਹਿਸੂਸ ਕੀਤੀ ਜਾਇਆ ਕਰੇਗੀ।

**ਸੁਹੇਲ ਸਿੰਘ**, ਸੰਪਾਦਕ ਲੋਕ ਲਹਿਰ, ਉਹਨਾਂ ਪੱਤਰਕਾਰਾਂ ਵਿਚੋਂ ਸਨ ਜਿਹਨਾਂ ਆਪਣਾ ਸਾਰਾ ਜੀਵਨ ਲੋਕਪੱਖੀ ਪੱਤਰਕਾਰੀ ਦੇ ਲੇਖੇ ਲਾਇਆ ਹੈ। ਸੁਹੇਲ ਸਿੰਘ ਲਈ ਪੱਤਰਕਾਰੀ ਦਾ ਮਤਲਬ ਲੋਕਾਂ ਦੇ ਹੱਕ, ਸੱਚ ਅਤੇ ਨਿਆਂ ਦੀ ਵਕਾਲਤ ਕਰਨਾ ਸੀ। ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਉਹਨਾਂ ਦੀ ਇਸ ਦੇਣ ਨੂੰ ਸਦਾ ਹੀ ਯਾਦ ਰੱਖਿਆ ਜਾਵੇਗਾ।

**- ਅਦਾਰਾ ਵਤਨ**

**WATAN**
P.O. Box 67681 Stn.'O'
Vancouver, B.C. V5W 3V2

*S. No. 16, Vol. 4*
No. 4; Spring, 93
Apr./May./June.1993




ਪੰਜਾਬੀ ਲੇਖਕ ਮੰਚ ਵੈਨਕੂਵਰ ਵਲੋਂ ਅਜਮੇਰ ਰੋਡੇ ਦੀ ਕਿਤਾਬ 'ਸ਼ੂੰਭ-ਚਿੰਤਨ ਦੇ ਰੀਲੀਜ਼ ਦਾ ਸਮਾਗਮ




ਸ਼ਹੀਦਾਂ ਦੀ ਯਾਦ ਵਿਚ ਤਲਵੰਡੀ ਸਲੇਮ ਵਿਖੇ ਹੋਏ ਸਮਾਗਮ ਵਿਚ ਗੁਰਸ਼ਰਨ ਸਿੰਘ ਅਜਮੇਰ ਰੋਡੇ ਦੀ ਕਿਤਾਬ ਰਲਿਜ਼ ਕਰਦੇ ਹੋਏ



ਬਾਲਟੀਮੋਰ, ਅਮਰੀਕਾ ਵਿਚ ਰਵਿੰਦਰ ਸਹਿਰਾਅ ਦੇ ਘਰ ਹੋਏ ਸਾਹਿਤਕ ਇਕੱਠ ਸਮੇਂ ਜੁੜੇ ਪੰਜਾਬੀ ਸਾਹਿਤਕਾਰ

Watan (The Country) is a literary and cultural quarterly of Punjabi - the mother tongue of East Punjab (India) and West Punjab (Pakistan) - published by Watan Publications. Watan covers wide range of issues through creative and academic writings. These include art, literature, culture, theatre, social and political issues mainly of concern to the Indo-Canadian Commnuity. The contributors include well-known Punjabi writers throughout the world.

ਵਤਨ

ਤਿੰਨ ਡਾਲਰ